॥ ਅਰਦਾਸ ॥

॥ ਪਉੜੀ ॥

ਸਦ ਬਲਿਹਾਰੀ ਤਿਨਾ ਜਿ ਸੁਨਤੇ ਹਰਿ ਕਥਾ ॥ ਪੂਰੇ ਤੇ ਪਰਧਾਨ ਨਿਵਾਵਹਿ ਪ੍ਰਭ ਮਥਾ ॥
ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ ॥ ਚਰਨ ਪੁਨੀਤ ਪਵਿਤ੍ਰ ਚਾਲਹਿ ਪ੍ਰਭ ਪਥਾ ॥
ਸੰਤਾਂ ਸੰਗਿ ਉਧਾਰੁ ਸਗਲਾ ਦੁਖੁ ਲਥਾ ॥ (੭੦੯)

ਅੰਗ ੧੯੧ = ਗਉੜੀ ਮਹਲਾ ੫ ॥ਕਲਿ ਕਲੇਸ ਗੁਰ ਸਬਦਿ ਨਿਵਾਰੇ ॥ ਆਵਣ ਜਾਣ ਰਹੇ ਸੁਖ ਸਾਰੇ ॥੧॥ (ਹੇ ਭਾਈ!) ਗੁਰੂ ਦੇ ਸ਼ਬਦ ਨੇ (ਮਾਨਸਕ) ਝਗੜੇ ਤੇ ਦੁਖ ਦੂਰ ਕਰ ਦਿਤੇ ਹਨ।(ਜਿਸ ਸ਼ਬਦ ਦੀ ਬਰਕਤ ਨਾਲ) ਜਨਮ ਮਰਣ ਦੇ ਗੇੜ ਮੁੱਕ ਗਏ ਅਤੇ ਸੁਖ ਪ੍ਰਾਪਤ ਹੋ ਗਏ ਹਨ।੧।

ਭੈ ਬਿਨਸੇ, ਨਿਰਭਉ ਹਰਿ ਧਿਆਇਆ ॥ ਸਾਧ ਸੰਗਿ ਹਰਿ ਕੇ ਗੁਣ ਗਾਇਆ ॥੧॥ਰਹਾਉ॥ (ਜਦ) ਸਾਧ ਸੰਗਤ ਵਿਚ (ਬੈਠ ਕੇ) ਹਰੀ ਦੇ ਗੁਣ ਗਾਏ ਅਤੇ ਭੈ ਰਹਿਤ ਵਾਹਿਗੁਰੂ ਨੂੰ ਧਿਆਇਆ ਤਾਂ (ਸਾਰੇ ਕਿਸਮ ਦੇ) ਭੈ ਨਾਸ਼ ਹੋ ਗਏ।੧।ਰਹਾਉ।

ਚਰਨ ਕਵਲ ਰਿਦ ਅੰਤਰਿ ਧਾਰੇ ॥ ਅਗਨਿ ਸਾਗਰ ਗੁਰਿ ਪਾਰਿ ਉਤਾਰੇ ॥੨॥ (ਜਿਨ੍ਹਾਂ ਪੁਰਖਾਂ ਨੇ) ਹਰੀ ਦੇ ਚਰਨ ਕਮਲ ਹਿਰਦੇ ਵਿਚ ਟਿਕਾ ਲਏ ਹਨ।ਗੁਰੂ ਨੇ (ਉਹ) ਅੱਗ ਦੇ ਸਮੁੰਦਰ (ਸੰਸਾਰ) ਤੋਂ ਪਾਰ ਲੰਘਾ ਦਿਤੇ ਹਨ।੨।

ਬੂਡਤ ਜਾਤ ਪੂਰੈ ਗੁਰਿ ਕਾਢੇ ॥ ਜਨਮ ਜਨਮ ਕੇ ਟੂਟੇ ਗਾਢੇ ॥੩॥ (ਅੱਗ ਦੇ ਸਾਗਰ ਵਿਚ ਸਾਨੂੰ) ਡੁਬਦੇ ਜਾਂਦਿਆਂ ਨੂੰ ਪੂਰੇ ਗੁਰੂ ਨੇ (ਬਾਂਹੋਂ ਫੜ ਕੇ ਬਾਹਰ ਮੋਖ ਰੂਪ ਕਿਨਾਰੇ ਤੇ) ਕੱਢ ਲਿਆ।ਜਨਮਾਂ ਜਨਮਾਂਤਰਾਂ ਤੋਂ ਵਾਹਿਗੁਰੂ ਤੋਂ ਟੁੱਟੇ ਹੋਏ ਸਾਂ, (ਗੁਰੂ ਨੇ ਸਾਨੂੰ ਵਾਹਿਗੁਰੂ ਨਾਲ) ਜੋੜ ਦਿਤਾ।੩।

ਕਹੁ ਨਾਨਕ ਤਿਸੁ ਗੁਰ ਬਲਿਹਾਰੀ ॥ ਜਿਸੁ ਭੇਟਤ, ਗਤਿ ਭਈ ਹਮਾਰੀ ॥੪॥੫੬॥੧੨੫॥ ਗੁਰੂ ਜੀ ਆਖਦੇ ਹਨ ਕਿ ਮੈਂ ਉਸ ਗੁਰੂ ਤੋਂ ਬਲਹਾਰ ਜਾਂਦਾ ਹਾਂ।ਜਿਸ (ਗੁਰੂ) ਨੂੰ ਮਿਲਣ ਕਰਕੇ ਸਾਡੀ (ਸਾਰਿਆਂ ਦੀ) ਮੁਕਤੀ ਹੋ ਗਈ ਹੈ।੪।੫੬।੧੨੫।

ਪਦਾਰਥ = ਕਲਿ–ਮਾਨਸਕ ਝਗੜੇ।ਨਿਵਾਰੇ–ਦੂਰ ਕੀਤੇ।ਰਹੇ–ਮੁੱਕ ਗਏ।੧।ਬਿਨਸੇ–ਨਾਸ਼ ਹੋ ਗਏ।੧।ਰਹਾਉ।ਚਰਨ ਕਮਲ–ਕਮਲ ਫੁੱਲ ਵਰਗੇ ਕੋਮਲ ਤੇ ਸੁੰਦਰ ਚਰਨ।ਧਾਰੇ–ਟਿਕਾਏ।ਅਗਨਿ ਸਾਗਰ–(ਤਪਾਉਣ ਵਾਲੇ ਦੁਖਾਂ ਨਾਲ ਭਰਿਆ) ਸੰਸਾਰ ਸਮੁੰਦਰ।ਪਾਰਿ ਉਤਾਰੇ–ਪਾਰ ਲੰਘਾ ਦਿਤੇ।੨।ਬੂਡਤ ਜਾਤ–ਡੁਬਦੇ ਜਾਂਦਿਆਂ ਨੂੰ।ਕਾਢੇ–ਕੱਢ ਲਿਆ।ਗਾਢੇ–ਜੋੜ ਦਿਤੇ।੩। ਭੇਟਤ–ਮਿਲਣ ਕਰਕੇ।ਗਤਿ–ਮੁਕਤੀ; ਉਚੀ ਆਤਮਕ ਅਵਸਥਾ।ਹਮਾਰੀ–ਸਾਡੀ।੪।੫੬।੧੨੫।

ਗਉੜੀ ਮਹਲਾ ੫ ॥ ਸਾਧ ਸੰਗਿ ਤਾ ਕੀ ਸਰਨੀ ਪਰਹੁ ॥ ਮਨੁ ਤਨੁ ਅਪਨਾ ਆਗੈ ਧਰਹੁ ॥੧॥ (ਹੇ ਭਾਈ!) ਸਾਧ ਸੰਗਤ ਵਿਚ ਮਿਲ ਕੇ ਉਸ (ਪ੍ਰਭੂ) ਦੀ ਸ਼ਰਨ ਵਿਚ ਪੈ ਜਾਓ।ਅਪਣਾ ਮਨ ਤਨ ਪ੍ਰਭੂ ਅੱਗੇ ਧਰ (ਭੇਟਾ ਕਰ) ਦਿਓ।੧।

ਅੰਮ੍ਰਿਤ ਨਾਮੁ ਪੀਵਹੁ ਮੇਰੇ ਭਾਈ ॥ ਸਿਮਰਿ ਸਿਮਰਿ ਸਭ ਤਪਤਿ ਬੁਝਾਈ ॥੧॥ਰਹਾਉ॥ ਹੇ ਮੇਰੇ ਭਾਈ! (ਸਾਧ ਸੰਗਤ ਵਿਚ ਬੈਠ ਕੇ ਪ੍ਰਭੂ ਦਾ) ਅੰਮ੍ਰਿਤ ਨਾਮ ਪੀਵੋ।(ਕਿਉਂਕਿ ਜਿਸ ਪੁਰਖ ਨੇ ਵੀ ਨਾਮ ਸਿਮਰਿਆ ਹੈ, ਉਸ ਨੇ ਮਨ ਤਨ ਕਰਕੇ) ਸਿਮਰ ਸਿਮਰ ਕੇ (ਵਿਸ਼ੇ ਵਿਕਾਰਾਂ ਦੀ) ਸਾਰੀ ਸੜਨ ਬੁਝਾ ਲਈ ਹੈ।੧।ਰਹਾਉ।

ਤਜਿ ਅਭਿਮਾਨੁ ਜਨਮ ਮਰਣੁ ਨਿਵਾਰਹੁ ॥ ਹਰਿ ਕੇ ਦਾਸ ਕੇ ਚਰਣ ਨਮਸਕਾਰਹੁ ॥੨॥ (ਨਾਮ ਅਭਿਆਸ ਨਾਲ) ਹੰਕਾਰ ਛਡ ਕੇ (ਅਪਣਾ) ਜਨਮ ਮਰਣ ਦੂਰ ਕਰ ਲਵੋ।ਹਰੀ ਦੇ ਦਾਸਾਂ ਦੇ ਚਰਣਾਂ ਵਿਚ ਨਮਸਕਾਰ ਕਰੋ (ਦਾਸਾਂ ਦੀ ਸੰਗਤ ਕਰੋ)।੨।

ਸਾਸਿ ਸਾਸਿ ਪ੍ਰਭੁ ਮਨਹਿ ਸਮਾਲੇ ॥ ਸੋ ਧਨੁ ਸੰਚਹੁ ਜੋ ਚਾਲੈ ਨਾਲੇ ॥੩॥ ਪ੍ਰਭੂ ਨੂੰ ਸੁਆਸ ਸੁਆਸ ਮਨ ਵਿਚ ਯਾਦ ਕਰੋ।ਉਹ ਨਾਮ ਧਨ ਇਕੱਠਾ ਕਰੋ, ਜੋ (ਅੰਤ ਸਮੇਂ ਪ੍ਰਲੋਕ ਨੂੰ ਤਹਾਡੇ) ਨਾਲ ਚੱਲੇ।੩।

ਤਿਸਹਿ ਪਰਾਪਤਿ ਜਿਸੁ ਮਸਤਕਿ ਭਾਗੁ ॥ ਕਹੁ ਨਾਨਕ ਤਾਕੀ ਚਰਣੀ ਲਾਗੁ ॥੪॥੫੭॥੧੨੬॥ (ਇਹ ਨਾਮ ਧਨ) ਉਸ ਨੂੰ ਪ੍ਰਾਪਤ ਹੁੰਦਾ ਹੈ, ਜਿਸ ਮਨੁੱਖ ਦੇ ਮੱਥੇ ਉਤੇ ਚੰਗੇ ਭਾਗ ਹਨ।ਗੁਰੂ ਜੀ ਆਖਦੇ ਹਨ ਕਿ (ਹੇ ਭਾਈ! ਤੂੰ) ਉਸ ਪੁਰਖ ਦੀ ਚਰਣੀ ਲੱਗ (ਜਿਸ ਨੂੰ ਨਾਮ ਧਨ ਪ੍ਰਾਪਤ ਹੋਇਆ ਹੈ)।੪।੫੭।੧੨੬॥

All Rights Reserved by Harjinder Singh Gyani | www.GuruGranthVakhyaan.org

ਪਦਾਰਥ = ਤਾ ਕੀ–ਉਸ (ਪ੍ਰਭੂ) ਦੀ।ਪਰਹੁ–ਪੈ ਜਾਓ।ਧਰਹੁ–ਧਰ (ਭੇਟਾ ਕਰ) ਦਿਓ।੧।ਮੇਰੇ ਭਾਈ–ਹੇ ਮੇਰੇ ਭਾਈ!।ਤਪਤਿ –(ਵਿਕਾਰਾਂ ਦੀ) ਸੜਨ।੧।ਰਹਾਉ।ਤਜਿ–ਛੱਡ ਕੇ।ਨਿਵਾਰਹੁ–ਦੂਰ ਕਰੋ।ਨਮਸਕਾਰਹੁ–ਸਿਰ ਨਿਵਾਓ।੨।ਮਨਹਿ–ਮਨ ਵਿਚ ।ਸਮਾਲੇ (ਸਮਾਲਿ)–ਯਾਦ ਕਰ; ਸਾਂਭ ਕੇ ਰੱਖ।ਸੋ–ਉਹ।ਸੰਚਹੁ–ਇਕੱਠਾ ਕਰੋ।੩।ਤਿਸਹਿ–ਉਸ (ਮਨੁੱਖ) ਨੂੰ।ਮਸਤਕਿ–ਮੱਥੇ ਉਤੇ।ਤਾ ਕੀ–ਉਸ (ਪੁਰਖ) ਦੀ।ਲਾਗੁ–ਲੱਗ ਜਾਹ।੪।੫੭।੧੨੬।

ਗਉੜੀ ਮਹਲਾ ੫ ॥ ਸੂਕੇ ਹਰੇ ਕੀਏ ਖਿਨ ਮਾਹੇ ॥ ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ ॥੧॥ (ਹੇ ਭਾਈ! ਮਨੁੱਖਾਂ ਦੇ) ਸੁੱਕੇ ਮਨਾਂ ਨੂੰ (ਗੁਰੂ ਨੇ) ਇਕ ਖਿਨ ਵਿਚ ਹਰੇ ਭਰੇ ਕਰ ਦਿਤਾ ਹੈ।ਅੰਮ੍ਰਿਤ ਦ੍ਰਿਸਟੀ ਨਾਲ (ਨਾਮ ਰੂਪ ਅੰਮ੍ਰਿਤ ਜਲ) ਸਿੰਜ ਕੇ ਜਿਵਾਲ ਦਿਤਾ ਹੈ (ਮੁਰਦੇ ਮਨਾਂ ਨੂੰ ਜਿੰਦਾ ਕਰ ਦਿਤਾ ਹੈ)।੧।

ਕਾਟੇ ਕਸਟ ਪੂਰੇ ਗੁਰਦੇਵ ॥ ਸੇਵਕ ਕਉ ਦੀਨੀ ਅਪੁਨੀ ਸੇਵ ॥੧॥ਰਹਾਉ॥ ਪੂਰੇ ਗੁਰਦੇਵ (ਦੀ ਅੰਮ੍ਰਿਤ ਭਰੀ ਨਜਰ) ਨੇ ਕਸ਼ਟ ਕਟ ਦਿਤੇ ਹਨ।ਅਤੇ ਸੇਵਕਾਂ ਨੂੰ ਅਪਣੀ ਸੇਵਾ ਬਖਸ਼ ਦਿਤੀ ਹੈ।੧।ਰਹਾਉ।

ਮਿਟਿ ਗਈ ਚਿੰਤ ਪੁਨੀ ਮਨ ਆਸਾ ॥ ਕਰੀ ਦਇਆ ਸਤਿਗੁਰਿ ਗੁਣ ਤਾਸਾ ॥੨॥ ਗੁਣਾਂ ਦੇ ਖਜਾਨੇ ਸਤਿਗੁਰੂ ਨੇ ਜਦ ਦਇਆ ਕੀਤੀ।(ਤਾਂ ਸਾਰੀ) ਚਿੰਤਾ ਮਿਟ ਗਈ ਅਤੇ ਮਨ ਦੀ ਆਸ ਪੂਰੀ ਹੋ ਗਈ ਹੈ।੨।

ਦੁਖ ਨਾਠੇ ਸੁਖ ਆਇ ਸਮਾਏ ॥ ਢੀਲ ਨ ਪਰੀ ਜਾ ਗੁਰਿ ਫੁਰਮਾਏ ॥੩॥ ਜਦ ਗੁਰੂ ਨੇ ਹੁਕਮ ਫੁਰਮਾ ਦਿਤਾ ਤਾਂ ਢਿੱਲ ਨਹੀ ਪਈ (ਦੇਰ ਨਹੀ ਲਗੀ।ਸਾਰੇ) ਦੁੱਖ ਨੱਠ ਗਏ ਅਤੇ (ਹਿਰਦੇ ਵਿਚ) ਸੁਖ ਆ ਕੇ ਸਮਾ (ਟਿਕ) ਗਏ।੩।

ਇਛ ਪੁਨੀ ਪੂਰੇ ਗੁਰ ਮਿਲੇ ॥ ਨਾਨਕ ਤੇ ਜਨ ਸੁਫਲ ਫਲੇ ॥੪॥੫੮॥੧੨੭॥ (ਜਿਨ੍ਹਾਂ ਮਨੁੱਖਾਂ ਨੂੰ) ਪੂਰੇ ਗੁਰੂ ਮਿਲੇ ਹਨ, (ਉਨ੍ਹਾਂ ਦੀ) ਇਛਾ ਪੂਰੀ ਹੋ ਗਈ।ਗੁਰੂ ਜੀ ਆਖਦੇ ਹਨ ਕਿ ਉਹ ਸੇਵਕ ਜਨ ਸ਼ੁੱਭ ਫਲਾਂ ਨਾਲ ਫਲੇ ਹਨ।੪।੫੮।੧੨੭।

ਪਦਾਰਥ = ਸੂਕੇ–ਆਤਮਕ ਜੀਵਨ ਵਾਲੇ ਰਸ ਤੋਂ ਖਾਲੀ (ਮਨੁੱਖ); ਪ੍ਰੇਮ ਤੋਂ ਖਾਲੀ।ਖਿਨ ਮਾਹੇ–ਇਕ ਛਿਨ ਵਿਚ।ਦ੍ਰਿਸਟਿ–ਨਜਰ ਨਾਲ।ਸੰਚਿ–ਸਿੰਜ ਕੇ।ਜੀਵਾਏ–ਜਿਉਂਦਾ ਕਰ ਦਿਤਾ।੧।ਕਸਟ–(ਜਨਮ ਮਰਣ ਦੇ) ਦੁੱਖ।ਕਉ–ਨੂੰ।ਦੀਨੀ–ਦਿਤੀ।੧।ਰਹਾਉ। ਪੁਨੀ–ਪੂਰੀ ਹੋ ਗਈ।ਸਤਿਗੁਰਿ–ਸਤਗੁਰੂ ਨੇ।ਗੁਣ ਤਾਸਾ–ਗੁਣਾਂ ਦੇ ਖਜਾਨੇ।੨।ਆਇ ਸਮਾਏ–ਆ ਵਸੇ; ਆ ਟਿਕੇ।ਢੀਲ–ਦੇਰ। ਨ ਪਰੀ–ਨਹੀਂ ਲੱਗੀ।ਜਾ–ਜਦ।੩।ਤੇ–ਉਹ।ਸੁਫਲ ਫਲੇ–ਚੰਗੇ ਫਲਾਂ ਨਾਲ ਫਲੇ ਹਨ।੪।੫੮।੧੨੭।

ਗਉੜੀ ਮਹਲਾ ੫ ॥ ਤਾਪ ਗਏ ਪਾਈ ਪ੍ਰਭਿ ਸਾਂਤਿ ॥ ਸੀਤਲ ਭਏ ਕੀਨੀ ਪ੍ਰਭ ਦਾਤਿ ॥੧॥ (ਹੇ ਭਾਈ! ਜਿਨ੍ਹਾਂ ਗੁਰਮੁਖਾਂ ਨੂੰ) ਪ੍ਰਭੂ ਨੇ (ਨਾਮ ਦੀ ਬਖਸ਼ਿਸ਼) ਕਰ ਦਿਤੀ ਹੈ, (ਉਹ) ਠੰਢੇ ਠਾਰ ਹੋ ਗਏ ਹਨ।(ਉਨ੍ਹਾਂ ਦੇ ਹਿਰਦਿਆਂ ਵਿਚ) ਪ੍ਰਭੂ ਨੇ ਸ਼ਾਂਤੀ ਪਾ ਦਿਤੀ, (ਜਿਸ ਕਰਕੇ ਤਿੰਨੇ ਤਰ੍ਹਾਂ ਦੇ) ਤਾਪ ਦੂਰ ਹੋ ਗਏ ਹਨ।ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਸੀਤਲਾ ਦਾ ਤਾਪ ਜਦ ਉਤਰਿਆ, ਉਸ ਸਮੇਂ ਗੁਰੂ ਅਰਜਨ ਦੇਵ ਜੀ ਨੇ ਨਿਰੰਕਾਰ ਦੇ ਸ਼ੁਕਰਾਨੇ ਵੱਜੋਂ ਇਹ ਸ਼ਬਦ ਉਚਾਰਿਆ (ਟਕਸਾਲ ਦੀ ਟੇਪ)।

ਪ੍ਰਭ ਕ੍ਰਿਪਾ ਤੇ ਭਏ ਸੁਹੇਲੇ ॥ ਜਨਮ ਜਨਮ ਕੇ ਬਿਛੁਰੇ ਮੇਲੇ ॥੧॥ਰਹਾਉ॥ ਜਨਮਾਂ ਜਨਮਾਂ ਦੇ ਵਿਛੜਿਆਂ ਨੂੰ (ਪ੍ਰਭੂ ਨੇ ਅਪਣੇ ਨਾਲ) ਮਿਲਾ ਲਿਆ ਹੈ।(ਇਸ ਕਰਕੇ ਉਹ ਗੁਰਮੁਖ) ਪ੍ਰਭੂ ਦੀ ਕ੍ਰਿਪਾ ਨਾਲ ਸੁਖੀ ਹੋ ਗਏ ਹਨ।੧।ਰਹਾਉ।

ਸਿਮਰਤ ਸਿਮਰਤ ਪ੍ਰਭ ਕਾ ਨਾਉ ॥ ਸਗਲ ਰੋਗ ਕਾ ਬਿਨਸਿਆ ਥਾਉ ॥੨॥ ਪ੍ਰਭੂ ਦਾ ਨਾਮ ਸਿਮਰਦਿਆਂ ਸਿਮਰਦਿਆਂ ਸਾਰੇ ਰੋਗਾਂ ਦਾ ਥਾਂ ਟਿਕਾਣਾ (ਅਗਿਆਨ) ਨਾਸ਼ ਹੋ ਗਿਆ।੨।

ਸਹਜਿ ਸੁਭਾਇ ਬੋਲੈ ਹਰਿ ਬਾਣੀ ॥ ਆਠ ਪਹਰ ਪ੍ਰਭ ਸਿਮਰਹੁ ਪ੍ਰਾਣੀ ॥੩॥ (ਹੁਣ ਉਹ ਗੁਰਮੁਖ) ਸੁਤੇ ਸਿਧ ਹਰੀ ਦੀ ਬਾਣੀ ਬੋਲਦੇ (ਪੜ੍ਹਦੇ) ਰਹਿੰਦੇ ਹਨ।ਹੇ ਪ੍ਰਾਣੀਓ! (ਉਨ੍ਹਾਂ ਗੁਰਮੁਖਾਂ ਵਾਂਗ ਤੁਸੀਂ ਵੀ) ਅੱਠੇ ਪਹਿਰ ਪ੍ਰਭੂ ਦਾ ਸਿਮਰਨ ਕਰੋ।੩।

ਦੂਖੁ ਦਰਦੁ ਜਮੁ ਨੇੜਿ ਨ ਆਵੈ ॥ ਕਹੁ ਨਾਨਕ ਜੋ ਹਰਿ ਗੁਨ ਗਾਵੈ ॥੪॥੫੯॥੧੨੮॥ ਗੁਰੂ ਜੀ ਆਖਦੇ ਹਨ ਕਿ ਜਿਹੜਾ ਮਨੁੱਖ ਹਰੀ ਦੇ ਗੁਣ ਗਾਉਂਦਾ ਹੈ।(ਕਿਸੇ ਤਰ੍ਹਾਂ ਦਾ) ਦੁਖ ਦਰਦ ਤੇ ਜਮ ਉਸਦੇ ਨੇੜੇ ਨਹੀਂ ਆਉਂਦਾ।੪।੫੯।੧੨੮।

ਪਦਾਰਥ = ਪ੍ਰਭਿ–ਪ੍ਰਭੂ ਨੇ।ਤਾਪ–ਦੁਖ; ਕਲੇਸ਼।ਸਾਂਤਿ–ਮਾਨਸਕ ਟਿਕਾਓ।ਭਏ–ਹੋਏ।ਕੀਨੀ–ਕੀਤੀ।੧।ਤੇ–ਤੋਂ; ਨਾਲ। ਸੁਹੇਲੇ–ਸੁਖੀ।੧।ਰਹਾਉ।ਸਗਲ–ਸਾਰੇ।ਥਾਉ–ਟਿਕਾਣਾ; ਡੇਰਾ।੨।ਸਹਜਿ ਸੁਭਾਇ–ਸੁਤੇ ਸਿੱਧ (ਨਿਰ ਯਤਨ)।੩।ਦਰਦ– ਪੀੜ

।ਜੋ–ਜਿਹੜਾ (ਮਨੁੱਖ)।੪।੫੯।੧੨੮।

ਗਉੜੀ ਮਹਲਾ ੫ ॥ ਭਲੇ ਦਿਨਸ ਭਲੇ ਸੰਜੋਗ ॥ ਜਿਤੁ ਭੇਟੇ ਪਾਰਬ੍ਰਹਮ ਨਿਰਜੋਗ ॥੧॥ ਉਹ ਦਿਨ ਸ਼ੁੱਭ ਹਨ (ਤੇ ਉਹ) ਮੌਕਾ ਸੁਭਾਗਾ ਹੈ।ਜਿਸ ਸਮੇਂ (ਮੈਨੂੰ) ਨਿਰਲੇਪ ਪ੍ਰਮੇਸਰ ਮਿਲ ਪਏ ਹਨ।੧।

ਓਹ ਬੇਲਾ ਕਉ ਹਉ ਬਲਿ ਜਾਉ ॥ ਜਿਤੁ ਮੇਰਾ ਮਨੁ ਜਪੈ ਹਰਿ ਨਾਉ ॥੧॥ਰਹਾਉ॥ ਮੈਂ ਉਸ ਵੇਲੇ ਤੋਂ ਸਦਕੇ ਜਾਂਦਾ ਹਾਂ।ਜਿਸ ਸਮੇਂ ਮੇਰਾ ਮਨ ਹਰੀ ਦਾ ਨਾਉ ਜਪਦਾ ਹਾਂ।੧।ਰਹਾਉ।

ਸਫਲ ਮੂਰਤੁ ਸਫਲ ਓਹ ਘਰੀ ॥ਜਿਤੁ ਰਸਨਾ ਉਚਰੈ ਹਰਿ ਹਰੀ ॥੨॥ ਉਹ ਮਹੂਰਤ ਸਫਲ ਹੈ ਤੇ ਉਹ ਘੜੀ ਵੀ ਸਫਲ ਹੈ ।ਜਦੋਂ ਮੇਰੀ ਜੀਭ (ਸਭ ਨੂੰ ਹਰੇ ਭਰੇ ਕਰਨ ਵਾਲੇ) ਹਰੀ ਦਾ ਨਾਮ ਉਚਾਰਦੀ ਹੈ।੨।

ਸਫਲੁ ਓਹੁ ਮਾਥਾ ਸੰਤ ਨਮਸਕਾਰਸਿ ॥ ਚਰਣ ਪੁਨੀਤ ਚਲਹਿ ਹਰਿ ਮਾਰਗਿ ॥੩॥ ਉਹ ਮੱਥਾ ਸਫਲ ਹੈ, ਜਿਹੜਾ ਸੰਤਾਂ ਨੂੰ ਨਮਸ਼ਕਾਰ ਕਰਦਾ ਹੈ।ਉਹ ਪੈਰ ਪਵਿੱਤ੍ਰ ਹਨ, ਜੋ ਰੱਬ ਦੇ ਰਸਤੇ ਉਪਰ ਤੁਰਦੇ ਹਨ।੩।

ਕਹੁ ਨਾਨਕ ਭਲਾ ਮੇਰਾ ਕਰਮ ॥ ਜਿਤੁ ਭੇਟੇ ਸਾਧੂ ਕੇ ਚਰਨ ॥੪॥੬੦॥੧੨੯॥ ਗੁਰੂ ਜੀ ਆਖਦੇ ਹਨ ਕਿ ਮੇਰੇ ਭਾਗ ਚੰਗੇ ਹਨ।ਜਿਸ ਕਰਕੇ ਮੈਂ ਸਾਧੂ (ਗੁਰੂ) ਦੇ ਚਰਨ ਪਰਸੇ ਹਨ।੪।੬੦।੧੨੯।

ਪਦਾਰਥ = ਭਲੇ–ਸ਼ੁੱਭ।ਸੰਜੋਗ–ਮਿਲਾਪ ਦਾ ਸ਼ੁੱਭ ਮੌਕਾ ਬਣਨਾ (ਕਿਸੇ ਕੰਮ ਲਈ ਸ਼ੁੱਭ ਗ੍ਰਹ ਰਾਸ਼ੀ ਦਾ ਯੋਗ ਮੇਲ)।ਜਿਤੁ–ਜਿਸ (ਸਮੇਂ)।ਭੇਟੇ–ਮਿਲੇ।ਨਿਰਜੋਗ–ਜੋ ਕਿਸੇ ਨਾਲ ਨਾ ਜੁੜੇ (ਨਿਰਲੇਪ)।੧।ਬੇਲਾ–ਸਮਾਂ।ਕਉ–ਨੂੰ; ਤੋਂ।ਹਉ–ਮੈਂ।ਬਲਿ ਜਾਉ–ਸਦਕੇ ਜਾਂਦਾ ਹਾਂ।੧।ਰਹਾਉ।ਮੂਰਤੁ–ਦੋ ਘੜੀਆਂ ਦਾ ਸਮਾਂ।ਘਰੀ–ਘੜੀ।੨।ਮਾਥਾ–ਮੱਥਾ।ਪੁਨੀਤ–ਪਵਿਤ੍ਰ।ਚਲਹਿ–ਤੁਰਦੇ ਹਨ।੩। ਕਰਮ–ਭਾਗ (ਕਿਸਮਤ)।ਭੇਟੇ–ਪਰਸੇ ਹਨ।੪।੬੦।੧੨੯।

ਅੰਗ ੧੯੨ = ਗਉੜੀ ਮਹਲਾ ੫ ॥ ਗੁਰ ਕਾ ਸਬਦੁ ਰਾਖੁ ਮਨ ਮਾਹਿ ॥ ਨਾਮੁ ਸਿਮਰਿ ਚਿੰਤਾ ਸਭ ਜਾਹਿ ॥੧॥ (ਹੇ ਭਾਈ! ਤੂੰ ਅਪਣੇ) ਮਨ ਵਿਚ ਗੁਰੂ ਦਾ ਸ਼ਬਦ ਟਿਕਾ ਕੇ ਰੱਖ।(ਤਾਂ ਕਿ) ਨਾਮ ਨੂੰ ਸਿਮਰ ਕੇ ਸਾਰੀਆਂ ਚਿੰਤਾਵਾਂ ਦੂਰ ਹੋ ਜਾਣ।੧।

ਬਿਨੁ ਭਗਵੰਤ ਨਾਹੀ ਅਨ ਕੋਇ ॥ ਮਾਰੈ ਰਾਖੈ ਏਕੋ ਸੋਇ ॥੧॥ਰਹਾਉ॥ ਪ੍ਰਮਾਤਮਾ ਤੋਂ ਬਿਨਾ (ਸਹਾਇਤਾ ਕਰਤ ਵਾਲਾ) ਹੋਰ ਕੋਈ ਨਹੀਂ ਹੈ।ਉਹ ਇਕੋ ਪ੍ਰਭੂ (ਸਭ ਨੂੰ) ਮਾਰਦਾ ਹੈ ਤੇ (ਸਭ ਦੀ) ਰੱਖਿਆ ਕਰਦਾ ਹੈ।੧।ਰਹਾਓ।

ਗੁਰ ਕੇ ਚਰਣ ਰਿਦੈ ਉਰਿ ਧਾਰਿ ॥ ਅਗਨਿ ਸਾਗਰੁ ਜਪਿ ਉਤਰਹਿ ਪਾਰਿ ॥੨॥ (ਹੇ ਭਾਈ!) ਗੁਰੂ ਦੇ ਚਰਣਾਂ ਨੂੰ ਅਪਣੇ ਹਿਰਦੇ ਦੇ ਅੰਦਰ ਧਾਰਣ ਕਰ।(ਉਸ ਪ੍ਰਭੂ ਦਾ ਨਾਮ) ਜਪ ਕੇ ਅੱਗ ਦੇ ਸਮੁੰਦਰ ਤੋਂ ਪਾਰ ਲੰਘ ਜਾਵੇਂਗਾ।੨।

ਗੁਰ ਮੂਰਤਿ ਸਿਉ ਲਾਇ ਧਿਆਨੁ ॥ ਈਹਾ ਊਹਾ ਪਾਵਹਿ ਮਾਨੁ ॥੩॥ (ਹੇ ਭਾਈ!) ਗੁਰੂ ਦੇ ਸਰੂਪ (ਸ਼ਬਦ) ਨਾਲ ਧਿਆਨ ਲਗਾ।(ਤਾਂ ਤੂੰ) ਇਥੇ ਉਥੇ (ਲੋਕ ਪ੍ਰਲੋਕ ਵਿਚ) ਸਨਮਾਨ ਪਾ ਲਵੇਂਗਾ।੩।

ਸਗਲ ਤਿਆਗਿ ਗੁਰ ਸਰਣੀ ਆਇਆ ॥ ਮਿਟੇ ਅੰਦੇਸੇ ਨਾਨਕ ਸੁਖੁ ਪਾਇਆ ॥੪॥੬੧॥੧੩੦॥ (ਜਿਹੜਾ ਮਨੁੱਖ) ਸਾਰਿਆਂ ਦਾ ਆਸਰਾ ਛਡ ਕੇ ਗੁਰੂ ਦੀ ਸ਼ਰਣ ਵਿਚ ਆਇਆ ਹੈ।ਗੁਰੂ ਜੀ ਆਖਦੇ ਹਨ (ਕਿ ਉਸ ਦੇ ਸਾਰੇ) ਸੰਸੇ ਮਿਟ ਗਏ ਹਨ ਅਤੇ (ਉਸ ਨੇ) ਆਤਮਕ ਸੁਖ ਪਾ ਲਿਆ ਹੈ।੪।੬੧।੧੩੦।

ਪਦਾਰਥ = ਮਨ ਮਾਹਿ–ਮਨ ਵਿਚ।ਜਾਹਿ–ਦੂਰ ਹੋ ਜਾਣ।੧।ਅਨ–ਹੋਰ।ਏਕੋ–ਇਕੋ (ਪ੍ਰਭੂ)।ਸੋਇ–ਉਹ।੧।ਰਹਾਉ।ਰਿਦੈ ਉਰਿ–ਹਿਰਦੇ ਦੇ ਅੰਦਰ (ਰਿਦਾ ਤੇ ਉਰਿ ਦਾ ਅਰਥ ਇਕੋ ਹੀ ਹੈ)।ਅਗਨਿ ਸਾਗਰੁ–ਸੰਸਾਰ (ਦੁਖਾਂ ਨਾਲ ਭਰਿਆ ਸਾਗਰ ਜੋ ਤਪਾਉਣ ਵਾਲਾ ਹੈ)।੨।ਗੁਰ ਮੂਰਤਿ–ਗੁਰੂ ਦਾ ਸਰੂਪ {ਗੁਰ ਮੂਰਤਿ ਗੁਰ ਸਬਦੁ ਹੈ...ਭਾ.ਗੁ. ਵਾਰ ੨੪–੨੫}।ਸਿਉ–ਨਾਲ ।ਈਹਾ–ਇਥੇ (ਇਸ ਲੋਕ ਵਿਚ)।ਊਹਾ–ਉਥੇ (ਪ੍ਰਲੋਕ ਵਿਚ)।੩।ਅੰਦੇਸੇ–ਸੰਸੇ; ਫਿਕਰ।੪।੬੧।੧੩੦।

ਗਉੜੀ ਮਹਲਾ ੫ ॥ ਜਿਸੁ ਸਿਮਰਤ ਦੂਖੁ ਸਭੁ ਜਾਇ ॥ ਨਾਮੁ ਰਤਨੁ ਵਸੈ ਮਨਿ ਆਇ ॥੧॥ ਜਿਸ ਪ੍ਰਭੂ ਨੂੰ ਸਿਮਰਦਿਆਂ ਸਾਰਾ ਦੁੱਖ ਦੂਰ ਹੋ ਜਾਂਦਾ ਹੈ।ਅਤੇ ਨਾਮ ਰੂਪ ਰਤਨ ਮਨ ਵਿਚ ਆ ਕੇ ਵਸ ਜਾਂਦਾ ਹੈ।੧।

ਜਪਿ ਮਨ ਮੇਰੇ ਗੋਵਿੰਦ ਕੀ ਬਾਣੀ ॥ ਸਾਧੂ ਜਨ ਰਾਮੁ ਰਸਨ ਵਖਾਣੀ ॥੧॥ਰਹਾਉ॥ ਹੇ ਮੇਰੇ ਮਨ! ਗੋਵਿੰਦ ਦੀ (ਨਾਮ ਰੂਪ) ਬਾਣੀ

www.GuruGranthVakhyaan.org

ਦਾ ਜਾਪ (ਪਾਠ) ਕਰ।(ਇਹ) ਰਾਮ ਨਾਮ ਰੂਪ ਬਾਣੀ ਸਾਧੂ ਜਨਾਂ (ਗੁਰੂਆਂ) ਨੇ ਰਸਨਾ ਨਾਲ ਉਚਾਰੀ ਹੈ।੧।ਰਹਾਉ।

ਇਕਸੁ ਬਿਨੁ ਨਾਹੀ ਦੂਜਾ ਕੋਇ ॥ ਜਾ ਕੀ ਦ੍ਰਿਸਟਿ ਸਦਾ ਸੁਖੁ ਹੋਇ ॥੨॥ ਇਕ ਵਾਹਿਗੁਰੂ ਤੋਂ ਬਿਨਾ ਦੂਜਾ ਹੋਰ ਕੋਈ ਨਹੀਂ ਹੈ।ਜਿਸ (ਵਾਹਿਗੁਰੂ) ਦੀ ਕ੍ਰਿਪਾ ਦ੍ਰਿਸਟੀ ਨਾਲ ਸਦਾ ਸੁਖ ਮਿਲਦਾ ਹੈ।੨।

ਸਾਜਨੁ ਮੀਤੁ ਸਖਾ ਕਰਿ ਏਕੁ ॥ ਹਰਿ ਹਰਿ ਅਖਰ ਮਨ ਮਹਿ ਲੇਖੁ ॥੩॥ (ਹੇ ਭਾਈ! ਤੂੰ ਮਾਂ ਦੇ ਗਰਭ ਦਾ) ਸੱਜਣ (ਇਸ ਲੋਕ ਦਾ) ਮਿਤ੍ਰ ਤੇ (ਪ੍ਰਲੋਕ ਦਾ) ਸਾਥੀ ਇਕ ਵਾਹਿਗੁਰੂ ਨੂੰ ਹੀ ਬਣਾ।ਹਰਿ ਹਰਿ ਨਾਮ ਦੇ ਅੱਖਰ (ਅਪਣੇ) ਮਨ ਵਿਚ ਲਿਖ (ਦ੍ਰਿੜ ਕਰ) ਲੈ।੩।

ਰਵਿ ਰਹਿਆ ਸਰਬਤ ਸੁਆਮੀ ॥ ਗੁਣ ਗਾਵੈ ਨਾਨਕੁ ਅੰਤਰਜਾਮੀ ॥੪॥੬੨॥੧੩੧॥ ਮਾਲਕ (ਵਾਹਿਗੁਰੂ ਨੂੰ ਕਿਤੇ ਲੱਭਣ ਦੀ ਲੋੜ ਨਹੀਂ, ਉਹ) ਸਭ ਥਾਂ ਸਮਾਇਆ ਹੋਇਆ ਹੈ।ਅੰਤਰਜਾਮੀ ਵਾਹਿਗੁਰੂ ਦੇ ਗੁਣ ਨਾਨਕ ਗਾ ਰਿਹਾ ਹੈ।੪।੬੨।੧੩੧।

ਪਦਾਰਥ = ਜਾਇ–ਦੂਰ ਹੋ ਜਾਂਦੇ ਹਨ।ਮਨਿ ਆਇ–ਮਨ ਵਿਚ ਆ ਕੇ।੧।ਸਾਧੂ ਜਨ–ਗੁਰਮੁਖ ਜਨਾਂ ਨੇ।ਰਸਨ–ਜੀਭ ਨਾਲ। ਵਖਾਣੀ–ਉਚਾਰੀ ਹੈ।੧।ਰਹਾਉ।ਇਕਸੁ–ਇਕ ਨਿਰੰਕਾਰ।ਜਾ ਕੀ–ਜਿਸ ਦੀ।ਦ੍ਰਿਸਟਿ–ਮੇਹਰ ਭਰੀ ਨਜਰ ਨਾਲ।੨।ਸਖਾ–ਸਾਥੀ।ਕਰਿ–ਬਣਾ ਲੈ।ਲੇਖੁ–ਲਿਖ ਲੈ।੩।ਰਵਿ ਰਹਿਆ–ਵਿਆਪਕ ਹੈ।ਸਰਬਤ–ਸਭ ਥਾਂ।੪।੬੨।੧੩੧।

ਗਉੜੀ ਮਹਲਾ ੫ ॥ ਭੈ ਮਹਿ ਰਚਿਓ ਸਭੁ ਸੰਸਾਰਾ ॥ ਤਿਸੁ ਭਉ ਨਾਹੀ ਜਿਸੁ ਨਾਮੁ ਅਧਾਰਾ ॥੧॥ (ਹੇ ਭਾਈ! ਪ੍ਰਭੂ ਨੇ ਜੋ) ਸਾਰਾ ਸੰਸਾਰ ਰਚਿਆ ਹੈ, (ਇਹ ਮੌਤ ਦੇ) ਭੈ ਵਿਚ ਹੈ; ਸਾਰਾ ਸੰਸਾਰ (ਮੌਤ ਦੇ) ਡਰ ਵਿਚ ਖਚਿੱਤ ਹੋਇਆ ਰਹਿੰਦਾ ਹੈ। (ਵਾਹਿਗੁਰੂ ਦਾ) ਨਾਮ ਜਿਸ ਮਨੁੱਖ ਦਾ ਆਸਰਾ ਬਣ ਗਿਆ ਹੈ, ਉਸ ਨੂੰ (ਕੋਈ) ਭੈ ਨਹੀਂ ਵਿਆਪਦਾ।੧।

ਭਉ ਨ ਵਿਆਪੈ ਤੇਰੀ ਸਰਣਾ ॥ ਜੋ ਤੁਧੁ ਭਾਵੈ ਸੋਈ ਕਰਣਾ ॥੧॥ਰਹਾਉ॥ (ਹੇ ਪ੍ਰਭੂ!) ਤੇਰੀ ਸ਼ਰਣ ਵਿਚ ਪਿਆਂ (ਕਿਸੇ ਕਿਸਮ ਦਾ) ਡਰ ਨਹੀਂ ਲਗਦਾ।(ਸ਼ਰਣ ਵਿਚ ਪਏ ਮਨੁੱਖ ਨੇ) ਉਹੀ ਕੁਛ ਕਰਨਾ ਹੁੰਦਾ ਹੈ, ਜੋ ਤੈਨੂੰ ਭਾਉਂਦਾ ਹੈ।੧।ਰਹਾਉ।

ਸੋਗ ਹਰਖ ਮਹਿ ਆਵਣ ਜਾਣਾ ॥ ਤਿਨਿ ਸੁਖੁ ਪਾਇਆ ਜੋ ਪ੍ਰਭ ਭਾਣਾ ॥੨॥ (ਦੁਖ ਆਇਆਂ ਤੋਂ) ਸੋਗ ਹੋਣ ਵਿਚ ਤੇ (ਸੁਖ ਆਉਣ ਤੇ) ਖੁਸ਼ ਹੋਣ ਵਿਚ ਆਉਣ ਜਾਣਾ (ਜੰਮਣ ਮਰਨਾ ਬਣਿਆ) ਰਹਿੰਦਾ ਹੈ (ਮਨੁੱਖ ਇਕ ਰਸ ਨਹੀਂ ਰਹਿੰਦਾ।ਪਦਾਰਥ ਮਿਲਣ ਤੇ ਖੁਸ਼ ਤੇ ਪਦਾਰਥ ਚਲੇ ਜਾਣ ਤੇ ਦੁਖ ਹੁੰਦਾ ਹੈ, ਰੱਬ ਦੇ ਹੁਕਮ ਵਿਚ ਨਾ ਹੋਣ ਕਰਕੇ ਜੰਮਦਾ ਮਰਦਾ ਹੈ)।ਉਸ ਪੁਰਖ ਨੇ ਸੁਖ ਪਾਇਆ ਹੈ, ਜਿਹੜਾ ਪ੍ਰਭੂ ਦਾ ਭਾਣਾ (ਮਿੱਠਾ) ਮੰਨਦਾ ਹੈ (ਰੱਬ ਦੇ ਹੁਕਮ ਵਿਚ ਜੀਵਨ ਬਸਰ ਕਰਦਾ ਹੈ)।੨।

ਅਗਨਿ ਸਾਗਰੁ ਮਹਾ ਵਿਆਪੈ ਮਾਇਆ ॥ ਸੇ ਸੀਤਲ ਜਿਨ ਸਤਿਗੁਰੁ ਪਾਇਆ ॥੩॥ (ਸੰਸਾਰ ਤ੍ਰਿਸ਼ਨਾ ਦੀ) ਅੱਗ ਦਾ ਵੱਡਾ ਸਾਗਰ ਹੈ, (ਇਸ ਵਿਚ ਜੀਵ ਨੂੰ ਮਨ ਮੋਹਣੀ) ਮਾਇਆ ਵਿਆਪਦੀ ਹੈ।(ਅੱਗ ਦੇ ਇਸ ਸੰਸਾਰ ਸਮੁੰਦਰ ਵਿਚ) ਉਹ ਮਨੁੱਖ ਠੰਢੇ ਹਨ, ਜਿਨ੍ਹਾਂ ਨੇ ਸਤਿਗੁਰੂ ਨੂੰ ਪਾ ਲਿਆ ਹੈ।੩।

ਰਾਖਿ ਲੇਇ ਪ੍ਰਭੁ ਰਾਖਨਹਾਰਾ ॥ ਕਹੁ ਨਾਨਕ ਕਿਆ ਜੰਤ ਵਿਚਾਰਾ ॥੪॥੬੩॥੧੩੨॥ ਗੁਰੂ ਜੀ ਆਖਦੇ ਹਨ ਕਿ ਜੀਵ ਵਿਚਾਰੇ ਕੀ ਹਨ (ਇਨ੍ਹਾਂ ਦੇ ਵਸ ਵਿਚ ਕੁਛ ਨਹੀ)।ਰੱਖਣ ਵਾਲਾ ਪ੍ਰਭੂ ਆਪ ਹੀ ਰੱਖ (ਜੀਵਾਂ ਨੂੰ) ਲੈਂਦਾ ਹੈ; (ਅਰਦਾਸ ਹੈ) ਹੇ ਰੱਖਿਆ ਕਰਨ ਵਾਲੇ ਪ੍ਰਭੂ! (ਮੌਤ ਦੇ ਡਰ ਤੋਂ ਤੂੰ ਆਪ ਹੀ ਸਾਨੂੰ ਜੀਵਾਂ ਨੂੰ) ਬਚਾ ਲੈ (ਟਕਸਾਲ; ਫ.ਸ.)।੪।੬੩।੧੩੨।

ਪਦਾਰਥ = ਰਚਿਓ–ਬਣਾਇਆ; ਖਚਿੱਤ; ਤਦਾਕਾਰ।ਭਉ–ਡਰ।ਅਧਾਰਾ–ਆਸਰਾ।੧।ਨ ਵਿਆਪੈ–ਨਹੀਂ ਵਿਆਪਦਾ (ਲਗਦਾ)। ਤੁਧੁ–ਤੈਨੂੰ।ਭਾਵੈ–ਚੰਗਾ ਲਗਦਾ ਹੈ।੧।ਰਹਾਉ।ਸੋਗ–ਗਮ; ਦੁੱਖ।ਹਰਖ–ਖੁਸ਼ੀ।ਆਵਣ ਜਾਣਾ–ਜੰਮਣਾ ਮਰਨਾ।ਤਿਨਿ–ਉਸ ਨੇ। ਭਾਣਾ–ਪ੍ਰਭੂ ਦਾ ਭਾਣਾ ਮਿੱਠਾ ਮੰਨਦਾ ਹੈ; ਪ੍ਰਭੂ ਨੂੰ ਪਿਆਰਾ ਲਗਦਾ ਹੈ (ਦਰਪਣ)।੨।ਅਗਨਿ ਸਾਗਰੁ–ਤ੍ਰਿਸ਼ਨਾ ਦੀ ਅੱਗ ਨਾਲ ਭਰਿਆ ਸੰਸਾਰ ਸਮੁੰਦਰ।ਮਹਾ–ਵੱਡਾ।ਵਿਆਪੈ–ਵਿਆਪਦੀ (ਚਿੰਬੜਦੀ) ਹੈ।ਸੇ–ਉਹ।ਸੀਤਲ–ਠੰਢੇ।੩।ਰਾਖਿ ਲੇਇ–ਰੱਖ (ਬਚਾ) ਲੈਂਦਾ ਹੈ।ਰਾਖਨਹਾਰਾ–ਰੱਖਿਆ ਕਰਨ ਵਾਲਾ।੪।੬੩।੧੩੨।

ਗਉੜੀ ਮਹਲਾ ੫ ॥ ਤੁਮਰੀ ਕ੍ਰਿਪਾ ਤੇ ਜਪੀਐ ਨਾਉ ॥ ਤੁਮਰੀ ਕ੍ਰਿਪਾ ਤੇ ਦਰਗਹ ਥਾਉ ॥੧॥ (ਹੇ ਵਾਹਿਗੁਰੂ!) ਤੇਰੀ ਕ੍ਰਿਪਾ ਨਾਲ ਹੀ (ਤੇਰਾ) ਨਾਮ ਜਪਿਆ ਜਾ ਸਕਦਾ ਹੈ।ਤੇਰੀ ਕ੍ਰਿਪਾ ਨਾਲ ਹੀ (ਜੀਵ ਨੂੰ ਤੇਰੀ) ਦਰਗਾਹ ਵਿਚ ਥਾਂ ਮਿਲਦੀ ਹੈ।੧।

All Rights Reserved by Harjinder Singh Gyani | www.GuruGranthVakhyaan.org

ਤੁਝ ਬਿਨੁ ਪਾਰਬ੍ਰਹਮ ਨਹੀ ਕੋਇ ॥ ਤੁਮਰੀ ਕ੍ਰਿਪਾ ਤੇ ਸਦਾ ਸੁਖੁ ਹੋਇ ॥੧॥ਰਹਾਉ॥ ਹੇ ਪ੍ਰਭੂ! ਤੇਰੇ ਬਿਨਾ ਹੋਰ ਕੋਈ ਵੀ (ਜੀਵਾਂ ਦਾ ਸਹਾਈ) ਨਹੀਂ ਹੈ।ਤੇਰੀ ਕ੍ਰਿਪਾ ਨਾਲ ਹੀ (ਜੀਵਾਂ ਨੂੰ) ਸਦੀਵੀ ਸੁਖ ਮਿਲਦਾ ਹੈ।੧।ਰਹਾਉ।

ਤੁਮ ਮਨਿ ਵਸੇ ਤਉ ਦੂਖੁ ਨ ਲਾਗੈ ॥ ਤੁਮਰੀ ਕ੍ਰਿਪਾ ਤੇ ਭ੍ਰਮੁ ਭਉ ਭਾਗੈ ॥੨॥ (ਹੇ ਪ੍ਰਭੂ! ਜੇ) ਤੁਸੀਂ ਮਨ ਵਿਚ ਵਸ ਜਾਵੋਂ ਤਾਂ ਦੁਖ ਨਹੀਂ ਲਗਦਾ।ਤੇਰੀ ਕ੍ਰਿਪਾ ਨਾਲ (ਜੀਵਾਂ ਦਾ) ਭਰਮ ਤੇ (ਮੌਤ ਦਾ) ਡਰ ਦੌੜ (ਦੂਰ ਹੋ) ਜਾਂਦਾ ਹੈ।੨।

ਪਾਰਬ੍ਰਹਮ ਅਪਰੰਪਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥੩॥ ਹੇ ਪਾਰਬ੍ਰਹਮ! ਹੇ ਬੇਅੰਤ ਮਾਲਕ ਵਾਹਿਗੁਰੂ! (ਤੁਸੀਂ) ਸਾਰੇ (ਜੀਆਂ ਦੇ) ਦਿਲਾਂ ਦੇ ਅੰਦਰ ਦੀ ਜਾਨਣ ਵਾਲੇ ਹੋ।੩।

ਕਰਉ ਅਰਦਾਸਿ ਅਪਨੇ ਸਤਿਗੁਰ ਪਾਸਿ ॥ ਨਾਨਕ ਨਾਮੁ ਮਿਲੈ ਸਚੁ ਰਾਸਿ ॥੪॥੬੪॥੧੩੩॥ ਮੈਂ ਅਪਨੇ ਸਤਿਗੁਰੂ ਪਾਸ (ਇਹ) ਅਰਦਾਸ ਕਰਦਾ ਹਾਂ।(ਕਿ ਮੈਨੂੰ) ਨਾਨਕ ਨੂੰ ਨਾਮ ਰੂਪ ਸੱਚੀ ਪੂੰਜੀ ਮਿਲੇ।੪।੬੪।੧੩੩।

ਪਦਾਰਥ = ਤੇ-ਨਾਲ; ਤੋਂ।੧।ਤਉ-ਤਾਂ।ਭਉ-ਡਰ।ਭਾਗੈ-ਦੌੜ ਜਾਂਦਾ ਹੈ।੨।ਅਪਰੰਪਰ-ਪਰੇ ਤੋਂ ਪਰੇ (ਸੀਮਾਂ ਤੋਂ ਰਹਿਤ); ਵੰਸ਼ ਰਹਿਤ।ਘਟਾ ਕੇ-ਸਰੀਰਾਂ ਦੀ; ਦਿਲਾਂ ਦੀ।੩।ਸਚੁ ਰਾਸਿ-ਸਦਾ ਥਿਰ ਰਹਿਣ ਵਾਲੇ ਧਨ ਦੀ ਪੂੰਜੀ।੪।੬੪।੧੩੩।

ਗਉੜੀ ਮਹਲਾ ੫ ॥ ਕਣ ਬਿਨਾ ਜੈਸੇ ਥੋਥਰ ਤੁਖਾ ॥ ਨਾਮ ਬਿਹੂਨ ਸੂਨੇ ਸੇ ਮੁਖਾ ॥੧॥ ਜਿਵੇਂ (ਅਨਾਜ ਦੇ) ਦਾਣਿਆਂ ਤੋਂ ਬਿਨਾ ਖਾਲੀ ਛਿੱਲੜ ਕਿਸੇ ਕੰਮ ਨਹੀਂ ਆਉਂਦੇ।(ਇਸੇ ਤਰ੍ਹਾਂ) ਨਾਮ ਸਿਮਰਨ ਤੋਂ ਬਿਨਾ ਜੋ ਮੂੰਹ ਹਨ, ਉਹ ਸੁੰਨੇ (ਖਾਲੀ) ਹਨ।੧।

ਹਰਿ ਹਰਿ ਨਾਮੁ ਜਪਹੁ ਨਿਤ ਪ੍ਰਾਣੀ ॥ ਨਾਮ ਬਿਹੂਨ ਧ੍ਰਿਗੁ ਦੇਹ ਬਿਗਾਨੀ ॥੧॥ਰਹਾਉ॥ ਹੇ ਪ੍ਰਾਣੀ! ਹਰ ਰੋਜ ਹਰਿ ਹਰਿ ਨਾਮ ਜਪਦੇ ਰਹੋ।ਨਾਮ ਤੋਂ ਬਿਨਾ ਮਨੁੱਖਾ ਦੇਹ ਫਿਟਕਾਰ ਯੋਗ ਹੈ ਤੇ ਪਰਾਈ ਹੋ ਜਾਂਦੀ ਹੈ (ਮੌਤ ਦੇ ਵਸ ਪੈਂਦੀ ਹੈ, ਭਾਵ ਮਰਨ ਤੋਂ ਬਾਦ ਦੇਹ ਪਰਾਈ ਹੋ ਜਾਂਦੀ ਹੈ।ਸਾੜ ਦਿਤੀ ਜਾਂਦੀ ਹੈ ਜਾਂ ਦਬਾ ਦਿਤੀ ਜਾਂਦੀ ਹੈ)।੧।ਰਹਾਉ।

ਨਾਮ ਬਿਨਾ ਨਾਹੀ ਮੁਖਿ ਭਾਗੁ ॥ ਭਰਤ ਬਿਹੂਨ ਕਹਾ ਸੋਹਾਗੁ ॥੨॥ (ਜਿਵੇਂ) ਪਤੀ ਤੋਂ ਬਿਨਾ ਇਸਤ੍ਰੀ ਦਾ ਸੁਹਾਗ ਕਿਵੇਂ ਰਹਿ ਸਕਦਾ ਹੈ? (ਇਸੇ ਤਰ੍ਹਾਂ) ਨਾਮ ਸਿਮਰਨ ਤੋਂ ਬਿਨਾ ਮਨੁੱਖ ਦੇ ਮੂੰਹ ਤੇ ਚੰਗਾ ਭਾਗ ਨਹੀਂ ਹੋ ਸਕਦਾ।੨।

ਨਾਮੁ ਬਿਸਾਰਿ ਲਗੈ ਅਨ ਸੁਆਇ ॥ ਤਾ ਕੀ ਆਸ ਨ ਪੂਜੈ ਕਾਇ ॥੩॥ (ਜੋ ਮਨੁੱਖ) ਨਾਮ ਨੂੰ ਭੁਲਾ ਕੇ ਹੋਰ ਸੁਆਰਥ (ਪ੍ਰਯੋਜਨ) ਵਿਚ ਲੱਗਾ ਹੈ।ਉਸ ਦੀ ਕੋਈ ਵੀ ਆਸ ਪੂਰੀ ਨਹੀਂ ਹੁੰਦੀ।੩।

ਕਰਿ ਕਿਰਪਾ ਪ੍ਰਭ ਅਪਨੀ ਦਾਤਿ ॥ ਨਾਨਕ ਨਾਮੁ ਜਪੈ ਦਿਨ ਰਾਤਿ ॥੪॥੬੫॥੧੩੪॥ (ਸਾਡੀ ਅਰਦਾਸ ਹੈ) ਹੇ ਪ੍ਰਭੂ! ਕ੍ਰਿਪਾ ਕਰਕੇ ਅਪਣੀ ਇਹ ਦਾਤ ਬਖਸ਼।(ਕਿ) ਨਾਨਕ ਦਿਨ ਰਾਤ (ਤੇਰਾ) ਨਾਮ ਜਪਦਾ ਰਹੇ।੪।੬੫।੧੩੪।

ਪਦਾਰਥ = ਕਣ-ਅੰਨ ਦਾ ਦਾਣਾ।ਥੋਥਰ-ਥੋਥਾ; ਖਾਲੀ।ਤੁਖਾ-(ਦਾਣੇ ਦੇ ਉਪਰਲਾ) ਛਿਲਕਾ; (ਮੱਕੀ ਦੇ ਦਾਣਿਆਂ ਤੋਂ ਬਿਨਾ) ਗੁੱਲਾ।ਨਾਮ ਬਿਹੂਨ-ਨਾਮ ਤੋਂ ਰਹਿਤ; ਨਾਮ ਤੋਂ ਬਿਨਾ।ਸੂਨੇ-ਖਾਲੀ; ਨਿਸਫਲ।ਸੇ-ਉਹ।ਮੁਖਾ-ਮੂੰਹ।੧।ਧ੍ਰਿਗੁ-ਫਿਟਕਾਰ ਯੋਗ। ਬਿਗਾਨੀ-ਦੂਜੇ ਦੀ; ਪਰਾਈ।੧।ਰਹਾਉ।ਮੁਖਿ-ਮੂੰਹ (ਮੱਥੇ) ਉਤੇ।ਭਰਤ-ਪਤੀ।ਕਹਾ-ਕਿਵੇਂ; ਕਿੱਥੇ।੨।ਬਿਸਾਰਿ-ਭੁਲਾ ਕੇ।ਅਨ -ਹੋਰ; ਦੂਜੇ। ਸੁਆਇ-ਸੁਆਰਥ (ਪ੍ਰਯੋਜਨ) ਵਿਚ; ਸੁਆਦ ਵਿਚ (ਸੰ.ਸ.; ਟਕਸਾਲ; ਦਰਪਣ)।ਤਾ ਕੀ-ਉਸ ਦੀ।ਨ ਪੂਜੈ- ਪੂਰੀ ਨਹੀਂ ਹੁੰਦੀ।ਕਾਇ-ਕੋਈ ਵੀ।੩।ਦਿਨ ਰਾਤਿ-ਹਮੇਸ਼ਾਂ।੪।੬੫।੧੩੪।

ਅੰਗ ੧੯੩ = ਗਉੜੀ ਮਹਲਾ ੫ ॥ ਤੂੰ ਸਮਰਥੁ ਤੂ ਹੈ ਮੇਰਾ ਸੁਆਮੀ ॥ ਸਭੁ ਕਿਛੁ ਤੁਮ ਤੇ ਤੂੰ ਅੰਤਰਜਾਮੀ ॥੧॥ ਹੇ ਵਾਹਿਗੁਰੂ! ਤੂੰ ਸ਼ਕਤੀਵਾਨ ਹੈਂ ਅਤੇ ਤੂੰ ਮੇਰਾ ਮਾਲਕ ਹੈਂ।(ਜਗਤ ਵਿਚ) ਸਭ ਕੁਛ ਤੇਰੇ (ਹੁਕਮ) ਤੋਂ ਹੀ ਹੁੰਦਾ ਹੈ ਅਤੇ ਤੂੰ ਅੰਤਰਜਾਮੀ ਹੈਂ; (ਹੇ ਪ੍ਰਭੂ!) ਤੂੰ ਸਭ ਦੇ ਦਿਲਾਂ ਦੇ ਅੰਦਰ ਦੀ ਜਾਨਣ ਵਾਲਾ ਹੈਂ, ਸਭ ਕੁਛ ਤੇਰੇ ਤੋਂ ਪ੍ਰਪਾਤ ਹੁੰਦਾ ਹੈ (ਟਕਸਾਲ)।੧।

ਪਾਰਬ੍ਰਹਮ ਪੂਰਨ ਜਨ ਓਟ ॥ ਤੇਰੀ ਸਰਣਿ ਉਧਰਹਿ ਜਨ ਕੋਟ ॥੧॥ਰਹਾਉ॥ ਹੇ ਪਾਰਬ੍ਰਹਮ! ਸੇਵਕ ਜਨਾਂ ਦੀ ਪੂਰਨ ਓਟ ਤੂੰ ਹੀ ਹੈਂ; ਹੇ ਸਰਬ ਵਿਆਪਕ ਪਾਰਬ੍ਰਹਮ! ਤੂੰ ਹੀ ਸੇਵਕ ਜਨਾਂ ਦੀ ਓਟ ਹੈਂ।ਤੇਰੀ ਸ਼ਰਣ ਵਿਚ ਪੈ ਕੇ ਕ੍ਰੋੜਾਂ ਸੇਵਕ (ਸੰਸਾਰ ਸਮੁੰਦਰ ਤੋਂ) ਤਰ ਜਾਂਦੇ ਹਨ।੧।ਰਹਾਉ।

ਜੇਤੇ ਜੀਅ ਤੇਤੇ ਸਭਿ ਤੇਰੇ ॥ ਤੁਮਰੀ ਕ੍ਰਿਪਾ ਤੇ ਸੂਖ ਘਨੇਰੇ ॥੨॥ ਜਿਤਨੇ ਜੀਵ ਹਨ, ਉਤਨੇ ਸਾਰੇ ਤੇਰੇ ਹੀ ਪੈਦਾ ਕੀਤੇ ਹੋਏ ਹਨ

www.gurugranthvakhyaan.org

All Rights Reserved by Harjinder Singh Gyani | www.GuruGranthVakhyaan.org

।ਤੇਰੀ ਕਿਰਪਾ ਨਾਲ (ਹੀ ਜੀਵਾਂ ਨੂੰ) ਅਨੇਕਾਂ ਸੁੱਖ ਪ੍ਰਾਪਤ ਹੁੰਦੇ ਹਨ।੨।
ਜੋ ਕਿਛੁ ਵਰਤੈ ਸਭ ਤੇਰਾ ਭਾਣਾ ॥ ਹੁਕਮੁ ਬੂਝੈ ਸੋ ਸਚਿ ਸਮਾਣਾ ॥੩॥ (ਸੰਸਾਰ ਵਿਚ) ਜੋ ਕੁਛ ਵੀ ਵਰਤ ਰਿਹਾ ਹੈ, ਸਭ ਤੇਰਾ ਭਾਣਾ (ਤੇਰੀ ਮਰਜੀ ਨਾਲ ਹੀ ਹੋ ਰਿਹਾ) ਹੈ।(ਜੋ ਮਨੁਖ ਤੇਰੇ) ਹੁਕਮ ਨੂੰ ਸਮਝ ਲੈਂਦਾ ਹੈ, ਉਹ ਸਚ ਵਿਚ ਸਮਾ ਜਾਂਦਾ ਹੈ।੩।
ਕਰਿ ਕਿਰਪਾ ਦੀਜੈ ਪ੍ਰਭ ਦਾਨੁ ॥ ਨਾਨਕ ਸਿਮਰੈ ਨਾਮੁ ਨਿਧਾਨੁ ॥੪॥੬੬॥੧੩੫॥ (ਅਰਦਾਸ) ਹੇ ਪਭੂ ! ਕਿਰਪਾ ਕਰ ਕੇ (ਇਹ) ਦਾਨ ਦਿਓ।(ਕਿ) ਨਾਨਕ ਤੇਰਾ ਨਾਮ ਸਿਮਰਦਾ ਰਹੇ, (ਜੋ ਸਭ ਤਰ੍ਹਾਂ ਦਾ) ਖਜਾਨਾ ਹੈ।੪।੬੬।੧੩੫।
ਪਦਾਰਥ = ਸਮਰਥੁ–ਸਾਰੀਆਂ ਤਾਕਤਾਂ ਦਾ ਮਾਲਕ; ਸਭ ਕੁਝ ਕਰਨ ਯੋਗ।ਸੁਆਮੀ–ਮਾਲਕ।ਤੁਮ ਤੇ–ਤੇਰੇ ਹੁਕਮ ਨਾਲ; ਤੈਥੋਂ।੧।ਪੂਰਨ–ਸਰਬ ਵਿਆਪਕ।ਜਨ–ਦਾਸਾਂ ਦੀ।ਓਟ–ਆਸਰਾ।ਉਧਰਹਿ–ਤਰ ਜਾਂਦੇ ਹਨ।ਕੋਟ–ਕ੍ਰੋੜਾਂ ਹੀ।੧।ਰਹਾਉ।ਜੇਤੇ–ਜਿਤਨੇ।ਤੇਤੇ–ਉਤਨੇ।ਤੇ–ਤੋਂ; ਨਾਲ।ਘਨੇਰੇ–ਅਨੇਕ।੨।ਭਾਣਾ–ਮਰਜੀ; ਹੁਕਮ।ਸੋ–ਉਹ।ਸਚਿ–ਸੱਚ ਸਰੂਪ ਵਾਹਿਗੁਰੂ ਵਿਚ।ਸਮਾਣਾ–ਲੀਨ ਹੋ ਜਾਂਦਾ ਹੈ।੩।ਨਿਧਾਨੁ–ਖਜਾਨਾ।੪।੬੬।੧੩੫।
ਗਉੜੀ ਮਹਲਾ ੫ ॥ ਤਾ ਕਾ ਦਰਸੁ ਪਾਈਐ ਵਡਭਾਗੀ ॥ ਜਾ ਕੀ ਰਾਮ ਨਾਮਿ ਲਿਵ ਲਾਗੀ ॥੧॥ ਜਿਸ (ਸੇਵਕ ਦੀ) ਰਾਮ ਦੇ ਨਾਮ ਵਿਚ ਲਿਵ ਲਗੀ ਹੋਈ ਹੈ।ਉਸ (ਪਿਆਰੇ ਸੇਵਕ) ਦਾ ਦਰਸ਼ਨ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ।੧।
ਜਾ ਕੈ ਹਰਿ ਵਸਿਆ ਮਨਿ ਮਾਹੀ ॥ ਤਾ ਕਉ ਦੁਖੁ ਸੁਪਨੈ ਭੀ ਨਾਹੀ ॥੧॥ਰਹਾਉ॥ ਜਿਸ (ਸੇਵਕ) ਦੇ ਮਨ ਵਿਚ ਹਰੀ ਵਸਿਆ ਹੈ।ਉਸ ਨੂੰ ਸੁਪਨੇ ਵਿਚ ਵੀ ਦੁਖ ਨਹੀ (ਲਗ ਸਕਦਾ)।੧।ਰਹਾਉ।
ਸਰਬ ਨਿਧਾਨ ਰਾਖੇ ਜਨ ਮਾਹਿ ॥ ਤਾ ਕੈ ਸੰਗਿ ਕਿਲਵਿਖ ਦੁਖ ਜਾਹਿ ॥੨॥ (ਰੱਬ ਨੇ ਅਪਣੇ) ਸੇਵਕ ਦੇ (ਹਿਰਦੇ) ਅੰਦਰ ਸਾਰੇ ਖਜਾਨੇ ਰੱਖੇ ਹੋਏ ਹਨ।ਉਸ (ਸੇਵਕ) ਦੀ ਸੰਗਤ ਵਿਚ (ਰਹਿਣ ਕਰਕੇ) ਪਾਪ ਤੇ ਦੁਖ ਚਲੇ ਜਾਂਦੇ ਹਨ।੨।
ਜਨ ਕੀ ਮਹਿਮਾ ਕਥੀ ਨ ਜਾਇ ॥ ਪਾਰਬ੍ਰਹਮੁ ਜਨੁ ਰਹਿਆ ਸਮਾਇ ॥੩॥ (ਵਾਹਿਗੁਰੂ ਦੇ) ਸੇਵਕ ਦੀ ਵਡਿਆਈ ਕਹੀ ਨਹੀਂ ਜਾ ਸਕਦੀ।(ਕਿਉਂਕਿ) ਵਾਹਿਗੁਰੂ ਤੇ ਦਾਸ (ਇਕ ਦੂਜੇ ਵਿਚ) ਸਮਾਏ ਰਹਿੰਦੇ ਹਨ; (ਕਿਉਂਕਿ) ਸੇਵਕ ਵਾਹਿਗੁਰੂ ਰੂਪ ਹੈ, (ਜੋ ਸਭ ਜੀਵਾਂ ਵਿਚ) ਸਮਾ ਰਿਹਾ ਹੈ (ਦਰਪਣ; ਨਿਰਣੈ)।੩। ਬ੍ਰਹਮ ਮਹਿ ਜਨੁ ,ਜਨ ਮਹਿ ਪਾਰਬ੍ਰਹਮੁ।(੨੮੭)
ਕਰਿ ਕਿਰਪਾ ਪ੍ਰਭ ਬਿਨਉ ਸੁਨੀਜੈ ॥ ਦਾਸ ਕੀ ਧੂਰਿ ਨਾਨਕ ਕਉ ਦੀਜੈ ॥੪॥੬੭॥੧੩੬॥ ਹੇ ਪ੍ਰਭੂ ! ਕ੍ਰਿਪਾ ਕਰਕੇ (ਮੇਰੀ ਇਹ) ਬੇਨਤੀ ਸੁਣੋ ਜੀ।(ਅਪਣੇ) ਦਾਸ ਦੀ ਚਰਨ ਧੂੜ ਨਾਨਕ ਨੂੰ ਬਖਸ਼ ਦਿਓ ਜੀ।੪।੬੭।੧੩੬।
ਪਦਾਰਥ = ਤਾ ਕਾ–ਉਸ ਦਾ।ਰਾਮ ਨਾਮਿ–ਵਾਹਿਗੁਰੂ ਦੇ ਨਾਮ ਵਿਚ।ਜਾ ਕੀ–ਜਿਸ ਦੀ।੧।ਮਨਿ ਮਾਹੀ–ਮਨ ਵਿਚ।ਤਾ ਕਉ–ਉਸ ਨੂੰ।ਸੁਪਨੈ–ਸੁਪਨੇ ਵਿਚ ਭਾਵ ਕਦੇ ਵੀ।੧।ਰਹਾਉ।ਨਿਧਾਨ–ਖਜਾਨੇ।ਜਨ ਮਾਹਿ–ਸੇਵਕ ਵਿਚ।ਕਿਲਵਿਖ–ਪਾਪ।੨।ਰਹਿਆ ਸਮਾਇ–ਲੀਨ ਰਹਿੰਦਾ ਹੈ; ਵਿਆਪਕ ਹੋ ਰਿਹਾ ਹੈ।੩।ਬਿਨਉ–ਬੇਨਤੀ।ਨਾਨਕ ਕਉ–ਨਾਨਕ ਨੂੰ।੪।੬੭।੧੩੬।
ਗਉੜੀ ਮਹਲਾ ੫ ॥ ਹਰਿ ਸਿਮਰਤ ਤੇਰੀ ਜਾਇ ਬਲਾਇ ॥ ਸਰਬ ਕਲਿਆਣ ਵਸੈ ਮਨਿ ਆਇ ॥੧॥ (ਹੇ ਭਾਈ !) ਹਰੀ ਦਾ ਨਾਮ ਸਿਮਰਦਿਆਂ ਤੇਰੀ ਆਫਤ ਦੂਰ ਹੋ ਜਾਵੇਗੀ।ਅਤੇ ਸਾਰੇ ਸੁਖ ਤੇਰੇ ਮਨ ਵਿਚ ਆ ਵਸਣਗੇ।੧।
ਭਜੁ ਮਨ ਮੇਰੇ ਏਕੋ ਨਾਮ ॥ ਜੀਅ ਤੇਰੇ ਕੈ ਆਵੈ ਕਾਮੁ ॥੧॥ਰਹਾਉ॥ ਹੇ ਮੇਰੇ ਮਨ ! (ਤੂੰ) ਇਕ ਪ੍ਰਭੂ ਦਾ ਨਾਮ ਹੀ ਜਪ।ਜੋ ਤੇਰੇ ਜੀਵਨ (ਜਾਂ ਜਿੰਦ) ਦੇ ਕੰਮ ਆਵੇਗਾ ਭਾਵ ਸਹਾਇਤਾ ਕਰੇਗਾ।੧।ਰਹਾਉ।
ਰੈਣਿ ਦਿਨਸੁ ਗੁਣ ਗਾਉ ਅਨੰਤਾ ॥ ਗੁਰ ਪੂਰੇ ਕਾ ਨਿਰਮਲ ਮੰਤਾ ॥੨॥ (ਹੇ ਭਾਈ !) ਪੂਰੇ ਗੁਰੂ ਦਾ ਪਵਿਤ੍ਰ ਨਾਮ ਮੰਤ੍ਰ ਲੈ ਕੇ ਦਿਨ ਰਾਤ ਬਿਅੰਤ ਪ੍ਰਭੂ ਦੇ ਗੁਣ ਗਾਵੋ; ਪੂਰੇ ਗੁਰੂ ਦਾ ਨਿਰਮਲ ਉਪਦੇਸ (ਇਹੋ) ਹੈ ਕਿ ਦਿਨ ਰਾਤ ਬਿਅੰਤ ਪ੍ਰਭੂ ਦੇ ਗੁਣ ਗਾਵੋ।੨।
ਛੋਡਿ ਉਪਾਵ ਏਕ ਟੇਕ ਰਾਖੁ ॥ ਮਹਾ ਪਦਾਰਥੁ ਅੰਮ੍ਰਿਤ ਰਸੁ ਚਾਖੁ ॥੩॥ ਹੋਰ ਸਾਰੇ ਯਤਨ ਛਡ ਕੇ ਇਕ ਵਾਹਿਗੁਰੂ ਦੀ ਟੇਕ ਰੱਖ।(ਦੁਨਿਆਵੀ ਪਦਾਰਥਾਂ ਵਿਚੋਂ) ਮਹਾਨ ਪਦਾਰਥ ਨਾਮ ਅੰਮ੍ਰਿਤ ਹੈ, ਉਸ ਦਾ ਰਸ ਚੱਖ।੩।
ਬਿਖਮ ਸਾਗਰੁ ਤੇਈ ਜਨ ਤਰੇ ॥ ਨਾਨਕ ਜਾ ਕਉ ਨਦਰਿ ਕਰੇ ॥੪॥੬੮॥੧੩੭॥ ਹੇ ਨਾਨਕ ! ਜਿਨ੍ਹਾਂ (ਪੁਰਖਾਂ) ਉਤੇ ਵਾਹਿਗੁਰੂ ਮੇਹਰ ਦੀ ਨਜਰ ਕਰਦਾ ਹੈ।ਉਹ ਸੇਵਕ ਜਨ ਹੀ ਔਖੇ ਸੰਸਾਰ ਸਮੁੰਦਰ ਨੂੰ ਤਰਦੇ ਹਨ।੪।੬੮।੧੩੭।

All Rights Reserved by Harjinder Singh Gyani | www.GuruGranthVakhyaan.org

ਪਦਾਰਥ = ਬਲਾਇ-ਬਿਪਤਾ। ਸਰਬ-ਸਾਰੇ। ਕਲਿਆਣ-ਸੁਖ ਅਨੰਦ।੧। ਭਜੁ-ਜਪੋ। ਜੀਅ-ਜੀਵਨ; ਜਿੰਦ। ਕਾਮੁ-ਕੰਮ।੧। ਰਹਾਉ। ਰੈਣਿ-ਰਾਤ। ਅਨੰਤਾ-ਬਿਅੰਤ ਵਾਹਿਗੁਰੂ ਦੇ। ਨਿਰਮਲ-ਪਵਿਤ੍ਰ। ਮੰਤਾ-ਨਾਮ ਮੰਤ੍ਰ; ਉਪਦੇਸ਼।੨। ਉਪਾਵ-ਜਤਨ। ਟੇਕ-ਆਸਰਾ। ਮਹਾ ਪਦਾਰਥ-ਸਭ ਤੋਂ ਸ੍ਰੇਸ਼ਟ ਪਦਾਰਥ।੩। ਬਿਖਮ-ਔਖਾ। ਤੇਈ-ਉਹ ਹੀ। ਜਾ ਕਉ-ਜਿਨ੍ਹਾਂ ਉਤੇ।੪।੬੮।੧੩੭।

ਗਉੜੀ ਮਹਲਾ ੫ ॥ ਹਿਰਦੈ ਚਰਨ ਕਮਲ ਪ੍ਰਭ ਧਾਰੇ ॥ ਪੂਰੇ ਸਤਿਗੁਰ ਮਿਲਿ ਨਿਸਤਾਰੇ ॥੧॥ (ਜਿਸ ਸੇਵਕ ਨੇ) ਪੂਰੇ ਸਤਿਗੁਰੂ ਨੂੰ ਮਿਲ ਕੇ ਅਪਣੇ ਹਿਰਦੇ ਵਿਚ ਪ੍ਰਭੂ ਦੇ ਚਰਨ ਕਮਲ ਟਿਕਾਏ ਹਨ ਭਾਵ ਵਾਹਿਗੁਰੂ ਨੂੰ ਹਿਰਦੇ ਵਿਚ ਵਸਾ ਲਿਆ ਹੈ, (ਉਹ ਪੂਰੇ ਗੁਰੂ ਨੇ ਸੰਸਾਰ ਸਮੁੰਦਰ ਤੋਂ) ਤਾਰ ਦਿਤੇ ਹਨ।੧।

ਗੋਵਿੰਦ ਗੁਣ ਗਾਵਹੁ ਮੇਰੇ ਭਾਈ ॥ ਮਿਲਿ ਸਾਧੂ ਹਰਿ ਨਾਮੁ ਧਿਆਈ ॥੧॥ਰਹਾਉ॥ ਹੇ ਮੇਰੇ ਭਰਾਵੋ! (ਤੁਸੀਂ ਵੀ) ਪ੍ਰਮਾਤਮਾ ਦੇ ਗੁਣ ਗਾਵੋ। ਅਤੇ ਸਾਧੂਆਂ ਨੂੰ ਮਿਲ ਕੇ ਪ੍ਰਮਾਤਮਾ ਦਾ ਨਾਮ ਧਿਆਵੋ।੧। ਰਹਾਉ।

ਦੁਲਭ ਦੇਹ ਹੋਈ ਪਰਵਾਨੁ ॥ ਸਤਿਗੁਰ ਤੇ ਪਾਇਆ ਨਾਮ ਨਿਸਾਨੁ ॥੨॥ (ਜਿਸ ਮਨੁੱਖ ਨੇ) ਸਤਿਗੁਰੂ ਤੋਂ ਪ੍ਰਭੂ ਦੇ ਨਾਮ ਦਾ ਪ੍ਰਵਾਨਾ ਪ੍ਰਾਪਤ ਕਰ ਲਿਆ ਹੈ, ਉਸ ਦੀ ਦੁਰਲੱਭ ਦੇਹ (ਪ੍ਰਭੂ ਦੇ ਦਰ ਤੇ) ਪ੍ਰਵਾਨ ਹੋ ਗਈ ਹੈ।੨।

ਹਰਿ ਸਿਮਰਤ ਪੂਰਨ ਪਦੁ ਪਾਇਆ ॥ ਸਾਧ ਸੰਗਿ ਭੈ ਭਰਮ ਮਿਟਾਇਆ ॥੩॥ (ਜਿਸ ਮਨੁੱਖ ਨੇ) ਹਰੀ ਦਾ ਸਿਮਰਨ ਕਰਦਿਆਂ ਪੂਰਨ ਪਦ ਪਾ ਲਿਆ ਹੈ। (ਉਸ ਨੇ) ਸਾਧ ਸੰਗਤ ਕਰਦਿਆਂ ਭੈ ਤੇ ਭਰਮ ਮਿਟਾ ਦਿਤਾ ਹੈ।੩।

ਜਤ ਕਤ ਦੇਖਉ ਤਤ ਰਹਿਆ ਸਮਾਇ ॥ ਨਾਨਕ ਦਾਸ ਹਰਿ ਕੀ ਸਰਣਾਇ ॥੪॥੬੯॥੧੩੮॥ ਮੈਂ ਦਾਸ ਨਾਨਕ ਹਰੀ ਦੀ ਸ਼ਰਣ ਵਿਚ ਆਇਆ ਹਾਂ। ਜਿਥੇ ਕਿਥੇ ਦੇਖਦਾ ਹਾਂ, ਉਥੇ ਹਰੀ ਵਿਆਪਕ ਹੋ ਰਿਹਾ ਦੇਖਦਾ ਹਾਂ।੪।੬੮।੧੩੮।

ਪਦਾਰਥ = ਚਰਨ ਕਮਲ-ਪ੍ਰਭੂ ਦੇ ਚਰਨ ਜੋ ਕਮਲ ਫੁੱਲ ਵਰਗੇ ਕੋਮਲ ਹਨ। ਧਾਰੇ-ਟਿਕਾਏ ਹਨ। ਨਿਸਤਾਰੇ-ਤਾਰ ਦਿਤੇ ਹਨ।੧। ਭਾਈ-ਹੇ ਭਰਾਵੋ!। ਧਿਆਈ (ਧਿਆਇ)-ਸਿਮਰੋ।੧। ਰਹਾਉ। ਦੁਲਭ ਦੇਹ (ਦੁਲੱਭ ਬੋਲੋ)-ਮੁਸ਼ਕਲ ਨਾਲ ਮਿਲਣ ਵਾਲਾ ਮਨੁੱਖਾ ਸਰੀਰ। ਪਰਵਾਨੁ-ਮਨਜੂਰ। ਨਿਸਾਨੁ-ਪ੍ਰਵਾਨਾ; ਰਾਹਦਾਰੀ (ਵੀਜ਼ਾ; ਰੱਬ ਦੀ ਦਰਗਾਹ ਵਿਚ ਪ੍ਰਵਾਨ ਹੋਣ ਵਾਲਾ ਮਨ ਤੇ ਉਕਰਿਆ ਚਿੰਨ੍ਹ)।੨। ਪੂਰਨ ਪਦੁ-ਉਚੀ ਆਤਮਕ ਅਵਸਥਾ। ਭੈ-ਡਰ।੩। ਜਤ-ਜਿਥੇ। ਕਤ-ਕਿਥੇ। ਤਤ-ਉਥੇ।੪।੬੯।੧੩੮।

ਗਉੜੀ ਮਹਲਾ ੫ ॥ ਗੁਰ ਜੀ ਕੇ ਦਰਸਨ ਕਉ ਬਲਿ ਜਾਉ ॥ ਜਪਿ ਜਪਿ ਜੀਵਾ ਸਤਿਗੁਰ ਨਾਉ ॥੧॥ ਮੈਂ ਗੁਰੂ ਜੀ ਦੇ ਦਰਸ਼ਨ ਤੋਂ ਬਲਹਾਰ ਜਾਂਦਾ ਹਾਂ। ਅਤੇ ਸਤਿਗੁਰੂ ਦਾ (ਬਖਸ਼ਿਆ) ਨਾਮ ਜਪ ਜਪ ਕੇ ਜਿਉਂਦਾ ਹਾਂ।੧।

ਪਾਰਬ੍ਰਹਮ ਪੂਰਨ ਗੁਰਦੇਵ ॥ ਕਰਿ ਕਿਰਪਾ ਲਾਗਉ ਤੇਰੀ ਸੇਵ ॥੧॥ਰਹਾਉ॥ ਹੇ ਪਾਰਬ੍ਰਹਮ ਦਾ ਰੂਪ ਪੂਰਨ ਗੁਰਦੇਵ! (ਆਪ ਜੀ ਮੇਰੇ ਉਤੇ) ਕਿਰਪਾ ਕਰੋ, (ਤਾਂ ਕਿ ਮੈਂ) ਤੇਰੀ ਸੇਵਾ ਵਿਚ ਲੱਗਾ ਰਹਾਂ।੧। ਰਹਾਉ।

ਚਰਨ ਕਮਲ ਹਿਰਦੈ ਉਰਧਾਰੀ ॥ ਮਨ ਤਨ ਧਨ ਗੁਰ ਪ੍ਰਾਨ ਅਧਾਰੀ ॥੨॥ (ਇਹ ਵੀ ਕ੍ਰਿਪਾ ਕਰੋ ਕਿ ਮੈਂ ਆਪ ਜੀ ਦੇ) ਚਰਨ ਕਮਲ ਹਿਰਦੇ ਦੇ ਅੰਦਰ ਟਿਕਾਈ ਰੱਖਾਂ। (ਕਿਉਂਕਿ ਮੇਰੇ) ਮਨ, ਤਨ, ਧਨ ਅਤੇ ਪ੍ਰਾਣਾਂ ਦਾ ਆਸਰਾ ਗੁਰੂ ਜੀ ਹੀ ਹਨ।੨।

ਸਫਲ ਜਨਮੁ ਹੋਵੈ ਪਰਵਾਣੁ ॥ ਗੁਰੁ ਪਾਰਬ੍ਰਹਮੁ ਨਿਕਟਿ ਕਰਿ ਜਾਣੁ ॥੩॥ (ਹੇ ਭਾਈ!) ਪਾਰਬ੍ਰਹਮ ਸਰੂਪ ਗੁਰੂ ਨੂੰ ਅਪਣੇ ਨੇੜੇ ਕਰਕੇ ਸਮਝ। (ਇਸ ਤਰ੍ਹਾਂ ਤੇਰਾ) ਜਨਮ ਸਫਲ ਹੋਵੇਗਾ ਅਤੇ (ਤੂੰ ਰੱਬ ਦੀ ਦਰਗਾਹ ਵਿਚ) ਪ੍ਰਵਾਨ ਹੋ ਜਾਵੇਂਗਾ।੩।

ਸੰਤ ਧੂਰਿ ਪਾਈਐ ਵਡਭਾਗੀ ॥ ਨਾਨਕ ਗੁਰ ਭੇਟਤ ਹਰਿ ਸਿਉ ਲਿਵ ਲਾਗੀ ॥੪॥੭੦॥੧੩੯॥ ਸੰਤ ਗੁਰੂ ਦੇ ਚਰਨਾਂ ਦੀ ਧੂੜ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ। ਹੇ ਨਾਨਕ! ਗੁਰੂ ਨੂੰ ਮਿਲਣ ਕਰਕੇ ਹਰੀ ਨਾਲ ਲਿਵ ਲਗ ਜਾਂਦੀ ਹੈ।੪।੭੦।੧੩੯।

ਪਦਾਰਥ = ਬਲਿ ਜਾਉ-ਮੈਂ ਬਲਹਾਰ ਜਾਂਦਾ ਹਾਂ। ਜੀਵਾ-ਮੈਂ ਜਿਉਂਦਾ ਹਾਂ।੧। ਗੁਰਦੇਵ-ਇਸ਼ਟ ਦੇਵ; ਗੁਰੂ ਨਾਨਕ ਦੇਵ ਜੀ; ਪ੍ਰਕਾਸ਼ ਸਰੂਪ ਗੁਰੂ। ਸੇਵ-ਸੇਵਾ ਭਗਤੀ।੧। ਰਹਾਉ। ਹਿਰਦੈ ਉਰ ਧਾਰੀ-ਹਿਰਦੇ ਦੇ ਅੰਦਰ ਟਿਕਾਈ ਰੱਖਾਂ। ਅਧਾਰੀ-ਆਸਰਾ।੨। ਨਿਕਟਿ -ਹਾਜਰ ਨਾਜਰ; ਨੇੜੇ। ਜਾਣੁ-ਸਮਝੋ।੩। ਭੇਟਤ-ਮਿਲਣ ਕਰਕੇ। ਸਿਉ-ਨਾਲ। ਲਿਵ-ਧਿਆਨ।੪।੭੦।੧੩੯।

ਅੰਗ ੧੯੪ = ਗਉੜੀ ਮਹਲਾ ੫ ॥ ਕਰੈ ਦੁਹਕਰਮ ਦਿਖਾਵੈ ਹੋਰੁ ॥ ਰਾਮ ਕੀ ਦਰਗਹ ਬਾਧਾ ਚੋਰੁ ॥੧॥ (ਜਿਹੜਾ ਮਨੁੱਖ ਲੁਕ ਕੇ) ਖੋਟੇ ਕਰਮ ਕਰਦਾ ਹੈ ਅਤੇ (ਲੋਕਾਂ ਨੂੰ ਬਾਹਰੋਂ) ਹੋਰ ਰੂਪ (ਚੰਗਾ ਧਰਮੀ ਬਣ ਕੇ) ਦਿਖਾਉਂਦਾ ਹੈ। (ਉਹ ਪੁਰਖ ਅਪਣੇ ਪਾਪ

All Rights Reserved by Harjinder Singh Gyani | www.GuruGranthVakhyaan.org

ਕਰਮਾਂ ਨੂੰ ਲੁਕਾ ਕੇ ਰੱਖਣ ਵਾਲਾ) ਚੋਰ ਹੈ ਅਤੇ ਰਾਮ ਦੀ ਦਰਗਾਹ ਵਿਚ (ਚੋਰਾਂ ਵਾਂਗ) ਬੰਨ੍ਹਿਆ ਜਾਵੇਗਾ।੧।

ਰਾਮੁ ਰਮੈ ਸੋਈ ਰਾਮਾਣਾ ॥ ਜਲਿ ਥਲਿ ਮਹੀਅਲਿ ਏਕੁ ਸਮਾਣਾ ॥੧॥ਰਹਾਉ॥ (ਜੋ ਪੁਰਖ) ਰਾਮ ਨੂੰ ਸਿਮਰਦਾ ਹੈ, ਉਹ ਹੀ ਰਾਮ ਦਾ (ਸੱਚਾ ਭਗਤ) ਹੈ।(ਉਹ ਜਾਣ ਲੈਂਦਾ ਹੈ ਕਿ) ਜਲ, ਥਲ, ਪ੍ਰਿਥਵੀ ਤੇ ਅਕਾਸ਼ ਵਿਚ ਇਕ ਪ੍ਰਭੂ ਸਮਾ ਰਿਹਾ ਹੈ।੧।ਰਹਾਉ।

ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ ॥ ਜਮ ਪੁਰਿ ਬਾਧਾ ਚੋਟਾ ਖਾਵੈ ॥੨॥ (ਜਿਸ ਮਨੁੱਖ ਦੇ) ਅੰਦਰ ਜਹਿਰ ਹੈ. ਪਰ ਮੂੰਹ ਨਾਲ ਅੰਮ੍ਰਿਤ ਬਚਨ ਸੁਣਾਉਂਦਾ ਹੈ।(ਉਹ) ਜਮਾਂ ਦੀ ਪੁਰੀ (ਨਰਕ) ਵਿਚ ਬੰਨ੍ਹਿਆ ਹੋਇਆ (ਜਮਾਂ ਦੀ) ਮਾਰ ਖਾਂਦਾ ਹੈ।੨।

ਅਨਿਕ ਪੜਦੇ ਮਹਿ ਕਮਾਵੈ ਵਿਕਾਰ ॥ ਖਿਨ ਮਹਿ ਪ੍ਰਗਟ ਹੋਹਿ ਸੰਸਾਰਿ ॥੩॥ (ਜਿਹੜਾ ਮਨੁੱਖ) ਅਨੇਕਾਂ ਪੜਦਿਆਂ ਵਿਚ (ਲੁਕ ਕੇ) ਵਿਕਾਰ ਕਮਾਉਂਦਾ ਹੈ।(ਉਸ ਦੇ ਪਾਪ ਕਰਮ) ਥੋੜੇ ਚਿਰ ਵਿਚ ਹੀ ਸੰਸਾਰ ਵਿਚ ਪ੍ਰਗਟ ਹੋ ਜਾਂਦੇ ਹਨ।੩।

ਅੰਤਰਿ ਸਾਚਿ ਨਾਮਿ ਰਸਿ ਰਾਤਾ ॥ ਨਾਨਕ ਤਿਸੁ ਕਿਰਪਾਲੁ ਬਿਧਾਤਾ ॥੪॥੭੧॥੧੪੦॥ (ਜਿਸ ਮਨੁੱਖ ਦੇ ਹਿਰਦੇ) ਅੰਦਰ ਸੱਚ ਹੈ ਅਤੇ ਨਾਮ ਰਸ ਵਿਚ ਰੰਗਿਆ ਹੋਇਆ ਹੈ।ਹੇ ਨਾਨਕ! ਉਸ ਉਤੇ ਫਲ ਬਰਦਾਤਾ ਪ੍ਰਭੂ ਕ੍ਰਿਪਾਲੂ ਹੁੰਦਾ ਹੈ।੪।੭੧।੧੪੦।

ਪਦਾਰਥ = ਦੁਹਕਰਮ-ਬੁਰੇ ਕਰਮ।ਰਾਮ-ਪ੍ਰਭੂ।ਬਾਧਾ-ਬੰਨ੍ਹਿਆ ਜਾਂਦਾ ਹੈ।੧।ਥਲਿ-ਸੁੱਕੀ ਧਰਤੀ ਵਿਚ; ਮਾਰੂ ਥਲ ਵਿਚ। ਮਹੀਅਲਿ-ਧਰਤੀ ਤੇ ਅਕਾਸ਼ ਦੇ ਵਿਚਕਾਰ ਵਾਲੀ ਜਗ੍ਹਾ (ਪੁਲਾੜ) ਵਿਚ।ਸਮਾਣਾ-ਸਮਾ ਰਿਹਾ ਹੈ।੧।ਰਹਾਉ।ਬਿਖੁ-(ਵਿਕਾਰਾਂ ਦੀ) ਜਹਿਰ।ਮੁਖਿ-ਮੂੰਹ ਨਾਲ।ਜਮ ਪੁਰਿ-ਜਮਾਂ ਦੀ ਪੁਰੀ (ਨਰਕ)।ਚੋਟਾ-ਮਾਰ।੨।ਖਿਨ ਮਹਿ-ਥੋੜੇ ਚਿਰ ਵਿਚ ਹੀ।ਹੋਹਿ-ਹੋ ਜਾਂਦੇ ਹਨ।੩।ਰਾਤਾ-ਰੰਗਿਆ ਹੈ।ਬਿਧਾਤਾ-ਸਿਰਜਣਹਾਰ ਪ੍ਰਭੂ; ਜੀਵਾਂ ਦੇ ਭਾਗ ਬਣਾਉਣ ਵਾਲਾ ਕਰਤਾਰ।੪।੭੧।੧੪੦।

ਗਉੜੀ ਮਹਲਾ ੫ ॥ ਰਾਮ ਰੰਗੁ ਕਦੇ ਉਤਰਿ ਨ ਜਾਇ ॥ ਗੁਰੁ ਪੂਰਾ ਜਿਸੁ ਦੇਇ ਬੁਝਾਇ ॥੧॥ ਜਿਸ (ਪੁਰਖ) ਨੂੰ ਪੂਰੇ ਗੁਰੂ ਜੀ ਸਮਝਾ (ਪ੍ਰੇਮ ਰੰਗ ਦੀ ਜਾਣਕਾਰੀ ਦੇ) ਦੇਂਦੇ ਹਨ, (ਉਸ ਦੇ ਮਨ ਤੋਂ) ਰਾਮ ਦਾ ਪ੍ਰੇਮ ਰੰਗ ਕਦੇ ਉਤਰ ਨਹੀਂ ਜਾਂਦਾ।੧।

ਹਰਿ ਰੰਗਿ ਰਾਤਾ ਸੋ ਮਨੁ ਸਾਚਾ ॥ ਲਾਲ ਰੰਗ ਪੂਰਨ ਪੁਰਖੁ ਬਿਧਾਤਾ ॥੧॥ਰਹਾਉ॥ ਉਸ (ਮਨੁੱਖ ਦਾ) ਮਨ ਸੱਚਾ ਹੈ, ਜੋ ਹਰੀ ਦੇ ਪ੍ਰੇਮ ਰੰਗ ਵਿਚ ਰੰਗਿਆ ਹੋਇਆ ਹੈ।(ਜਿਸ ਪੁਰਖ ਨੂੰ ਹਰੀ ਦੇ ਪ੍ਰੇਮ ਦਾ) ਪੱਕਾ ਰੰਗ ਚੜ੍ਹ ਗਿਆ ਹੈ, (ਉਹ) ਸਰਬ ਵਿਆਪਕ ਫਲ ਪ੍ਰਦਾਤੇ ਅਕਾਲ ਪੁਰਖ ਦਾ ਰੂਪ ਹੋ ਜਾਂਦਾ ਹੈ।੧।ਰਹਾਉ।

ਸੰਤਹ ਸੰਗਿ ਬੈਸਿ ਗੁਨ ਗਾਇ ॥ ਤਾ ਕਾ ਰੰਗੁ ਨ ਉਤਰੈ ਜਾਇ ॥੨॥ (ਜਿਹੜਾ ਪੁਰਖ) ਸੰਤਾਂ ਦੀ ਸੰਗਤ ਵਿਚ ਬੈਠ ਕੇ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ।ਉਸ ਦੇ ਪ੍ਰੇਮ ਦਾ ਰੰਗ ਨਾ ਉਤਰਦਾ ਹੈ ਅਤੇ ਨਾ ਹੀ ਜਾਂਦਾ ਹੈ (ਫਿੱਕਾ ਨਹੀਂ ਹੁੰਦਾ)।੨।

ਬਿਨੁ ਹਰਿ ਸਿਮਰਨ ਸੁਖੁ ਨਹੀ ਪਾਇਆ ॥ ਆਨ ਰੰਗ ਫੀਕੇ ਸਭ ਮਾਇਆ ॥੩॥ ਹਰੀ ਦੇ ਨਾਮ ਸਿਮਰਨ ਤੋਂ ਬਿਨਾ ਕਿਸੇ (ਮਨੁੱਖ) ਨੇ ਸੁਖ ਪ੍ਰਾਪਤ ਨਹੀਂ ਕੀਤਾ।(ਹਰੀ ਦੇ ਪ੍ਰੇਮ ਰੰਗ ਤੋਂ ਬਿਨਾ) ਮਾਇਆ ਹੋਰ ਜੋ ਰੰਗ ਹਨ, ਸਾਰੇ ਫਿੱਕੇ (ਕੱਚੇ) ਹਨ (ਰੱਬ ਦੇ ਪ੍ਰੇਮ ਤੋਂ ਬਿਨਾ ਹੋਰ ਜਿਤਨੇ ਵੀ ਪਿਆਰ ਹਨ, ਸਾਰੇ ਮਾਇਆ ਦੇ ਸਬੰਧ ਕਰਕੇ ਹਨ, ਜੋ ਛੇਤੀ ਟੁੱਟ ਜਾਂਦੇ ਹਨ)।੩।

ਗੁਰਿ ਰੰਗੇ ਸੇ ਭਏ ਨਿਹਾਲ ॥ ਕਹੁ ਨਾਨਕ ਗੁਰ ਭਏ ਹੈ ਦਇਆਲ ॥੪॥੭੨॥੧੪੧॥ (ਜਿਹੜੇ ਪੁਰਖ) ਗੁਰੂ ਨੇ ਹਰੀ ਦੇ ਪ੍ਰੇਮ ਰੰਗ ਵਿਚ ਰੰਗੇ ਹਨ, ਉਹ ਨਿਹਾਲ ਹੋਏ ਹਨ।ਗੁਰੂ ਜੀ ਆਖਦੇ ਹਨ ਕਿ ਗੁਰੂ (ਉਨ੍ਹਾਂ ਤੇ) ਦਿਆਲ ਹੋਇਆ ਹੈ।੪।੭੨।੧੪੧।

ਪਦਾਰਥ = ਰਾਮ ਰੰਗੁ-ਵਾਹਿਗੁਰੂ ਦੇ ਪ੍ਰੇਮ ਦਾ ਰੰਗ।ਦੇਇ ਬੁਝਾਇ-ਸਮਝਾ ਦੇਂਦਾ ਹੈ।੧।ਰਾਤਾ-ਰੰਗਿਆ ਹੈ।ਸੋ-ਉਹ; ਉਸ।ਲਾਲ ਰੰਗ-ਪੱਕਾ ਰੰਗ; ਅਟੁੱਟ ਪ੍ਰੇਮ।ਪੂਰਨ ਪੁਰਖ-ਸਰਬ ਵਿਆਪਕ ਅਕਾਲ ਪੁਰਖ।ਬਿਧਾਤਾ-ਸਿਰਜਣਹਾਰ; ਕਰਮਾਂ ਅਨੁਸਾਰ ਫਲ ਦੇਣ ਵਾਲਾ ਕਰਤਾਰ।੧।ਰਹਾਉ।ਬੈਸਿ-ਬੈਠ ਕੇ।ਤਾ ਕਾ-ਉਸ ਦਾ।ਨ ਉਤਰੈ-ਉਤਰਦਾ ਨਹੀਂ।੨।ਆਨ-ਹੋਰ।ਫੀਕੇ-ਕੱਚੇ (ਛੇਤੀ ਉਤਰ ਜਾਣ ਵਾਲੇ); ਬੇ ਸੁਆਦੇ।੩।ਸੇ-ਉਹ।ਭਏ-ਹੋਏ ਹਨ।ਨਿਹਾਲ-ਪ੍ਰਸੰਨ; ਸਫਲ; ਕ੍ਰਿਤਾਰਥ।੪।੭੨।੧੪੧।

ਗਉੜੀ ਮਹਲਾ ੫ ॥ ਸਿਮਰਤ ਸੁਆਮੀ ਕਿਲਵਿਖ ਨਾਸੇ ॥ ਸੂਖ ਸਹਜ ਆਨੰਦ ਨਿਵਾਸੇ ॥੧॥ ਮਾਲਕ ਪ੍ਰਭੂ ਦਾ ਨਾਮ ਸਿਮਰਦਿਆਂ (ਸੇਵਕਾਂ ਦੇ) ਪਾਪ ਨਾਸ਼ ਹੋ ਗਏ ਹਨ।ਅਤੇ (ਉਨ੍ਹਾਂ ਦੇ ਹਿਰਦੇ ਅੰਦਰ) ਸਹਿਜ ਸੁਖ ਤੇ ਅਨੰਦ ਦਾ ਨਿਵਾਸ ਹੋ ਗਿਆ ਹੈ।੧।

ਰਾਮ ਜਨਾ ਕਉ ਰਾਮ ਭਰੋਸਾ ॥ ਨਾਮੁ ਜਪਤ ਸਭੁ ਮਿਟਿਓ ਅੰਦੇਸਾ ॥੧॥ਰਹਾਉ॥ ਪ੍ਰਭੂ ਦੇ ਸੇਵਕਾਂ ਨੂੰ ਪ੍ਰਭੂ ਦਾ ਹੀ ਭਰੋਸਾ ਹੈ। (ਕਿਉਂਕਿ ਪ੍ਰਭੂ ਦਾ) ਨਾਮ ਜਪਦਿਆਂ (ਉਨ੍ਹਾਂ ਸੇਵਕਾਂ ਦਾ) ਸਾਰਾ ਫਿਕਰ ਮਿਟ ਗਿਆ ਹੈ।੧।ਰਹਾਉ।

All Rights Reserved by Harjinder Singh Gyani | www.GuruGranthVakhyaan.org

ਸਾਧ ਸੰਗਿ ਕਛੁ ਭਉ ਨ ਭਰਾਤੀ ॥ ਗੁਣ ਗੋਪਾਲ ਗਾਈਅਹਿ ਦਿਨੁ ਰਾਤੀ ॥੨॥ ਸਾਧੂਆਂ ਦੀ ਸੰਗਤ ਵਿਚ (ਬੈਠਣ ਨਾਲ) ਕੋਈ ਡਰ ਤੇ ਭਰਮ ਨਹੀਂ ਰਹਿੰਦਾ।(ਇਸ ਕਰਕੇ) ਦਿਨ ਰਾਤ ਪ੍ਰਭੂ ਦੇ ਗੁਣ ਗਾਉਣੇ ਚਾਹੀਦੇ ਹਨ।੨।

ਕਰਿ ਕਿਰਪਾ ਪ੍ਰਭ ਬੰਧਨ ਛੋਟ ॥ ਚਰਣ ਕਮਲ ਕੀ ਦੀਨੀ ਓਟ ॥੩॥ ਪ੍ਰਭੂ ਨੇ ਕ੍ਰਿਪਾ ਕਰਕੇ (ਸੇਵਕਾਂ ਨੂੰ ਅਪਣੇ) ਚਰਨਾਂ ਕਮਲਾਂ ਦੀ ਓਟ ਦਿਤੀ, (ਜਿਸ ਕਰਕੇ ਸੇਵਕਾਂ ਨੂੰ ਜਨਮ ਮਰਣ ਦੇ) ਬੰਧਨਾਂ ਤੋਂ ਛੁਟਕਾਰਾ ਮਿਲ ਗਿਆ ਹੈ।੩।

ਕਹੁ ਨਾਨਕ ਮਨਿ ਭਈ ਪਰਤੀਤਿ ॥ ਨਿਰਮਲ ਜਸੁ ਪੀਵਹਿ ਜਨ ਨੀਤਿ ॥੪॥੭੩॥੧੪੨॥ ਗੁਰੂ ਜੀ ਆਖਦੇ ਹਨ ਕਿ (ਜਿਸ ਸੇਵਕ ਦੇ) ਮਨ ਵਿਚ ਭਰੋਸਾ ਹੋ ਗਿਆ ਹੈ, ਉਹ ਸੇਵਕ ਹਰੀ ਦਾ ਪਵਿਤ੍ਰ ਜਸ ਰੂਪ ਅੰਮ੍ਰਿਤ ਨਿੱਤ ਪੀਂਦੇ ਹਨ।੪।੭੩।੧੪੨।

ਪਦਾਰਥ = ਕਿਲਵਿਖ–ਪਾਪ।ਸੁਖ ਸਹਜ–ਕੁਦਰਤੀ ਸੁਖ।੧।ਜਨਾ ਕਉ–ਸੇਵਕਾਂ ਨੂੰ।ਅੰਦੇਸਾ–ਫਿਕਰ।੧।ਰਹਾਉ।ਭਉ–ਡਰ। ਭਰਾਤੀ–ਭਰਮ; ਭੁਲੇਖਾ।੨।ਛੋਟ–ਛੁਟਕਾਰਾ।ਦੀਨੀ–ਦਿਤੀ।੩।ਪਰਤੀਤਿ–ਭਰੋਸਾ।ਨੀਤਿ–ਨਿੱਤ; ਸਦਾ।੪।੭੩।੧੪੨।

ਗਉੜੀ ਮਹਲਾ ੫ ॥ ਹਰਿ ਚਰਣੀ ਜਾ ਕਾ ਮਨੁ ਲਾਗਾ ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗਾ ॥੧॥ ਜਿਸ (ਮਨੁੱਖ) ਦਾ ਮਨ ਹਰੀ ਦੇ ਚਰਣਾਂ ਨਾਲ ਲਗ (ਜੁੜ) ਗਿਆ ਹੈ।ਉਸ ਦਾ ਦੁੱਖ ਦਰਦ ਤੇ ਭਰਮ ਦੌੜ (ਦੂਰ ਹੋ) ਗਿਆ ਹੈ।੧।

ਹਰਿ ਧਨ ਕੋ ਵਾਪਾਰੀ ਪੂਰਾ ॥ ਜਿਸਹਿ ਨਿਵਾਜੇ ਸੋ ਜਨੁ ਸੂਰਾ ॥੧॥ਰਹਾਉ॥ (ਜੋ ਮਨੁੱਖ ਗੁਰੂ ਨੂੰ ਤਨ ਮਨ ਦੇ ਕੇ) ਹਰੀ ਦਾ ਨਾਮ ਰੂਪ ਧਨ (ਲੈਣ) ਦਾ ਵਪਾਰੀ ਹੈ, (ਉਹ ਸ਼ੁੱਭ ਗੁਣਾਂ ਕਰਕੇ) ਪੂਰਨ ਪੁਰਖ ਹੈ।ਜਿਸ ਨੂੰ ਪ੍ਰਭੂ ਵਡਿਆਈ ਦੇਂਦਾ ਹੈ, ਉਹ ਪੁਰਖ (ਕਾਮਾਦਿਕਾਂ ਨੂੰ ਜਿੱਤਣ ਲਈ) ਬਹਾਦਰ ਬਣ ਜਾਂਦਾ ਹੈ।੧।ਰਹਾਉ।

ਜਾ ਕਉ ਭਏ ਕ੍ਰਿਪਾਲ ਗੁਸਾਈ ॥ ਸੇ ਜਨ ਲਾਗੇ ਗੁਰ ਕੀ ਪਾਈ ॥੨॥ ਜਿਨ੍ਹਾਂ (ਮਨੁੱਖਾਂ) ਉਤੇ ਧਰਤੀ ਦੇ ਮਾਲਕ ਪ੍ਰਭੂ ਦਿਆਲ ਹੋਏ ਹਨ।ਉਹ ਮਨੁੱਖ ਗੁਰੂ ਦੇ ਚਰਣੀ ਲੱਗੇ (ਜੁੜੇ) ਹਨ।੨।

ਸੂਖ ਸਹਜ ਸਾਂਤਿ ਆਨੰਦਾ ॥ ਜਪਿ ਜਪਿ ਜੀਵੇ ਪਰਮਾਨੰਦਾ ॥੩॥ ਜੋ ਮਨੁੱਖ ਪਰਮ ਅਨੰਦ ਸਰੂਪ ਵਾਹਿਗੁਰੂ ਨੂੰ ਜਪ ਜਪ ਕੇ ਜਿਉਂਦਾ ਹੈ।ਉਸ ਨੂੰ ਕੁਦਰਤੀ (ਮਾਨਸਕ ਟਿਕਾਉ ਵਾਲਾ) ਸੁਖ, ਸ਼ਾਤੀ ਤੇ ਅਨੰਦ ਪ੍ਰਾਪਤ ਹੋਇਆ ਹੈ।੩।

ਨਾਮ ਰਾਸਿ ਸਾਧ ਸੰਗਿ ਖਾਟੀ ॥ ਕਹੁ ਨਾਨਕ ਪ੍ਰਭਿ ਅਪਦਾ ਕਾਟੀ ॥੪॥੭੪॥੧੪੩॥ (ਜਿਸ ਮਨੁੱਖ ਨੇ) ਸਾਧ ਸੰਗਤ ਵਿਚ ਬੈਠ ਕੇ ਨਾਮ ਦੀ ਪੂੰਜੀ ਖੱਟੀ ਹੈ।ਗੁਰੂ ਜੀ ਆਖਦੇ ਹਨ ਕਿ ਪ੍ਰਭੂ ਨੇ (ਉਸ ਦੀ ਸਾਰੀ) ਬਿਪਤਾ ਕੱਟ ਦਿਤੀ ਹੈ।੪।੭੪।੧੪੩।

ਪਦਾਰਥ = ਜਾ ਕਾ–ਜਿਸ ਦਾ।ਤਾ ਕਾ–ਉਸ ਦਾ।ਭਾਗਾ–ਦੌੜ (ਦੂਰ ਹੋ) ਗਿਆ।੧।ਪੂਰਾ–(ਗੁਣਾਂ ਕਰਕੇ) ਪੂਰਨ।ਜਿਸਹਿ–ਜਿਸ ਨੂੰ।ਨਿਵਾਜੇ–ਵਡਿਆਈ ਦਿੰਦਾ ਹੈ; ਕ੍ਰਿਪਾ ਕਰਦਾ ਹੈ।ਸੂਰਾ–(ਕਾਮਾਦਿਕਾਂ ਦਾ ਮੁਕਾਬਲਾ ਕਰਨ ਵਾਲਾ) ਬਹਾਦਰ।੧।ਰਹਾਉ।ਜਾ ਕਉ–ਜਿਸ ਉਤੇ।ਗੁਸਾਈ–ਧਰਤੀ ਦਾ ਮਾਲਕ ਪ੍ਰਭੂ।ਸੇ–ਉਹ।ਪਾਈ–ਪੈਰੀਂ (ਚਰਣੀ)।੨।ਸਹਜ ਸੂਖ–ਮਾਨਸਕ ਟਿਕਾਉ ਵਾਲਾ ਸੁੱਖ।੩।ਰਾਸਿ–ਪੂੰਜੀ।ਖਾਟੀ–ਕਮਾਈ ਹੈ।ਅਪਦਾ–ਬਿਪਤਾ (ਦੁਖ)।ਕਾਟੀ–ਕੱਟ ਦਿਤੀ।੪।੭੪।੧੪੩।

ਗਉੜੀ ਮਹਲਾ ੫ ॥ ਹਰਿ ਸਿਮਰਤ ਸਭਿ ਮਿਟਹਿ ਕਲੇਸ ॥ ਚਰਣ ਕਮਲ ਮਨ ਮਹਿ ਪਰਵੇਸ ॥੧॥ (ਹੇ ਭਾਈ!) ਹਰੀ ਦਾ ਨਾਮ ਸਿਮਰਦਿਆਂ ਸਭ ਤਰ੍ਹਾਂ ਦੇ ਕਲੇਸ਼ ਮਿਟ ਜਾਂਦੇ ਹਨ।ਅਤੇ ਪ੍ਰਭੂ ਦੇ ਚਰਨ ਕਮਲ ਮਨ ਵਿਚ ਪ੍ਰਵੇਸ਼ ਹੋ (ਵਸ) ਜਾਂਦੇ ਹਨ।੧।

ਉਚਰਹੁ ਰਾਮ ਨਾਮੁ ਲਖ ਬਾਰੀ ॥ ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ ॥੧॥ਰਹਾਉ॥ ਹੇ ਪਿਆਰੀ (ਰਸਨਾ)! ਪ੍ਰਭੂ ਦਾ ਨਾਮ ਲੱਖਾਂ ਵਾਰ ਉਚਾਰਦੀ ਰਹੁ ਅਤੇ (ਇਸ ਪ੍ਰਕਾਰ ਨਾਮ ਜਪਦਿਆਂ) ਪ੍ਰਭੂ ਦੇ ਅੰਮ੍ਰਿਤ ਨਾਮ ਦਾ ਰਸ ਪੀਂਦੀ ਰਹੁ।੧।ਰਹਾਉ।

ਸੂਖ ਸਹਜ ਰਸ ਮਹਾ ਅਨੰਦਾ ॥ ਜਪਿ ਜਪਿ ਜੀਵੇ ਪਰਮਾਨੰਦਾ ॥੨॥ (ਜੋ ਮਨੁੱਖ) ਪਰਮ ਅਨੰਦ ਸਰੂਪ ਪ੍ਰਭੂ ਦਾ ਨਾਮ ਜਪ ਜਪ ਕੇ ਜਿਉਂਦਾ ਹੈ, (ਉਸ ਨੂੰ) ਮਾਨਸਕ ਟਿਕਾਉ ਵਾਲਾ ਸੁਖ ਤੇ ਅਨੰਦ ਦਾ ਮਹਾਨ ਰਸ ਪ੍ਰਾਪਤ ਹੋ ਜਾਂਦਾ ਹੈ।੨।

ਕਾਮ ਕ੍ਰੋਧ ਲੋਭ ਮਦ ਖੋਏ ॥ ਸਾਧ ਕੈ ਸੰਗਿ ਕਿਲਬਿਖ ਸਭ ਧੋਏ ॥੩॥ ਸਾਧ ਸੰਗਤ ਵਿਚ (ਨਾਮ ਜਪਣ ਵਾਲੇ ਮਨੁੱਖ ਦੇ) ਸਾਰੇ ਪਾਪ ਧੋਤੇ ਗਏ ਹਨ ਅਤੇ (ਉਸ ਦੇ) ਕਾਮ ਕ੍ਰੋਧ ਲੋਭ ਤੇ ਹੰਕਾਰ ਨਾਸ਼ ਹੋ ਗਏ ਹਨ।੩।

ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥ ਨਾਨਕ ਦੀਜੈ ਸਾਧ ਰਵਾਲਾ ॥੪॥੭੫॥੧੪੩॥ (ਅਰਦਾਸ) ਗਰੀਬਾਂ ਉਪਰ ਦਇਆ ਕਰਨ ਵਾਲੇ ਹੇ ਪ੍ਰਭੂ! (ਸਾਡੇ ਉਤੇ) ਕਿਰਪਾ ਕਰ।ਨਾਨਕ ਨੂੰ ਸਾਧੂਆਂ ਦੀ ਚਰਨ ਧੂੜ ਦੇਹ (ਬਖਸ਼)।੪।੭੫।੧੪੪।

All Rights Reserved by Harjinder Singh Gyani | www.GuruGranthVakhyaan.org

ਪਦਾਰਥ = ਕਲੇਸ-ਦੁੱਖ; ਝਗੜੇ।ਪਰਵੇਸ-ਅੰਦਰ ਟਿਕ ਜਾਂਦੇ ਹਨ।੧।ਲਖ ਬਾਰੀ-ਲੱਖਾਂ ਬਾਰੀ (ਬਾਰ ਬਾਰ)।ਪਿਆਰੀ-ਹੇ ਪਿਆਰੀ ਰਸਨਾ!।੧।ਰਹਾਉ।ਸੁਖ ਸਹਜ-ਮਾਨਸਕ ਟਿਕਾਉ ਵਾਲਾ ਸੁੱਖ।ਪਰਮਾਨੰਦਾ-ਪਰਮ ਅਨੰਦ ਦਾ ਮਾਲਕ ਪ੍ਰਭੂ।੨।ਮਦ-ਹੰਕਾਰ।ਖੋਏ-ਨਾਸ਼ ਹੋ ਗਏ ਹਨ।੩।ਦੀਨ-ਗਰੀਬ; ਅਨਾਥ।ਰਵਾਲਾ-ਚਰਨ ਧੂੜ।੪।੭੫।੧੪੪।

ਪਿਆਰੀ = ਇਥੇ 'ਪਿਆਰੀ' ਪਦ ਰਸਨਾ ਦਾ ਸੰਬੋਧਨ ਹੈ।ਪ੍ਰਭੂ ਨੂੰ ਭਗਤੀ ਪਿਆਰੀ ਹੈ, ਉਸ ਭਗਤੀ ਦੇ ਅੰਮ੍ਰਿਤ ਰਸ ਨੂੰ ਪੀਓ (ਸੰ.ਸ.; ਟਕਸਾਲ)।ਪਿਆਰੀ ਨੂੰ ਪਿਆਰਿ ਕਰਕੇ ਅਰਥ = ਪ੍ਰਭੂ ਨੂੰ ਪਿਆਰ ਕਰਨ ਨਾਲ ਤੁਸੀਂ ਵੀ ਅੰਮ੍ਰਿਤ ਰਸ ਪੀਓਗੇ।

ਅੰਗ ੧੯੫ = ਗਉੜੀ ਮਹਲਾ ੫ ॥ ਜਿਸ ਕਾ ਦੀਆ ਪੈਨੈ ਖਾਇ ॥ ਤਿਸੁ ਸਿਉ ਆਲਸੁ ਕਿਉ ਬਨੈ ਮਾਇ ॥੧॥ ਜਿਸ (ਪ੍ਰਭੂ) ਦੇ ਦਿਤੇ (ਪਦਾਰਥ ਜੀਵ) ਖਾਂਦਾ ਹੈ ਤੇ (ਬਸਤਰ) ਪਹਿਨਦਾ ਹੈ।ਹੇ ਮਾਂ! ਉਸ ਪ੍ਰਭੂ ਨਾਲ ਆਲਸ ਕਰਨਾ ਕਿਵੇਂ ਬਣ ਸਕਦਾ ਹੈ? ਭਾਵ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਨ ਵਿਚ ਆਲਸ ਨਹੀਂ ਕਰਨਾ ਚਾਹੀਦਾ।੧।

ਖਸਮੁ ਬਿਸਾਰਿ ਆਨ ਕੰਮਿ ਲਾਗਹਿ ॥ ਕਉਡੀ ਬਦਲੈ ਰਤਨੁ ਤਿਆਗਹਿ ॥੧॥ਰਹਾਉ॥ (ਜਿਹੜੇ ਮਨੁੱਖ ਪ੍ਰਭੂ) ਮਾਲਕ ਨੂੰ ਭੁਲਾ ਕੇ ਹੋਰ ਕੰਮਾਂ ਵਿਚ ਲਗ ਜਾਂਦੇ ਹਨ।(ਉਹ ਮਾਇਆ ਰੂਪ) ਕੌਡੀਆਂ ਬਦਲੇ ਰਤਨ ਰੂਪ ਨਾਮ ਨੂੰ ਛਡ ਦੇਂਦੇ ਹਨ।੧।ਰਹਾਉ।

ਪ੍ਰਭੂ ਤਿਆਗਿ ਲਾਗਤ ਅਨ ਲੋਭਾ ॥ ਦਾਸਿ ਸਲਾਮੁ ਕਰਤ ਕਤ ਸੋਭਾ ॥੨॥ (ਜਿਹੜੇ ਲੋਕ) ਪ੍ਰਭੂ ਨੂੰ ਛਡ ਕੇ ਹੋਰ ਪਦਾਰਥਾਂ ਦੇ ਲੋਭ ਵਿਚ ਲਗਦੇ ਹਨ।(ਦੱਸੋ ਮਾਲਕ ਨੂੰ ਛਡ ਕੇ) ਦਾਸੀ ਨੂੰ ਸਲਾਮ ਕਰਦਿਆਂ ਕਿਵੇਂ ਸੋਭਾ ਮਿਲ ਸਕਦੀ ਹੈ?।੨।

ਅੰਮ੍ਰਿਤ ਰਸੁ ਖਾਵਹਿ ਖਾਨ ਪਾਨ ॥ ਜਿਨਿ ਦੀਏ ਤਿਸਹਿ ਨ ਜਾਨਹਿ ਸੁਆਨ ॥੩॥ (ਲੋਕ) ਅੰਮ੍ਰਿਤ ਵਰਗੇ ਮਿੱਠੇ ਖਾਣ ਪੀਣ ਦੇ ਰਸ ਖਾਂਦੇ ਤੇ ਪੀਂਦੇ ਹਨ।(ਪਰ ਮਨੁੱਖ ਅਜੇਹੇ) ਕੁੱਤੇ ਵਰਗੇ ਹਨ, (ਜੋ) ਉਸ ਮਾਲਕ ਪ੍ਰਭੂ ਨੂੰ ਜਾਣਦੇ ਹੀ ਨਹੀ, ਜਿਸ ਨੇ (ਇਤਨੇ ਸੁਆਦਲੇ ਪਦਾਰਥ) ਦਿਤੇ ਹਨ।(ਹਾਲਾਂ ਕਿ ਕੁੱਤਾ ਅਪਣੇ ਮਾਲਕ ਦਾ ਵਫ਼ਾਦਾਰ ਹੁੰਦਾ ਹੈ)।੩।

ਕਹੁ ਨਾਨਕ ਹਮ ਲੂਣ ਹਰਾਮੀ ॥ ਬਖਸਿ ਲੇਹੁ ਪ੍ਰਭ ਅੰਤਰਜਾਮੀ ॥੪॥੭੬॥੧੪੫॥ ਗੁਰੂ ਜੀ ਆਖਦੇ ਹਨ, (ਪ੍ਰਭੂ ਅੱਗੇ ਇਸ ਤਰ੍ਹਾਂ ਅਰਦਾਸ ਕਰੋ ਕਿ) ਹੇ ਅੰਤਰਜਾਮੀ ਪ੍ਰਭੂ! ਅਸੀਂ ਅਕ੍ਰਿਤਘਣ ਹਾਂ, (ਕਿਰਪਾ ਕਰਕੇ) ਸਾਨੂੰ ਬਖਸ਼ ਲਵੋ ਜੀ।੪।੭੬।੧੪੫।

ਪਦਾਰਥ = ਪੈਨੈ-ਪਹਿਨਦਾ ਹੈ।ਤਿਸੁ ਸਿਉ-ਉਸ (ਪ੍ਰਭੂ) ਨਾਲ।ਮਾਇ-ਹੇ ਮਾਂ; ਭਾਈ!।੧।ਖਸਮੁ-ਮਾਲਕ (ਪ੍ਰਭੂ)।ਆਨ-ਹੋਰ। ਕਉਡੀ-ਮਾਇਕ ਸੁਖ ਰੂਪ ਕੌਡੀਆਂ।ਰਤਨ-ਪ੍ਰਭੂ ਦਾ ਅਮੋਲਕ ਨਾਮ।੧।ਰਹਾਉ।ਅਨ-ਹੋਰ ਦੂਜੇ।ਦਾਸਿ-ਦਾਸੀ ਮਾਇਆ।ਕਤ-ਕਿਵੇਂ; ਕਿਥੇ।੨।ਖਾਨ ਪਾਨ-ਖਾਣ ਪੀਣ ਦੇ ਪਦਾਰਥ।ਜਿਨਿ-ਜਿਸ (ਪ੍ਰਭੂ) ਨੇ।ਤਿਸਹਿ-ਉਸ (ਪ੍ਰਭੂ) ਨੂੰ।ਸੁਆਨ-ਕੁੱਤਾ (ਲੋਭੀ ਮਨੁੱਖ)।੩।ਹਮ-ਅਸੀਂ।ਲੂਣ ਹਰਾਮੀ-ਮਾਲਕ ਦਾ ਲੂਣ ਖਾ ਕੇ ਉਸਦਾ ਕੀਤਾ ਨਾ ਜਨਣ ਵਾਲਾ (ਨਾ ਸ਼ੁਕਰਾ)।੪।੭੬।੧੪੫।

ਗਉੜੀ ਮਹਲਾ ੫ ॥ ਪ੍ਰਭ ਕੇ ਚਰਨ ਮਨ ਮਾਹਿ ਧਿਆਨੁ ॥ ਸਗਲ ਤੀਰਥ ਮਜਨ ਇਸਨਾਨੁ ॥੧॥ (ਹੇ ਭਾਈ!) ਮਨ ਵਿਚ ਪ੍ਰਭੂ ਦੇ ਚਰਨਾਂ ਦਾ ਧਿਆਨ ਧਰ।(ਪ੍ਰਭੂ ਦਾ ਧਿਆਨ ਹੀ) ਸਾਰੇ ਤੀਰਥਾਂ ਤੇ ਪੁਰਬਾਂ ਦਾ ਇਸ਼ਨਾਨ ਹੈ।੧।

ਹਰਿ ਦਿਨੁ ਹਰਿ ਸਿਮਰਨੁ ਮੇਰੇ ਭਾਈ ॥ ਕੋਟਿ ਜਨਮ ਕੀ ਮਲੁ ਲਹਿ ਜਾਈ ॥੧॥ਰਹਾਉ॥ ਹੇ ਮੇਰੇ ਭਾਈ! ਹਰ ਰੋਜ ਹਰੀ ਦਾ ਸਿਮਰਨ ਕਰ।(ਸਿਮਰਨ ਕਰਨ ਨਾਲ) ਕ੍ਰੋੜਾਂ ਜਨਮਾਂ ਦੀ (ਪਾਪਾਂ ਦੀ) ਮੈਲ ਉਤਰ ਜਾਂਦੀ ਹੈ।੧।ਰਹਾਉ।

ਹਰਿ ਕੀ ਕਥਾ ਰਿਦ ਮਾਹਿ ਬਸਾਈ ॥ ਮਨ ਬਾਂਛਤ ਸਗਲੇ ਫਲ ਪਾਈ ॥੨॥ (ਜਿਸ ਮਨੁੱਖ ਨੇ) ਹਰੀ ਦੀ ਕਥਾ ਮਨ ਵਿਚ ਵਸਾ ਲਈ ਹੈ।(ਉਸ ਨੇ) ਮਨ ਇੱਛੇ ਸਾਰੇ ਫਲ ਪਾ ਲਏ ਹਨ।੨।

ਜੀਵਨ ਮਰਣੁ ਜਨਮੁ ਪਰਵਾਨੁ ॥ ਜਾ ਕੈ ਰਿਦੈ ਵਸੈ ਭਗਵਾਨੁ ॥੩॥ ਜਿਸ ਮਨੁੱਖ ਦੇ ਹਿਰਦੇ ਵਿਚ ਭਗਵਾਨ ਵਸਦਾ ਹੈ।(ਉਸ ਦਾ) ਜਨਮ ਤੋਂ ਮਰਨ ਤਕ ਸਾਰਾ ਜੀਵਨ (ਰੱਬ ਦੀ ਹਜੂਰੀ ਵਿਚ) ਪ੍ਰਵਾਨ ਹੈ; ਜੀਵਨ, ਮੌਤ ਤੇ ਜਨਮ (ਤਿੰਨੇ) ਪ੍ਰਵਾਨ ਹਨ।੩।

ਕਹੁ ਨਾਨਕ ਸੇਈ ਜਨ ਪੂਰੇ ॥ ਜਿਨਾ ਪਰਾਪਤਿ ਸਾਧੂ ਧੂਰੇ ॥੪॥੭੭॥੧੪੬॥ ਗੁਰੂ ਜੀ ਆਖਦੇ ਹਨ ਕਿ ਉਹ ਪੁਰਖ (ਗੁਣਾਂ ਕਰ ਕੇ) ਪੂਰਨ ਹਨ।ਜਿਨ੍ਹਾਂ ਨੂੰ ਸਾਧੂਆਂ ਦੇ ਚਰਨਾਂ ਦੀ ਧੂੜ ਪ੍ਰਾਪਤ ਹੋਈ ਹੈ।੪।੭੭।੧੪੬।

ਪਦਾਰਥ = ਸਗਲ-ਸਾਰੇ।ਮਜਨ ਇਸਨਾਨੁ-ਪੁਰਬਾਂ ਸਮੇਂ ਇਸ਼ਨਾਨ; ਚੁੱਭੀ ਮਾਰ ਕੇ ਨਹਾਉਣਾ।੧।ਹਰਿ ਦਿਨ-ਹਰ ਰੋਜ।ਲਹਿ ਜਾਈ-ਉਤਰ ਜਾਂਦੀ ਹੈ।੧।ਰਹਾਉ।ਰਿਦ ਮਾਹਿ-ਹਿਰਦੇ ਵਿਚ।ਮਨ ਬਾਂਛਤ-ਮਨ ਵਿਚ ਚਾਹੁਣ ਵਾਲੇ।੨।ਜਾ ਕੈ-ਜਿਸ ਦੇ।ਰਿਦੈ-

All Rights Reserved by Harjinder Singh Gyani | www.GuruGranthVakhyaan.org

ਹਿਰਦੇ ਵਿਚ।੩।ਸੇਈ–ਉਹ ਹੀ।ਪੂਰੇ–(ਗੁਣਾਂ ਵਿਚ) ਪੂਰਨ।ਜਨ–ਪੁਰਖ।ਧੂਰੇ–ਚਰਨ ਧੂੜ।੪।੭੭।੧੪੬।

ਗਉੜੀ ਮਹਲਾ ੫ ॥ ਖਾਦਾ ਪੈਨਦਾ ਮੂਕਰਿ ਪਾਇ ॥ ਤਿਸ ਨੋ ਜੋਹਹਿ ਦੂਤ ਧਰਮਰਾਇ ॥੧॥ (ਜਿਹੜਾ ਮਨੁੱਖ ਰੱਬ ਦਾ ਦਿਤਾ) ਖਾਂਦਾ ਤੇ ਪਹਿਨਦਾ ਹੈ, (ਪਰ ਰੱਬ ਦੀ ਦਾਤ ਤੋਂ) ਮੁਕਰ ਪੈਂਦਾ ਹੈ (ਕਿ ਮੈਨੂੰ ਰੱਬ ਨੇ ਕੀ ਦਿਤਾ ਹੈ?)।ਉਸ ਨੂੰ ਧਰਮ ਰਾਜ ਦੇ ਦੂਤ ਤਾੜਦੇ (ਦੰਡ ਦੇਣ ਲਈ ਦੇਖਦੇ) ਹਨ।੧।

ਤਿਸੁ ਸਿਉ ਬੇਮੁਖੁ ਜਿਨਿ ਜੀਉ ਪਿੰਡੁ ਦੀਨਾ ॥ ਕੋਟਿ ਜਨਮ ਭਰਮਹਿ ਬਹੁ ਜੂਨਾ ॥੧॥ਰਹਾਉ॥ ਜਿਸ ਪ੍ਰਭੂ ਨੇ ਜਿੰਦ ਤੇ ਸਰੀਰ ਦਿਤੇ ਹਨ, (ਜਿਹੜਾ ਮਨੁੱਖ) ਉਸ ਤੋਂ ਬੇ ਮੁਖ ਹੈ।ਉਹ ਬਹੁਤ ਜੋਨੀਆਂ ਵਿਚ ਕ੍ਰੋੜਾਂ ਜਨਮ ਭਟਕਦਾ ਰਹਿੰਦਾ ਹੈ।੧।ਰਹਾਉ।

ਸਾਕਤ ਕੀ ਐਸੀ ਹੈ ਰੀਤਿ ॥ ਜੋ ਕਿਛੁ ਕਰੈ ਸਗਲ ਬਿਪਰੀਤਿ ॥੨॥ ਸਾਕਤ ਪੁਰਖ ਦੀ ਰੀਤ ਹੀ ਅਜੇਹੀ ਹੈ ਕਿ ਜੋ ਕੁਛ ਵੀ ਕਰਦਾ ਹੈ ਉਹ ਸਭ (ਕੁਛ ਧਰਮ ਤੋਂ) ਉਲਟ ਹੀ ਕਰਦਾ ਹੈ।੨।

ਜੀਉ ਪ੍ਰਾਣ ਜਿਨਿ ਮਨੁ ਤਨੁ ਧਾਰਿਆ ॥ ਸੋਈ ਠਾਕੁਰੁ ਮਨਹੁ ਬਿਸਾਰਿਆ ॥੩॥ਜਿਸ ਪ੍ਰਭੂ ਨੇ ਜਿੰਦ ਜਾਨ, ਪ੍ਰਾਣ, ਮਨ ਤੇ ਤਨ (ਯੋਗ ਪ੍ਰਬੰਧ ਵਿਚ) ਧਾਰਨ ਕਰ ਰੱਖਿਆ ਹੈ।ਉਹ ਮਾਲਕ ਪ੍ਰਭੂ (ਮਨੁੱਖ ਨੇ) ਮਨ ਵਿਚੋਂ ਭੁਲਾ ਦਿਤਾ ਹੈ।੩।

ਬਧੇ ਬਿਕਾਰ ਲਿਖੇ ਬਹੁ ਕਾਗਰ ॥ ਨਾਨਕ ਉਧਰੁ ਕ੍ਰਿਪਾ ਸੁਖ ਸਾਗਰ ॥੪॥ (ਸਾਕਤ ਦੇ ਇਤਨੇ) ਬਿਕਾਰ ਵਧ ਗਏ ਹਨ ਕਿ (ਸਾਕਤ ਦੇ ਪਾਪ ਕਰਮਾਂ ਦੇ) ਬਹੁਤ ਕਾਗਜ ਲਿਖੇ ਜਾਂਦੇ ਹਨ; ਇਤਨਾ ਵਿਕਾਰੀ ਹੈ ਕਿ ਜੇ ਸਾਰੇ ਕਾਗਜ (ਲੇਖੇ ਦੇ) ਵੀ ਲਿਖ ਲਈਏ ਤਾਂ ਵੀ ਵਿਕਾਰਾਂ ਦਾ ਹਿਸਾਬ ਮੁੱਕਦਾ ਨਹੀਂ, ਸੱਗੋਂ ਵਧਦਾ ਹੀ ਹੈ (ਬਾ. ਪ੍ਰ.)।ਗੁਰੂ ਜੀ ਬੇਨਤੀ ਕਰਦੇ ਹਨ ਕਿ ਹੇ ਸੁਖਾਂ ਦੇ ਸਾਗਰ ਪ੍ਰਭੂ! ਕ੍ਰਿਪਾ ਕਰਕੇ (ਸਾਕਤਾਂ ਨੂੰ) ਤਾਰ ਲੈ।੪।

ਪਾਰਬ੍ਰਹਮ ਤੇਰੀ ਸਰਣਾਇ ॥ ਬੰਧਨ ਕਾਟਿ ਤਰੈ ਹਰਿ ਨਾਇ ॥੧॥ਰਹਾਉ ਦੂਜਾ॥੭੮॥੧੪੭॥ ਹੇ ਪਾਰਬ੍ਰਹਮ! (ਜਿਹੜੇ ਮਨੁੱਖ) ਤੇਰੀ ਸ਼ਰਣ ਵਿਚ ਆਉਂਦੇ ਹਨ।(ਉਨ੍ਹਾਂ ਦੇ ਸਾਰੇ) ਬੰਧਨ ਕੱਟੇ ਜਾਂਦੇ ਹਨ ਤੇ ਹਰੀ ਦੇ ਨਾਮ ਸਿਮਰਣ ਦੁਆਰਾ (ਸੰਸਾਰ ਸਮੁੰਦਰ ਤੋਂ) ਤਰ ਜਾਂਦੇ ਹਨ।੧।ਰਹਾਉ ਦੂਜਾ।੭੮।੧੪੭।

ਪਦਾਰਥ = ਮੂਕਰਿ ਪਾਹਿ–ਮੁਕਰ ਪੈਂਦਾ ਹੈ।ਜੋਹਹਿ–ਦੇਖਦੇ (ਤਾੜਦੇ) ਹਨ।੧।ਤਿਸੁ ਸਿਉ–ਉਸ ਪ੍ਰਭੂ ਵਲੋਂ।ਜੀਉ–ਜਿੰਦ; ਜੀਵਨ ।ਪਿੰਡੁ–ਸਰੀਰ।ਦੀਨਾ–ਦਿਤਾ।ਭਰਮਹਿ–ਭਟਕਦਾ ਹੈ।ਜੂਨਾ–ਜੋਨੀਆਂ ਵਿਚ।੧।ਰਹਾਉ।ਸਾਕਤ–ਸ਼ਕਤੀ ਦਾ ਉਪਾਸ਼ਕ; ਧਰਮ ਤੋਂ ਡਿਗਿਆ ਮਨੁੱਖ।ਰੀਤਿ–ਸੁਭਾਵ; ਤਰੀਕਾ; ਮਰਿਆਦਾ।ਬਿਪਰੀਤਿ–ਉਲਟ।੨।ਜਿਨਿ–ਜਿਸ ਪ੍ਰਭੂ ਨੇ।ਧਾਰਿਆ–ਯੋਗ ਪ੍ਰਬੰਧ ਵਿਚ ਰੱਖਿਆ; ਆਸਰਾ ਦੇ ਕੇ ਰਖਿਆ ਹੈ; ਰਚਿਆ ਹੈ।ਮਨਹੁ–ਮਨ ਤੋਂ।੩।ਬਧੇ–ਵਧ ਗਏ ਹਨ।ਕਾਗਰ–ਕਾਗਜ।ਉਧਰੁ–ਤਾਰ ਲੈ।੪।ਸਰਣਾਇ–ਸ਼ਰਣ ਵਿਚ।ਹਰਿ ਨਾਇ–ਹਰੀ ਦੇ ਨਾਮ ਸਿਮਰਨ ਦੁਆਰਾ।੧।ਰਹਾਉ ਦੂਜਾ।੭੮।੧੪੭।

ਗਉੜੀ ਮਹਲਾ ੫ ॥ ਅਪਨੇ ਲੋਭ ਕਉ ਕੀਨੋ ਮੀਤੁ ॥ ਸਗਲ ਮਨੋਰਥ ਮੁਕਤਿ ਪਦੁ ਦੀਤੁ ॥੧॥ (ਭਾਵੇਂ ਕਿਸੇ ਮਨੁੱਖ ਨੇ) ਅਪਣੇ ਲੋਭ ਲਈ (ਪ੍ਰਭੂ ਨੂੰ) ਮਿਤ੍ਰ ਬਣਾਇਆ ਹੈ।(ਫਿਰ ਵੀ ਪ੍ਰਭੂ ਨੇ ਉਸ ਦੇ) ਸਾਰੇ ਮਨੋਰਥ ਪੂਰੇ ਕਰ ਦਿਤੇ ਹਨ ਅਤੇ ਮੁਕਤੀ ਦੀ ਪਦਵੀ ਵੀ ਦੇ ਦਿਤੀ ਹੈ।੧।

ਐਸਾ ਮੀਤੁ ਕਰਹੁ ਸਭੁ ਕੋਇ ॥ ਜਾ ਤੇ ਬਿਰਥਾ ਕੋਇ ਨ ਹੋਇ ॥੧॥ਰਹਾਉ॥ ਅਜੇਹਾ ਮਿਤ੍ਰ ਸਭ ਕੋਈ ਬਣਾਓ।ਜਿਸ (ਪ੍ਰਭੂ) ਪਾਸੋਂ (ਲਏ ਬਿਨਾ) ਕੋਈ ਖਾਲੀ ਨਹੀਂ ਰਹਿੰਦਾ ਹੁੰਦਾ (ਪ੍ਰਭੂ ਨੂੰ ਮਿਤ੍ਰ ਬਣਾਉਣ ਨਾਲ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ)।੧।ਰਹਾਉ।

ਅਪੁਨੈ ਸੁਆਇ ਰਿਦੈ ਲੈ ਧਾਰਿਆ ॥ ਦੂਖ ਦਰਦ ਰੋਗ ਸਗਲ ਬਿਦਾਰਿਆ ॥੨॥ ਅਪਣੇ ਸੁਆਰਥ ਲਈ ਵੀ (ਜਿਸ ਮਨੁੱਖ ਨੇ ਪ੍ਰਭੂ ਨੂੰ) ਹਿਰਦੇ ਵਿਚ ਲਿਆ ਟਿਕਾਇਆ ਹੈ।(ਪ੍ਰਭੂ ਨੇ ਉਸਦੇ) ਸਾਰੇ ਦੁਖ ਦਰਦ ਤੇ ਰੋਗ ਨਸ਼ਟ ਕਰ ਦਿਤੇ ਹਨ।੨।

ਰਸਨਾ ਗੀਧੀ ਬੋਲਤ ਰਾਮ ॥ ਪੂਰਨ ਹੋਏ ਸਗਲੇ ਕਾਮ ॥੩॥ (ਜਿਸ ਪੁਰਖ ਦੀ) ਰਸਨਾ ਰਾਮ ਨਾਮ ਦੇ ਉਚਾਰਨ ਵਿਚ ਗਿੱਝ ਗਈ ਹੈ।(ਉਸ ਦੇ) ਸਾਰੇ ਕੰਮ ਪੂਰਨ ਹੋ ਗਏ ਹਨ।੩।

ਅਨਿਕ ਬਾਰ ਨਾਨਕ ਬਲਿਹਾਰਾ ॥ ਸਫਲ ਦਰਸਨੁ ਗੋਬਿੰਦੁ ਹਮਾਰਾ ॥੪॥੭੯॥੧੪੮॥ ਨਾਨਕ (ਪ੍ਰਭੂ ਤੋਂ) ਅਨੇਕਾਂ ਬਾਰ ਬਲਹਾਰ ਜਾਂਦਾ ਹੈ।ਸਾਡਾ ਗੋਬਿੰਦ ਅਜੇਹਾ ਹੈ, ਜਿਸਦਾ ਦਰਸ਼ਨ ਸਫਲ ਹੈ (ਅਮੋਘ ਦਰਸ਼ਨ ਹੈ)।੪।੭੯।੧੪੮।

www.gurugranthvakhyaan.org

ਪਦਾਰਥ = ਲੋਭ ਕਉ–ਲੋਭ ਲਈ। ਕੀਨੋ–ਕੀਤਾ; ਬਣਾਇਆ। ਦੀਤੁ–ਦਿਤਾ ਹੈ।੧। ਕਰਹੁ–ਕਰੋ ਭਾਵ ਬਣਾਓ। ਜਾ ਤੇ–ਜਿਸ ਤੋਂ। ਬਿਰਥਾ–ਖਾਲੀ।੧। ਰਹਾਉ। ਸੁਆਇ–ਸੁਆਰਥ। ਬਿਦਾਰਿਆ–ਨਾਸ਼ ਕਰ ਦਿਤੇ ਹਨ।੨। ਗੀਧੀ–ਗਿੱਝ ਗਈ। ਕਾਮ–ਕੰਮ।੩। ਬਲਿਹਾਰਾ–ਕੁਰਬਾਨ। ਸਫਲ–ਫਲ ਸਹਿਤ (ਫਲ ਦੇਣ ਵਾਲਾ)। ਹਮਾਰਾ–ਸਾਡਾ।੪।੭੯।੧੪੮।

ਗਉੜੀ ਮਹਲਾ ੫ ॥ ਕੋਟਿ ਬਿਘਨ ਹਿਰੇ ਖਿਨ ਮਾਹਿ ॥ ਹਰਿ ਹਰਿ ਕਥਾ ਸਾਧ ਸੰਗਿ ਸੁਨਾਹਿ ॥੧॥(ਜਿਹੜੇ ਪੁਰਖ) ਸਾਧ ਸੰਗਤ ਵਿਚ ਬੈਠ ਕੇ ਹਰੀ ਦੀ ਕਥਾ ਸੁਣਦੇ ਹਨ। (ਉਨ੍ਹਾਂ ਦੇ) ਕ੍ਰੋੜਾਂ ਬਿਘਨ ਇਕ ਖਿਨ ਵਿਚ ਨਾਸ਼ ਹੋ ਜਾਂਦੇ ਹਨ।੧।

ਪੀਵਤ ਰਾਮ ਰਸੁ ਅੰਮ੍ਰਿਤ ਗੁਣ ਜਾਸੁ ॥ ਜਪਿ ਹਰਿ ਚਰਣ ਮਿਟੀ ਖੁਧਿ ਤਾਸੁ ॥੧॥ਰਹਾਉ॥ ਜਿਸ ਪ੍ਰਭੂ ਦੇ ਗੁਣ ਅੰਮ੍ਰਿਤ ਹਨ, (ਜੋ ਮਨੁੱਖ ਉਸ) ਪ੍ਰਭੂ ਦੇ ਨਾਮ ਦਾ ਰਸ ਪੀਂਦਾ ਹੈ ਅਤੇ ਹਰੀ ਦੇ ਚਰਣਾਂ ਦਾ (ਧਿਆਨ ਕਰਕੇ ਨਾਮ) ਜਪਦਾ ਹੈ (ਉਸ ਦੀ) ਭੁੱਖ ਤੇ ਪਿਆਸ ਮਿਟ ਜਾਂਦੀ ਹੈ; (ਜੋ ਮਨੁੱਖ) ਰਾਮ ਦੇ ਗੁਣਾਂ ਦਾ ਜਸ ਰੂਪ ਅੰਮ੍ਰਿਤ ਰਸ ਪੀਂਦਾ ਹੈ। ਅਤੇ ਹਰੀ ਦੇ ਚਰਣਾਂ (ਦਾ ਧਿਆਨ ਧਰ ਕੇ ਨਾਮ) ਜਪਦਾ ਹੈ, ਉਸ ਦੀ ਭੁੱਖ (ਤ੍ਰਿਸ਼ਨਾ) ਮਿਟ ਗਈ ਹੈ।੧। ਰਹਾਉ।

ਸਰਬ ਕਲਿਆਣ ਸੁਖ ਸਹਜ ਨਿਧਾਨ ॥ ਜਾ ਕੈ ਰਿਦੈ ਵਸਹਿ ਭਗਵਾਨ ॥੨॥ ਜਿਸ (ਮਨੁੱਖ) ਦੇ ਹਿਰਦੇ ਵਿਚ ਭਗਵਾਨ ਵਸਦਾ ਹੈ, (ਉਸ ਨੂੰ) ਸਾਰੇ ਅਨੰਦ ਤੇ ਅਡੋਲ ਸੁਖਾਂ ਦੇ ਖਜਾਨੇ ਪ੍ਰਾਪਤ ਹੋ ਜਾਂਦੇ ਹਨ।੨।

ਅੰਗ ੧੯੬ = ਅਉਖਧ ਮੰਤ੍ਰ ਤੰਤ ਸਭਿ ਛਾਰੁ ॥ ਕਰਣੈਹਾਰੁ ਰਿਦੇ ਮਹਿ ਧਾਰੁ ॥੩॥ ਦਵਾਈਆਂ, ਮੰਤ੍ਰ ਤੇ ਟੂਣੇ ਸਭ ਸੁਆਹ ਹਨ ਭਾਵ ਤੁੱਛ ਜਾਂ ਨਾਸ਼ਵੰਤ ਹਨ। ਸਿਰਜਣਹਾਰ ਪ੍ਰਭੂ ਨੂੰ ਹਿਰਦੇ ਵਿਚ ਟਿਕਾ ਲੈ।੩।

ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ ॥ ਕਹੁ ਨਾਨਕ ਅਟਲ ਇਹੁ ਧਰਮੁ ॥੪॥੮੦॥੧੪੯॥ ਜਿਸ ਪੁਰਖ ਨੇ ਸਾਰੇ ਭਰਮ ਛਡ ਕੇ ਪਾਰਬ੍ਰਹਮ ਨੂੰ ਸਿਮਰਿਆ ਹੈ। ਗੁਰੂ ਜੀ ਆਖਦੇ ਹਨ ਕਿ ਇਹੋ (ਨਾਮ ਸਿਮਰਨ) ਹੀ ਅਟੱਲ ਧਰਮ ਹੈ।੪।੮੦।੧੪੯।

ਪਦਾਰਥ = ਕੋਟਿ–ਕ੍ਰੋੜ। ਹਿਰੇ–ਨਾਸ਼ ਹੋ ਜਾਂਦੇ ਹਨ। ਸੁਨਾਹਿ–ਸੁਣਦੇ ਹਨ।੧। ਪੀਵਤ–ਪੀਂਦੇ ਹਨ। ਜਾਸੁ–ਜਸ; ਜਿਸ ਦਾ। ਖੁਧਿ–(ਤ੍ਰਿਸ਼ਨਾ ਦੀ) ਭੁੱਖ। ਤਾਸੁ (ਸਿੰਧੀ)–ਪਿਆਸ; ਉਸ ਦੀ।੧। ਰਹਾਉ। ਕਲਿਆਣ–ਅਨੰਦ; ਮੁਕਤੀ। ਨਿਧਾਨ–ਖਜਾਨੇ। ਜਾ ਕੈ–ਜਿਸ ਦੇ।੨। ਅਉਖਧ–ਦਵਾਈਆਂ। ਤੰਤ–ਟੂਣੇ। ਛਾਰੁ–ਸੁਆਹ; ਤੁੱਛ; ਨਾਸਵੰਤ। ਕਰਣੈਹਾਰੁ–ਰਚਨਾ ਕਰਨ ਵਾਲਾ ਪ੍ਰਭੂ। ਧਾਰੁ–ਟਿਕਾ ਲੈ।੩। ਤਜਿ–ਛਡ ਕੇ। ਭਜਿਓ–ਸਿਮਰਿਆ ਹੈ। ਅਟਲ–(ਅਟੱਲ ਬੋਲੋ) ਨਾ ਟਲਣ ਵਾਲਾ; ਸਦੀਵੀ ਸਥਿਰ।੪।੮੦।੧੪੯।

ਗਉੜੀ ਮਹਲਾ ੫ ॥ ਕਰਿ ਕਿਰਪਾ ਭੇਟੇ ਗੁਰ ਸੋਈ ॥ ਤਿਤੁ ਬਲਿ ਰੋਗੁ ਨ ਬਿਆਪੈ ਕੋਈ ॥੧॥ (ਜਿਸ ਮਨੁੱਖ ਉਤੇ) ਪ੍ਰਭੂ ਕ੍ਰਿਪਾ ਕਰਦਾ ਹੈ, ਉਹ ਹੀ ਗੁਰੂ ਨੂੰ ਮਿਲਦਾ ਹੈ। ਉਸ ਗੁਰੂ ਦੇ ਬਲ ਕਰਕੇ (ਉਸ ਮਨੁੱਖ ਨੂੰ) ਕੋਈ ਰੋਗ ਨਹੀਂ ਵਿਆਪਦਾ।੧।

ਰਾਮ ਰਮਣ ਤਰਣ ਭੈ ਸਾਗਰ ॥ ਸਰਣਿ ਸੂਰ ਫਾਰੇ ਜਮ ਕਾਗਰ ॥੧।ਰਹਾਉ॥ ਵਾਹਿਗੁਰੂ ਦੇ ਸਿਮਰਨ ਨਾਲ ਭਵ ਸਾਗਰ ਤੋ ਤਰਨਾ ਹੁੰਦਾ ਹੈ। ਗੁਰੂ ਸੂਰਮੇ ਦੀ ਸ਼ਰਣ ਵਿਚ ਆਉਣ ਨਾਲ ਜਮਾਂ ਦੇ ਲੇਖੇ ਦੇ ਕਾਗਜ ਪਾੜ ਦਿਤੇ ਜਾਂਦੇ ਹਨ।੧। ਰਹਾਉ।

ਸਤਿਗੁਰਿ ਮੰਤ੍ਰੁ ਦੀਓ ਹਰਿ ਨਾਮ ॥ ਇਹ ਆਸਰ ਪੂਰਨ ਭਏ ਕਾਮ ॥੨॥ (ਜਿਸ ਮਨੁੱਖ ਨੂੰ) ਸਤਿਗੁਰੂ ਨੇ ਹਰੀ ਨਾਮ ਦਾ ਮੰਤ੍ਰ ਬਖਸ਼ ਦਿਤਾ ਹੈ। ਇਸ ਦੇ ਆਸਰੇ (ਉਸ ਦੇ) ਸਾਰੇ ਕੰਮ ਪੂਰੇ ਹੋ ਗਏ ਹਨ।੨।

ਜਪ ਤਪ ਸੰਜਮ ਪੂਰੀ ਵਡਿਆਈ ॥ ਗੁਰ ਕਿਰਪਾਲ ਹਰਿ ਭਏ ਸਹਾਈ ॥੩॥ (ਹੇ ਭਾਈ! ਜਿਸ ਮਨੁੱਖ ਉਤੇ) ਗੁਰੂ ਜੀ ਕ੍ਰਿਪਾਲ ਹੋਏ, (ਉਸ ਦੇ) ਹਰੀ ਸਹਾਈ ਹੋਏ ਹਨ। (ਉਸ ਨੂੰ ਸਾਰੇ) ਜਪਾਂ, ਤਪਾਂ ਤੇ ਸੰਜਮਾਂ ਦੀ ਪੂਰੀ ਵਡਿਆਈ ਪ੍ਰਾਪਤ ਹੋ ਗਈ।੩।

ਮਾਨ ਮੋਹ ਖੋਏ ਗੁਰਿ ਭਰਮ ॥ ਪੇਖੁ ਨਾਨਕ ਪਸਰੇ ਪਾਰਬ੍ਰਹਮ ॥੪॥੮੧॥੧੫੦॥ ਗੁਰੂ ਨੇ (ਉਸ ਮਨੁੱਖ ਦੇ) ਮਾਨ, ਮੋਹ ਤੇ ਭਰਮ ਦੂਰ ਕਰ ਦਿਤੇ ਹਨ। ਗੁਰੂ ਜੀ ਆਖਦੇ ਹਨ ਕਿ (ਹੇ ਭਾਈ!) ਸਾਰੇ ਪਸਰੇ ਹੋਏ ਪਾਰਬ੍ਰਹਮ ਨੂੰ ਦੇਖੋ।੪।੮੧।੧੫੦।

ਪਦਾਰਥ = ਭੇਟੇ–ਮਿਲਦਾ ਹੈ। ਸੋਈ–ਉਹ ਹੀ। ਤਿਤੁ ਬਲਿ–ਉਸ ਬਲ ਦੇ ਕਾਰਣ। ਨ ਬਿਆਪੈ–ਨਹੀ ਵਿਆਪਦਾ (ਲਗਦਾ)।੧। ਰਮਣ–ਸਿਮਰਨ ਨਾਲ। ਭੈ ਸਾਗਰ–ਸੰਸਾਰ ਸਮੁੰਦਰ। ਸੂਰ–ਸੂਰਬੀਰ। ਫਾਰੇ–ਪਾੜ ਦਿਤੇ ਜਾਂਦੇ ਹਨ। ਕਾਗਰ–(ਲੇਖੇ ਦੇ) ਕਾਗਜ।੧। ਰਹਾਉ। ਆਸਰ–ਆਸਰੇ ਨਾਲ। ਭਏ–ਹੋ ਗਏ ਹਨ। ਕਾਮ–ਕੰਮ।੨। ਸੰਜਮ–ਇੰਦ੍ਰੀਆਂ ਨੂੰ ਵਿਕਾਰਾਂ ਵੱਲੋਂ ਰੋਕਣ ਦਾ ਜਤਨ। ਸਹਾਈ –ਮਦਦਗਾਰ।੩। ਪੇਖੁ–ਦੇਖੋ। ਪਸਰੇ–ਸਰਬ ਵਿਆਪਕ।੪।੮੧।੧੫੦।

All Rights Reserved by Harjinder Singh Gyani | www.GuruGranthVakhyaan.org

ਗਉੜੀ ਮਹਲਾ ੫ ॥ ਬਿਖੈ ਰਾਜ ਤੇ ਅੰਧੁਲਾ ਭਾਰੀ ॥ ਦੁਖਿ ਲਾਗੈ ਰਾਮ ਨਾਮੁ ਚਿਤਾਰੀ ॥੧॥ ਵਿਸ਼ਿਆਂ ਦੇ ਰਾਜ (ਵਿਕਾਰਾਂ ਵਿਚ ਫਸੇ ਮਨੁੱਖ) ਨਾਲੋਂ ਅੰਨ੍ਹਾ ਪੁਰਖ ਬਹੁਤ ਚੰਗਾ ਹੈ।(ਕਿਉਂਕਿ ਜਦ) ਦੁਖ ਲਗਦਾ ਹੈ ਤਾਂ (ਉਹ) ਰਾਮ ਦਾ ਨਾਮ ਸਿਮਰਦਾ ਹੈ।੧।
ਤੇਰੇ ਦਾਸ ਕਉ ਤੁਹੀ ਵਡਿਆਈ ॥ ਮਾਇਆ ਮਗਨੁ ਨਰਕਿ ਲੈ ਜਾਈ ॥੧॥ਰਹਾਉ॥ (ਹੇ ਪ੍ਰਭੂ ! ਤੇਰੇ) ਦਾਸਾਂ ਨੂੰ ਤੂੰ ਹੀ ਵਡਿਆਈ ਬਖਸ਼ਦਾ ਹੈਂ।(ਤੇਰੇ ਦਾਸ ਜਾਣਦੇ ਹਨ ਕਿ) ਮਾਇਆ ਵਿਚ ਮਗਨ (ਮਨੁੱਖ ਨੂੰ ਮਾਇਆ) ਨਰਕ ਵਿਚ ਲੈ ਜਾਂਦੀ ਹੈ।੧।ਰਹਾਉ।
ਰੋਗ ਗਿਰਸਤ ਚਿਤਾਰੇ ਨਾਉ ॥ ਬਿਖੁ ਮਾਤੇ ਕਾ ਠਉਰ ਨ ਠਾਉ ॥੨॥ ਰੋਗਾਂ ਵਿਚ ਫਸਿਆ ਮਨੁੱਖ ਰੱਬ ਦਾ ਨਾਉ ਚੇਤੇ ਕਰਦਾ ਹੈ। (ਪਰ) ਵਿਸ਼ੇ ਵਿਚ ਮਸਤ ਮਨੁੱਖ ਦਾ ਕੋਈ ਥਾਂ ਟਿਕਾਣਾ ਨਹੀਂ (ਲੋਕ ਪ੍ਰਲੋਕ ਵਿਚ ਥਾਂ ਢੋਈ ਨਹੀਂ ਮਿਲਦੀ)।੨।
ਚਰਨ ਕਮਲ ਸਿਉ ਲਾਗੀ ਪ੍ਰੀਤਿ ॥ ਆਨ ਸੁਖਾ ਨਹੀ ਆਵਹਿ ਚੀਤਿ ॥੩॥ ਪ੍ਰਭੂ ਦੇ ਚਰਨ ਕਮਲਾਂ ਨਾਲ (ਜਿਸ ਦਾਸ ਦੀ) ਪ੍ਰੀਤ ਲਗ ਗਈ ਹੈ।(ਉਸ ਦੇ) ਚਿਤ ਵਿਚ ਹੋਰ ਸੁਖ ਆਉਂਦੇ ਹੀ ਨਹੀਂ (ਭੋਗਾਂ ਦੇ ਸੁੱਖਾਂ ਵੱਲ ਚਿਤ ਜਾਂਦਾ ਹੀ ਨਹੀਂ)।੩।
ਸਦਾ ਸਦਾ ਸਿਮਰਉ ਪ੍ਰਭ ਸੁਆਮੀ ॥ ਮਿਲੁ ਨਾਨਕ ਹਰਿ ਅੰਤਰਜਾਮੀ ॥੪॥੮੨॥੧੫੧॥ ਗੁਰੂ ਜੀ ਆਖਦੇ ਹਨ, ਹੇ ਪ੍ਰਭੂ ਮਾਲਕ ! ਮੈਨੂੰ ਮਿਲ।ਹੇ ਅੰਤਰਜਾਮੀ ਹਰੀ ! (ਇਸੇ ਕਰਕੇ ਮੈਂ ਤੈਨੂੰ) ਸਦਾ ਸਦਾ ਸਿਮਰਦਾ ਹਾਂ। ।੪।੮੨।੧੫੧।
ਪਦਾਰਥ = ਬਿਖੈ ਰਾਜ–ਵਿਸ਼ਿਆਂ ਵਿਚ ਪ੍ਰਬਲ ਮਨੁੱਖ (ਰਾਜ ਤੋਂ ਭਾਵ ਬਲ; ਜ਼ੋਰ, ਜਿਵੇਂ ਖੁੰਬ ਰਾਜ; ਰਾਜ ਹੰਸ); ਵੱਡਾ ਵਿਸ਼ਈ; ਵਿਸ਼ਈ ਰਾਜਾ।ਤੇ–ਤੋਂ; ਨਾਲੋਂ।ਅੰਧੁਲਾ–(ਵਿਸ਼ਿਆਂ ਵਿਚ) ਅੰਨ੍ਹਾ ਮਨੁੱਖ।ਭਾਰੀ–ਬਹੁਤ।ਚਿਤਾਰੀ–ਚਿਤਾਰਦਾ (ਸਿਮਰਦਾ) ਹੈ।ਕਉ –ਨੂੰ।ਤੁਹੀ–ਤੂੰ ਹੀ।ਮਗਨੁ–ਮਸਤ ਹੈ।੧।ਰਹਾਉ।ਗਿਰਸਤ–ਗ੍ਰਸਿਆ ਹੋਇਆ।ਬਿਖੁ ਮਾਤੇ–ਵਿਸ਼ੇ ਵਿਚ ਮਸਤ ਮਨੁੱਖ।ਠਉਰ ਨ ਠਾਉ–ਥਾਂ ਟਿਕਾਣਾ ਨਹੀਂ।੨।ਸਿਉ–ਨਾਲ।ਆਨ–ਹੋਰ।ਸਿਮਰਉ–ਸਿਮਰਦਾ ਹਾਂ।੪।੮੨।੧੫੧।
ਬਿਖੈ ਰਾਜ = ਵਿਸ਼ਈ ਰਾਜੇ ਨਾਲੋਂ ਅੰਨ੍ਹਾ ਮਨੁੱਖ ਬਹੁਤ ਚੰਗਾ ਹੈ।(ਕਿਉਂਕਿ ਉਸ ਨੂੰ ਜਦ) ਦੁਖ ਲਗਦਾ ਹੈ ਤਾਂ ਨਾਮ ਸਿਮਰਦਾ ਹੈ ।ਵਿਸ਼ਿਆਂ ਦੇ ਬਲ ਕਰਕੇ ਮਨੁੱਖ ਬਹੁਤ ਅੰਨ੍ਹਾ ਹੋਇਆ ਫਿਰਦਾ ਹੈ।(ਵਿਸ਼ੇ ਭੋਗਾਂ ਦੇ ਸੁਖ ਵਿਚ ਰੱਬ ਨੂੰ ਭੁੱਲ ਜਾਂਦਾ ਹੈ, ਪਰ ਜਦ ਵਿਸ਼ੇ ਭੋਗਾਂ ਦੇ ਕਾਰਣ) ਦੁਖ ਲਗਦਾ ਹੈ ਤਾਂ ਰਾਮ ਦਾ ਨਾਮ ਸਿਮਰਦਾ ਹੈ।(ਸਭ ਨੇ ਇਸੇ ਤਰ੍ਹਾਂ ਦੇ ਅਰਥ ਕੀਤੇ ਹਨ)।
ਵਿਆਖਿਆ = ਇਸ ਸ਼ਬਦ ਵਿਚ ਤਿੰਨ ਕਿਸਮ ਦੇ ਪੁਰਖਾਂ ਦਾ ਟਾਕਰਾ ਹੈ।ਪਹਿਲੇ ਵਿਚ ਬਿਖੈ ਰਾਜ, ਮਾਇਆ ਮਗਨ ਤੇ ਬਿਖ ਮਾਤਾ ਪੁਰਖ ਹਨ।ਦੂਜੇ ਵਿਚ ਅੰਧਲਾ ਤੇ ਰੋਗ ਗ੍ਰਸਤ ਪੁਰਖ।ਤੀਜੇ ਵਿਚ ਸਿਮਰਨ ਕਰਨ ਵਾਲੇ ਰੱਬ ਦੇ ਸੇਵਕ।ਵਿਸ਼ੇ ਵਿਕਾਰਾਂ ਵਿਚ ਲੀਨ ਪੁਰਖ ਅੰਨ੍ਹੇ ਹਨ, ਕਿਉਂਕਿ ਉਨ੍ਹਾਂ ਨੂੰ ਵਿਕਾਰਾਂ ਤੋਂ ਬਿਨਾ ਹੋਰ ਕੋਈ ਚੰਗੀ ਗਲ ਸੁਝਦੀ ਹੀ ਨਹੀਂ।ਮਾਇਆ ਤੇ ਵਿਸ਼ਿਆਂ ਵਿਚ ਫਸੇ ਰਹਿਣਾ ਬਿਮਾਰੀ ਹੈ, ਇਹ ਅੰਨ੍ਹਾਪਣ ਤੇ ਰੋਗ ਮਨ ਦਾ ਹੈ।ਵਿਕਾਰਾਂ ਵਿਚ ਫਸੇ ਰਾਜੇ ਨਾਲੋਂ ਉਹ ਅੰਨ੍ਹਾ ਪੁਰਖ ਚੰਗਾ ਹੈ ਜੋ ਦੁਖ ਵੇਲੇ ਜਾਂ ਅੰਨ੍ਹੇ ਹੋਣ ਕਰਕੇ ਠੋਕਰ ਆਦਿ ਲੱਗਣ ਤੇ ਰੱਬ ਨੂੰ ਯਾਦ ਕਰਦਾ ਹੈ।ਇਸ ਤੋਂ ਵੀ ਚੰਗਾ ਰਬ ਦਾ ਸੇਵਕ ਹੈ, ਜਿਸ ਦਾ ਪਿਆਰ ਰੱਬ ਦੇ ਚਰਨਾਂ ਨਾਲ ਹੈ, ਉਸ ਨੂੰ ਹੋਰ ਦੂਜੇ ਸੰਸਾਰਕ ਸੁੱਖਾਂ ਦਾ ਚੇਤਾ ਹੀ ਨਹੀਂ {ਰਾਮ ਰਸੁ ਪੀਆ ਰੇ।ਜਿਹ ਰਸ ਬਿਸਰਿ ਗਏ ਰਸ ਅਉਰ ੩੩੭}।ਵਿਸ਼ਈ ਤੇ ਦਾਸ ਹੋਣ ਦਾ ਫਲ ਵੀ ਦਸਿਆ ਹੈ।ਵਿਸ਼ੇ ਵਿਕਾਰ ਤੇ ਮਾਇਆ ਵਿਚ ਲੀਨਤਾ ਨਰਕ ਵਿਚ ਲੈ ਜਾਂਦੀ ਹੈ।ਪਰ ਰੱਬ ਦੇ ਸੇਵਕਾਂ ਨੂੰ ਇਸ ਲੋਕ ਤੇ ਪ੍ਰਲੋਕ ਵਿਚ ਵਡਿਆਈ ਮਿਲਦੀ ਹੈ।ਹਰੀ ਦੇ ਦਾਸ ਦੀ ਸ੍ਰੇਸਟਤਾ ਦਸ ਕੇ ਗੁਰੂ ਜੀ ਉਪਦੇਸ਼ ਕਰਦੇ ਹਨ ਕਿ ਹਰੀ ਦੇ ਚਰਨਾਂ ਦਾ ਪਿਆਰ, ਆਨ ਸੁੱਖਾਂ ਤੋਂ ਉਪਰਾਮਤਾ ਹਰੀ ਦੇ ਸਿਮਰਨ ਨਾਲ ਮਿਲਦੇ ਹਨ।ਇਸ ਤਰ੍ਹਾਂ ਹਰੀ ਨੂੰ ਮਿਲਿਆ ਜਾ ਸਕਦਾ ਹੈ (ਸੰ.ਪੋ.)।
ਗਉੜੀ ਮਹਲਾ ੫ ॥ ਆਠ ਪਹਰ ਸੰਗੀ ਬਟਵਾਰੇ ॥ ਕਰਿ ਕਿਰਪਾ ਪ੍ਰਭਿ ਲਏ ਨਿਵਾਰੇ ॥੧॥ (ਹੇ ਭਾਈ ! ਜੋ ਕਾਮ ਆਦਿ) ਲੁਟੇਰੇ ਅੱਠੇ ਪਹਿਰ ਨਾਲ ਰਹਿਣ ਵਾਲੇ ਸਨ (ਆਤਮਕ ਗੁਣਾਂ ਨੂੰ ਲੁੱਟਦੇ ਸਨ।ਉਹ) ਪ੍ਰਭੂ ਨੇ ਕਿਰਪਾ ਕਰ ਕੇ ਦੂਰ ਕਰ ਲਏ ਹਨ।੧।
ਐਸਾ ਹਰਿ ਰਸੁ ਰਮਹੁ ਸਭੁ ਕੋਇ ॥ ਸਰਬ ਕਲਾ ਪੂਰਨ ਪ੍ਰਭੁ ਸੋਇ ॥੧॥ਰਹਾਉ॥ ਉਹ ਪ੍ਰਭੂ ਸਰਬ ਕਲਾ ਸੰਪੂਰਨ ਹੈ।(ਸ਼ਕਤੀਆਂ ਦੇ ਮਾਲਕ) ਅਜੇਹੇ ਹਰੀ ਦੇ ਨਾਮ ਦਾ ਰਸ ਸਭ ਕੋਈ ਮਾਣੋ; ਐਸੇ ਹਰੀ ਦੇ ਨਾਮ ਰਸ ਨੂੰ ਸਭ ਕੋਈ ਜਪੋ।੧।ਰਹਾਉ।
ਮਹਾ ਤਪਤਿ ਸਾਗਰ ਸੰਸਾਰ ॥ ਪ੍ਰਭ ਖਿਨ ਮਹਿ ਪਾਰਿ ਉਤਾਰਣਹਾਰ ॥੨॥ (ਇਹ) ਸੰਸਾਰ ਸਮੁੰਦਰ (ਕਾਮ ਆਦਿਕ ਵਿਕਾਰਾਂ ਦੀ ਅੱਗ ਨਾਲ) ਬਹੁਤ ਤਪ ਰਿਹਾ ਹੈ।ਪ੍ਰਭੂ (ਇਸ ਤਪਦੇ ਸੰਸਾਰ ਸਮੁੰਦਰ ਤੋਂ) ਇਕ ਖਿਨ ਵਿਚ ਪਾਰ ਲੰਘਾ ਦੇਣ ਵਾਲਾ ਹੈ।੨।

All Rights Reserved by Harjinder Singh Gyani | www.GuruGranthVakhyaan.org

ਅਨਿਕ ਬੰਧਨ ਤੋਰੇ ਨਹੀਂ ਜਾਹਿ ॥ ਸਿਮਰਤ ਨਾਮ ਮੁਕਤਿ ਫਲ ਪਾਹਿ ॥੩॥ (ਮਨੁੱਖ ਦੇ ਜੀਵਨ ਵਿਚ ਵਿਕਾਰਾਂ ਦੇ) ਅਨੇਕਾਂ ਬੰਧਨ ਹਨ, (ਜੋ ਅਪਣੇ ਜਤਨਾਂ ਜਾਂ ਕਰਮ ਕਾਂਡ ਨਾਲ) ਤੋੜੇ ਨਹੀਂ ਜਾ ਸਕਦੇ। (ਪ੍ਰਭੂ ਦਾ) ਨਾਮ ਜਪਣ ਨਾਲ (ਮਨੁੱਖ ਇਨ੍ਹਾਂ ਬੰਧਨਾਂ ਤੋਂ) ਮੁਕਤ ਦਾ ਫਲ ਪ੍ਰਾਪਤ ਕਰ ਲੈਂਦੇ ਹਨ।੩।

ਉਕਤਿ ਸਿਆਨਪ ਇਸ ਤੇ ਕਛੁ ਨਾਹਿ ॥ ਕਰਿ ਕਿਰਪਾ ਨਾਨਕ ਗੁਣ ਗਾਹਿ ॥੪॥੯੩॥੧੫੨॥ (ਕਾਮ ਆਦਿਕ ਲੁਟੇਰਿਆਂ ਤੋਂ ਬਚਣ ਲਈ) ਦਲੀਲਾਂ ਤੇ ਸਿਆਣਪਾਂ ਕਰਕੇ ਇਸ ਮਨੁੱਖ ਤੋਂ ਕੁਝ ਨਹੀਂ ਹੋ ਸਕਦਾ। ਗੁਰੂ ਜੀ ਆਖਦੇ ਹਨ (ਕਿ ਜਿਸ ਮਨੁੱਖ ਉਪਰ ਨਿਰੰਕਾਰ) ਕਿਰਪਾ ਕਰਦਾ ਹੈ, (ਉਹ ਮਨੁੱਖ ਨਿਰੰਕਾਰ ਦੇ) ਗੁਣ ਗਾਉਂਦਾ ਹੈ।੪।੯੩।੧੫੨।

ਪਦਾਰਥ = ਬਟਵਾਰੇ–ਰਸਤੇ ਵਿਚ ਲੁੱਟਣ ਵਾਲੇ ਡਾਕੂ। ਸੰਗੀ–ਨਾਲ ਰਹਿਣ ਵਾਲੇ ਸਾਥੀ। ਪ੍ਰਭਿ–ਪ੍ਰਭੂ ਨੇ। ਨਿਵਾਰੇ–ਦੂਰ ਕਰ ਲੀਤੇ। ੧। ਰਮਹੁ–ਮਾਣੋ; ਉਚਾਰੋ (ਜਪੋ)। ਸਰਬ ਕਲਾ–ਹੁਨਰ, ਗਿਆਨ ਆਦਿ ਸਾਰੀਆਂ ਤਾਕਤਾਂ ਦਾ ਮਾਲਕ। ਸੋਇ–ਉਹ।੧। ਰਹਾਉ। ਮਹਾ–ਬਹੁਤ। ਤਪਤਿ–ਤਪ ਰਿਹਾ ਹੈ। ਪਾਰਿ–ਪਰਲੇ ਪਾਸੇ। ਉਤਾਰਣਹਾਰ–ਲੰਘਾ ਦੇਣ ਵਾਲਾ।੨। ਬੰਧਨ–ਉਲਝਣਾਂ; ਜੰਜਾਲ। ਪਾਹਿ –ਪਾ ਲੈਂਦੇ ਹਨ।੩। ਉਕਤਿ–ਦਲੀਲਾਂ। ਇਸ ਤੇ–ਇਸ ਮਨੁੱਖ ਤੋਂ। ਗਾਹਿ–ਗਾਉਂਦਾ ਹੈ।੪।੯੩।੧੫੨।

ਗਉੜੀ ਮਹਲਾ ੫ ॥ ਥਾਤੀ ਪਾਈ ਹਰਿ ਕੋ ਨਾਮ ॥ ਬਿਚਰੁ ਸੰਸਾਰ ਪੂਰਨ ਸਭਿ ਕਾਮ ॥੧॥ (ਹੇ ਭਾਈ! ਜਦ ਤੈਨੂੰ) ਹਰੀ ਦਾ ਨਾਮ ਰੂਪ ਧਨ ਦੀ ਥੈਲੀ ਪ੍ਰਾਪਤ ਹੋ ਗਈ ਹੈ। (ਤਾਂ ਤੂੰ ਹੁਣ) ਸੰਸਾਰ ਵਿਚ ਨਿਸੰਗ ਹੋ ਕੇ ਬਿਚਰ ਭਾਵ ਕੋਈ ਵੀ ਰੋਕ ਟੋਕ ਨਹੀਂ ਸਕੇਗਾ ਅਤੇ ਤੇਰੇ ਸਾਰੇ ਕੰਮ ਪੂਰੇ ਹੋ ਜਾਣਗੇ (ਜਿਵੇਂ ਧਨੀ ਆਦਮੀ ਦੇ ਕੰਮ ਸਿਰੇ ਚੜ੍ਹ ਜਾਂਦੇ ਹਨ)।੧।

ਵਡਭਾਗੀ ਹਰਿ ਕੀਰਤਨੁ ਗਾਈਐ ॥ ਪਾਰਬ੍ਰਹਮ ਤੂੰ ਦੇਹਿ ਤ ਪਾਈਐ ॥੧॥ਰਹਾਉ॥ ਹਰੀ ਦਾ ਕੀਰਤਨ ਵੱਡੇ ਭਾਗਾਂ ਨਾਲ ਗਾਇਆ ਜਾਂਦਾ ਹੈ। (ਪਰ) ਹੇ ਪਾਰਬ੍ਰਹਮ! ਜਿਸ ਨੂੰ ਤੂੰ (ਇਹ ਦਾਤ ਕਿਰਪਾ ਕਰਕੇ) ਦੇਵੇਂ ਤਾਂ ਹੀ ਪਾਈ ਜਾ ਸਕਦੀ ਹੈ।੧। ਰਹਾਉ।

ਹਰਿ ਕੇ ਚਰਣ ਹਿਰਦੈ ਉਰਿ ਧਾਰਿ ॥ ਭਵ ਸਾਗਰੁ ਚੜਿ ਉਤਰਹਿ ਪਾਰਿ ॥੨॥ (ਹੇ ਭਾਈ! ਅਪਣੇ) ਹਿਰਦੇ ਦੇ ਅੰਦਰ ਹਰੀ ਦੇ ਚਰਣ ਧਾਰਣ ਕਰ ਲੈ। (ਤੂੰ ਇਨ੍ਹਾਂ ਚਰਣਾਂ ਦੇ ਜਹਾਜ ਤੇ) ਚੜ੍ਹ ਕੇ ਸੰਸਾਰ ਸਾਗਰ ਤੋਂ ਪਾਰ ਲੰਘ ਜਾਵੇਂਗਾ।੨।

ਸਾਧੂ ਸੰਗੁ ਕਰਹੁ ਸਭੁ ਕੋਇ ॥ ਸਦਾ ਕਲਿਆਣ ਫਿਰਿ ਦੂਖੁ ਨ ਹੋਇ ॥੩॥ (ਹੇ ਭਾਈ!) ਸਭ ਕੋਈ ਸਾਧ ਸੰਗਤ ਕਰੋ। (ਸਾਧ ਸੰਗਤ ਕਰਨ ਨਾਲ ਤੁਹਾਨੂੰ) ਸਦਾ ਸੁਖ ਮਿਲੇਗਾ, ਮੁੜ ਕੇ ਦੁੱਖ ਨਹੀ ਹੋਵੇਗਾ।੩।

ਪ੍ਰੇਮ ਭਗਤਿ ਭਜੁ ਗੁਣੀ ਨਿਧਾਨੁ ॥ ਨਾਨਕ ਦਰਗਹ ਪਾਈਐ ਮਾਨੁ ॥੪॥੯੪॥੧੫੩॥ (ਹੇ ਭਾਈ!) ਪ੍ਰੇਮਾ ਭਗਤੀ ਦੁਆਰਾ ਗੁਣਾਂ ਦੇ ਖਜਾਨੇ ਪ੍ਰਭੂ ਨੂੰ ਸਿਮਰੋ। ਗੁਰੂ ਜੀ ਆਖਦੇ ਹਨ ਕਿ (ਇਸ ਤਰ੍ਹਾਂ ਪ੍ਰਭੂ ਦੀ) ਦਰਗਾਹ ਵਿਚ ਮਾਣ ਪਾਈਦਾ ਹੈ।੪।੯੪।੧੫੩।

ਪਦਾਰਥ = ਥਾਤੀ–ਧਨ ਦੀ ਥੈਲੀ। ਬਿਚਰੁ–ਤੁਰਦਾ ਫਿਰਦਾ ਰਹੁ।੧। ਵਡਭਾਗੀ–ਵੱਡੇ ਭਾਗਾਂ ਨਾਲ। ਤ–ਤਾਂ ਹੀ।੧। ਰਹਾਉ। ਉਰਿ –ਹਿਰਦੇ ਵਿਚ। ਧਾਰਿ–ਟਿਕਾ ਲੈ। ਭਵ ਸਾਗਰੁ–ਸੰਸਾਰ ਸਮੁੰਦਰ। ਉਤਰਹਿ ਪਾਰਿ–ਪਾਰ ਲੰਘ ਜਾਵੇਂਗਾ।੨। ਸਾਧੂ ਸੰਗੁ–ਸਾਧ ਸੰਗਤ। ਕਲਿਆਣ–ਸੁਖ। ਫਿਰਿ–ਮੁੜ ਕੇ।੩। ਪ੍ਰੇਮ ਭਗਤਿ–ਪ੍ਰੇਮ ਵਾਲੀ ਭਗਤੀ ਨਾਲ। ਭਜੁ–ਸਿਮਰੋ। ਮਾਨੁ–ਆਦਰ।੪।੯੪।੧੫੩।

ਗਉੜੀ ਮਹਲਾ ੫ ॥ ਜਲਿ ਥਲਿ ਮਹੀਅਲਿ ਪੂਰਨ ਹਰਿ ਮੀਤ ॥ ਭ੍ਰਮ ਬਿਨਸੇ ਗਾਏ ਗੁਣ ਨੀਤ ॥੧॥(ਹੇ ਭਾਈ!) ਹਰੀ ਮਿਤ੍ਰ ਜਲ ਵਿਚ, ਮਾਰੂ ਥਲ ਵਿਚ, ਧਰਤੀ ਤੇ ਅਸਮਾਨ ਵਿਚਕਾਰ (ਹਰ ਥਾਂ) ਪੂਰਨ (ਵਿਆਪਕ) ਹੈ। (ਜਿਨ੍ਹਾਂ ਨੇ ਅਜੇਹੇ ਹਰੀ ਦੇ) ਗੁਣ ਨਿਤ ਗਾਏ ਹਨ, ਉਨ੍ਹਾਂ ਦੇ ਭਰਮ ਨਾਸ਼ ਹੋ ਗਏ ਹਨ।੧।

ਊਠਤ ਸੋਵਤ ਹਰਿ ਸੰਗਿ ਪਹਰੂਆ ॥ ਜਾ ਕੈ ਸਿਮਰਣਿ ਜਮ ਨਹੀ ਡਰੂਆ ॥੧॥ਰਹਾਉ॥ ਹਰੀ ਜਾਗਦਿਆਂ ਤੇ ਸੌਂਦਿਆਂ ਪਹਿਰੇਦਾਰ (ਵਾਂਗ ਮਨੁੱਖ ਦੇ ਸਦਾ) ਨਾਲ ਰਹਿੰਦਾ ਹੈ। ਜਿਸ ਦੇ ਸਿਮਰਨ ਨਾਲ (ਮਨੁੱਖ ਨੂੰ) ਜਮਾਂ ਦਾ ਡਰ ਨਹੀਂ ਰਹਿੰਦਾ।੧। ਰਹਾਉ।

ਅੰਗ ੧੯੭ = ਚਰਣ ਕਮਲ ਪ੍ਰਭ ਰਿਦੈ ਨਿਵਾਸੁ ॥ ਸਗਲ ਦੂਖ ਕਾ ਹੋਇਆ ਨਾਸੁ ॥੨॥ (ਹੇ ਭਾਈ! ਜਿਸ ਮਨੁੱਖ ਦੇ) ਹਿਰਦੇ ਵਿਚ ਪ੍ਰਭੂ ਦੇ ਚਰਨਾਂ ਦਾ ਨਿਵਾਸ ਹੋ ਗਿਆ ਹੈ। (ਉਸ ਦੇ) ਸਾਰੇ ਦੁੱਖਾਂ ਦਾ ਨਾਸ ਹੋ ਗਿਆ ਹੈ।੨।

ਆਸਾ ਮਾਣੁ ਤਾਣੁ ਧਨੁ ਏਕ ॥ ਸਾਚੇ ਸਾਹ ਕੀ ਮਨ ਮਹਿ ਟੇਕ ॥੩॥ ਇਕ ਪ੍ਰਭੂ ਹੀ (ਉਸ ਮਨੁੱਖ ਦੀ) ਆਸ, ਮਾਣ ਤੇ ਤਾਣ ਬਣ ਜਾਂਦਾ ਹੈ। (ਕਿਉਂਕਿ ਉਸ) ਸੱਚੇ ਪਾਤਸ਼ਾਹ ਦੀ ਮਨ ਵਿਚ ਟੇਕ (ਧਾਰੀ ਹੁੰਦੀ) ਹੈ।੩।

All Rights Reserved by Harjinder Singh Gyani | www.GuruGranthVakhyaan.org

ਮਹਾ ਗਰੀਬ ਜਨ ਸਾਧ ਅਨਾਥ ॥ ਨਾਨਕ ਪ੍ਰਭਿ ਰਾਖੇ ਦੇ ਹਾਥ ॥੪॥੮੫॥੧੫੪॥ (ਜਿਤਨੇ ਵੀ) ਬਹੁਤ ਗਰੀਬ, ਅਨਾਥ ਤੇ ਸਾਧੂ ਜਨ ਹਨ (ਜਿਨ੍ਹਾਂ ਦਾ ਕੋਈ ਰਾਖਾ ਨਹੀਂ ਸੀ)।ਹੇ ਨਾਨਕ! (ਉਹ ਸਾਰੇ) ਪ੍ਰਭੂ ਨੇ ਹੱਥ ਦੇ ਕੇ ਰੱਖ ਲਏ ਹਨ।੪।੮੫।੧੫੪।

ਪਦਾਰਥ = ਥਲਿ–ਮਾਰੂ ਥਲ (ਸੁੱਕੀ ਧਰਤੀ)।ਮਹੀ ਅਲਿ–ਧਰਤੀ ਤੇ ਅਸਮਾਨ ਦੇ ਵਿਚਕਾਰ (ਪੁਲਾੜ)।ਪੂਰਨ–ਵਿਆਪਕ।ਮੀਤ –ਮਿੱਤ੍ਰ।ਨੀਤ–ਨਿਤ (ਸਦਾ)।੧।ਸੰਗਿ–ਨਾਲ ;ਅੰਗ ਸੰਗ।ਪਹਰੂਆ–ਪਹਿਰੇਦਾਰ; ਰਾਖਾ।ਜਾ ਕੈ–ਜਿਸ (ਪ੍ਰਭੂ) ਦੇ।ਡਰੂਆ–ਡਰ ।੧।ਰਹਾਉ।ਨਿਵਾਸੁ–ਵਾਸਾ।ਸਗਲ–ਸਾਰੇ।੨।ਮਾਣੁ–ਫਖਰ; ਮਨ ਨੂੰ ਮਿਲਣ ਵਾਲਾ ਸਨਮਾਨ।ਤਾਣੁ–ਬਲ॥ਏਕ–ਇਕ ਪ੍ਰਭੂ। ਸਾਹ–ਪਾਤਸ਼ਾਹ; ਪ੍ਰਭੂ।ਟੇਕ–ਓਟ।੩।ਅਨਾਥ–ਨਿਆਸਰੇ; ਜਿਨ੍ਹਾਂ ਦਾ ਕੋਈ ਖਸਮ ਨਹੀਂ।ਦੇ–ਦੇ ਕੇ।੪।੮੫।੧੫੪।

ਗਉੜੀ ਮਹਲਾ ੫ ॥ ਹਰਿ ਹਰਿ ਨਾਮਿ ਮਜਨ ਕਰਿ ਸੂਚੇ ॥ ਕੋਟਿ ਗ੍ਰਹਣ ਪੁੰਨ ਫਲ ਮੂਚੇ ॥੧॥ਰਹਾਉ॥ (ਜਿਹੜੇ ਪੁਰਖ) ਹਰਿ ਹਰਿ ਨਾਮ ਦੇ ਤੀਰਥ ਵਿਚ ਇਸ਼ਨਾਨ ਕਰਕੇ ਸੁੱਚੇ ਹੋਏ ਹਨ।(ਉਨ੍ਹਾਂ ਨੂੰ ਸੂਰਜ ਚੰਦ੍ਰਮਾ ਦੇ) ਕ੍ਰੋੜਾਂ ਗ੍ਰਹਣਾਂ ਆਦਿ ਪੁਰਬਾਂ ਦੇ ਮੌਕਿਆਂ ਉਤੇ ਕੀਤੇ ਤੀਰਥ ਇਸ਼ਨਾਨ ਅਤੇ ਪੁੰਨਾਂ ਦੇ ਫਲਾਂ ਤੋਂ ਵੀ ਬਹੁਤ ਜਿਆਦਾ ਫਲ ਮਿਲਦਾ ਹੈ।੧।ਰਹਾਉ।

ਹਰਿ ਕੇ ਚਰਣ ਰਿਦੇ ਮਹਿ ਬਸੇ ॥ ਜਨਮ ਜਨਮ ਕੇ ਕਿਲਵਿਖ ਨਸੇ ॥੧॥ (ਜਿਸ ਮਨੁੱਖ ਦੇ) ਹਿਰਦੇ ਵਿਚ ਹਰੀ ਦੇ ਚਰਣ ਵਸੇ ਹਨ ।(ਉਸਦੇ) ਜਨਮਾਂ ਜਨਮਾਂਤਰਾਂ ਦੇ ਪਾਪ ਨੱਸ ਗਏ ਹਨ।੧।

ਸਾਧ ਸੰਗਿ ਕੀਰਤਨ ਫਲੁ ਪਾਇਆ ॥ ਜਮ ਕਾ ਮਾਰਗੁ ਦ੍ਰਿਸਟਿ ਨ ਆਇਆ ॥੨॥ (ਜਿਸ ਪੁਰਖ ਨੇ) ਸਾਧ ਸੰਗਤ ਵਿਚ ਕੀਰਤਨ ਕੀਤਾ ਹੈ, (ਉਸ ਨੇ) ਇਹ ਫਲ ਪਾਇਆ ਹੈ।(ਉਸ ਨੂੰ) ਜਮਾਂ ਦਾ ਮਾਰਗ ਨਜਰ ਹੀ ਨਹੀਂ ਆਇਆ (ਮੌਤ ਨਹੀਂ ਆਈ)।੨।

ਮਨ ਬਚ ਕ੍ਰਮ ਗੋਵਿੰਦ ਅਧਾਰੁ ॥ ਤਾ ਤੇ ਛੁਟਿਓ ਬਿਖੁ ਸੰਸਾਰੁ ॥੩॥ (ਜਿਸ ਮਨੁੱਖ ਨੂੰ) ਮਨ, ਬਾਣੀ ਤੇ ਕਰਮ ਕਰਕੇ ਗੋਬਿੰਦ ਦਾ ਹੀ ਆਸਰਾ ਹੈ।ਉਸ (ਮਨੁੱਖ) ਤੋਂ ਜਹਿਰ ਰੂਪ ਸੰਸਾਰ ਛੁਟ ਗਿਆ ਹੈ; ਵਿਹੁ ਰੂਪ ਸੰਸਾਰਕ ਦੁੱਖ ਛੁਟ ਗਿਆ ਹੈ।੩।

ਕਰਿ ਕਿਰਪਾ ਪ੍ਰਭਿ ਕੀਨੋ ਅਪਨਾ ॥ਨਾਨਕ ਜਾਪੁ ਜਪੇ ਹਰਿ ਜਪਨਾ ॥੪॥੮੬॥੧੫੫॥ ਪ੍ਰਭੂ ਨੇ ਕ੍ਰਿਪਾ ਕਰਕੇ (ਜਿਸ ਮਨੁੱਖ ਨੂੰ) ਅਪਣਾ ਬਣਾ ਦਾਸ ਲਿਆ ਹੈ।ਗੁਰੂ ਜੀ ਆਖਦੇ ਹਨ, (ਕਿ ਉਹ ਹੀ) ਜਪਣ ਯੋਗ ਹਰੀ ਦਾ ਜਾਪ ਜਪਦਾ ਹੈ।੪।੮੬।੧੫੫।

ਪਦਾਰਥ = ਮਜਨੁ–ਇਸ਼ਨਾਨ।ਕਰਿ–ਕਰ ਕੇ।ਸੂਚੇ–ਪਵਿਤ੍ਰ।ਕੋਟਿ–ਕ੍ਰੋੜਾਂ।ਮੂਚੇ–ਬਹੁਤ।੧।ਰਹਾਉ।ਕਿਲਵਿਖ–ਪਾਪ।ਨਸੇ–ਦੌੜ ਗਏ ਹਨ।੧।ਮਾਰਗੁ–ਰਸਤਾ।ਦ੍ਰਿਸਟਿ–ਨਜਰ।੨।ਬਚ–ਬਚਨਾਂ ਕਰਕੇ।ਕ੍ਰਮ–ਕੰਮਾਂ ਕਰਕੇ।ਅਧਾਰੁ–ਆਸਰਾ।ਤਾ ਤੇ–ਉਸ ਤੋਂ (ਪਾਸੋਂ)।੩।ਕੀਨੋ–ਕਰ (ਬਣਾ) ਲਿਆ।ਜਪੇ–ਜਪਦਾ ਹੈ।ਜਪਨਾ–ਜਪਣ ਯੋਗ (ਮ.ਕੋ.; ਸੰ.ਸ.)।੪।੮੬।੧੫੫।

ਗ੍ਰਹਣ = ਫੜੇ ਜਾਣਾ (ਚੰਦ ਸੂਰਜ ਦਾ ਦੂਜੇ ਗ੍ਰਹਾਂ ਦੀ ਛਾਂ ਹੇਠ ਆਉਣਾ)।ਪੁਰਾਣਾਂ ਅਨੁਸਾਰ ਸੂਰਜ ਤੇ ਚੰਦ ਨੂੰ ਦੋ ਗ੍ਰਹਿ ਰਾਹੂ ਤੇ ਕੇਤੂ ਫੜ ਲੈਂਦੇ ਹਨ।ਰਾਹੂ ਤੇ ਕੇਤੂ ਤੋਂ ਸੂਰਜ ਚੰਦ ਨੂੰ ਛੁਡਾਉਣ ਲਈ ਹਿੰਦੂ ਲੋਕ ਤੀਰਥਾਂ ਤੇ ਸ਼ਨਾਨ ਤੇ ਦਾਨ ਪੁੰਨ ਆਦਿ ਕਰਦੇ ਹਨ।ਅਸਲ ਵਿਚ ਕੋਈ ਹੋਰ ਗ੍ਰਹਿ ਸੂਰਜ ਚੰਦ ਦੇ ਸਾਹਮਣੇ ਆਉਣ ਕਰਕੇ ਗ੍ਰਹਣ ਲਗਦਾ ਹੈ।

ਗਉੜੀ ਮਹਲਾ ੫ ॥ ਪਉ ਸਰਣਾਈ ਜਿਨਿ ਹਰਿ ਜਾਤੇ ॥ ਮਨੁ ਤਨੁ ਸੀਤਲੁ ਚਰਣ ਹਰਿ ਰਾਤੇ ॥੧॥ (ਹੇ ਭਾਈ! ਉਨ੍ਹਾਂ ਮਹਾਂ ਪੁਰਖਾਂ ਦੀ) ਸ਼ਰਣੀ ਪੈ ਜਾ, ਜਿਨ੍ਹਾਂ ਨੇ ਹਰੀ ਨੂੰ ਜਾਣਿਆ ਹੈ।(ਕਿਉਂਕਿ ਅਜੇਹੇ ਮਹਾਂ ਪੁਰਖ) ਹਰੀ ਦੇ ਚਰਣਾਂ ਦੇ ਪ੍ਰੇਮ ਵਿਚ ਰੰਗੇ ਹੋਏ ਹਨ, (ਅਤੇ ਉਨ੍ਹਾਂ ਦਾ) ਮਨ ਤੇ ਤਨ ਸੀਤਲ ਹੋਇਆ ਹੁੰਦਾ ਹੈ।੧।

ਭੈ ਭੰਜਨ ਪ੍ਰਭ ਮਨਿ ਨ ਬਸਾਹੀ ॥ ਡਰਪਤ ਡਰਪਤ ਜਨਮ ਬਹੁਤੁ ਜਾਹੀ ॥੧॥ਰਹਾਉ॥ (ਜੋ ਲੋਕ) ਡਰ ਨਾਸ਼ ਕਰਨ ਵਾਲੇ ਪ੍ਰਭੂ ਨੂੰ ਮਨ ਵਿਚ ਨਹੀਂ ਵਸਾਉਂਦੇ।(ਉਨ੍ਹਾਂ ਦੇ) ਬਹੁਤ ਜਨਮ ਡਰਦਿਆਂ ਡਰਦਿਆਂ ਬੀਤ ਗਏ ਹਨ।੧।ਰਹਾਉ।

ਜਾ ਕੈ ਰਿਦੈ ਬਸਿਓ ਹਰਿ ਨਾਮ ॥ ਸਗਲ ਮਨੋਰਥ ਤਾ ਕੇ ਪੂਰਨ ਕਾਮ ॥੨॥ ਜਿਸ ਮਨੁੱਖ ਦੇ ਹਿਰਦੇ ਵਿਚ ਹਰੀ ਦਾ ਨਾਮ ਵਸ ਗਿਆ ਹੈ।ਉਸ ਦੇ ਸਾਰੇ ਮਨੋਰਥ ਤੇ ਸਾਰੇ ਕੰਮ ਪੂਰਨ ਹੋ (ਸਿਰੇ ਚੜ੍ਹ) ਜਾਂਦੇ ਹਨ।੨।

ਜਨਮੁ ਜਰਾ ਮਿਰਤੁ ਜਿਸੁ ਵਾਸਿ ॥ ਸੋ ਸਮਰਥੁ ਸਿਮਰਿ ਸਾਸਿ ਗਿਰਾਸਿ ॥੩॥ ਜਿਸ ਵਾਹਿਗੁਰੂ ਦੇ ਵਸ ਵਿਚ ਜਨਮ, ਬੁਢੇਪਾ ਤੇ ਮੌਤ ਹਨ।ਉਸ ਸਮਰੱਥ ਵਾਹਿਗੁਰੂ ਨੂੰ ਸਾਹ ਲੈਂਦਿਆਂ ਤੇ ਰੋਟੀ ਖਾਂਦਿਆਂ ਯਾਦ ਕਰ।੩।

ਮੀਤੁ ਸਾਜਨੁ ਸਖਾ ਪ੍ਰਭੁ ਏਕ ॥ ਨਾਮੁ ਸੁਆਮੀ ਕਾ ਨਾਨਕ ਟੇਕ ॥੪॥੮੭॥੧੫੬॥ ਇਕ ਪ੍ਰਭੂ ਹੀ (ਜੀਵਾਂ ਦਾ ਇਸ ਲੋਕ ਵਿਚ)

All Rights Reserved by Harjinder Singh Gyani | www.GuruGranthVakhyaan.org

ਮਿਤ੍ਰ ਹੈ, (ਪ੍ਰਲੋਕ ਵਿਚ) ਸੱਜਨ ਹੈ (ਤੇ ਪ੍ਰਾਣਾਂ ਦਾ) ਸਾਥੀ ਹੈ। ਮਾਲਕ ਪ੍ਰਭੂ ਦਾ ਨਾਮ ਹੀ ਨਾਨਕ ਦੀ ਟੇਕ ਹੈ।੪।੮੭।੧੫੬।

ਪਦਾਰਥ = ਪਉ–ਪੈ ਜਾ। ਜਿਨਿ–ਜਿਨ੍ਹਾਂ ਨੇ। ਜਾਤੇ–ਜਾਣਿਆ ਹੈ। ਰਾਤੇ–ਰੰਗੇ ਹਨ; ਜੁੜੇ ਹਨ।੧। ਭੈ ਭੰਜਨ–(ਸਾਰੇ) ਡਰ ਨਾਸ਼ ਕਰਨ ਵਾਲਾ ਪ੍ਰਭੂ। ਨ ਬਸਾਹੀ–ਨਹੀਂ ਵਸਾਉਂਦੇ। ਜਾਹੀ–ਲੰਘ ਜਾਂਦੇ ਹਨ।੧। ਰਹਾਉ। ਜਾ ਕੈ–ਜਿਸ ਮਨੁੱਖ ਦੇ। ਸਗਲ–ਸਾਰੇ। ਮਨੋਰਥ–ਮਨ ਦਾ ਸੰਕਲਪ; ਇੱਛਾ। ਤਾ ਕੇ–ਉਸ ਦੇ। ਕਾਮ–ਕੰਮ; ਕਾਮਨਾ।੨। ਜਰਾ–ਬੁਢੇਪਾ। ਮਿਰਤੁ–ਮੌਤ। ਵਾਸਿ–ਵਸ ਵਿਚ; ਅਧੀਨ। ਸਮਰਥੁ–ਸ਼ਕਤੀਆਂ ਦੇ ਮਾਲਕ ਵਾਹਿਗੁਰੂ ਨੂੰ। ਸਾਸਿ ਗਿਰਾਸਿ–ਸਾਹ ਲੈਂਦਿਆਂ ਤੇ ਭੋਜਨ ਖਾਦਿਆਂ।੩। ਮੀਤੁ–ਮਿੱਤ੍ਰ। ਸਖਾ –ਸਾਥੀ। ਸੁਆਮੀ–ਮਾਲਕ ਪ੍ਰਭੂ। ਟੇਕ–ਸਹਾਰਾ।੪।੮੭।੧੫੬।

ਉਥਾਨਕਾ = ਸਾਹਿਬਜਾਦੇ ਹਰਿਗੋਬਿੰਦ ਸਾਹਿਬ ਦੇ ਪ੍ਰਕਾਸ਼ ਸਮੇਂ ਜਦ ਗੁਰੂ ਅਰਜਨ ਦੇਵ ਜੀ ਅਪਣੇ ਮਹਿਲ ਅੰਮ੍ਰਿਤਸਰ ਤੋਂ ਗੁਰੂ ਕੀ ਵਡਾਲੀ ਜਾ ਕੇ ਰਹੇ, ਉਸ ਸਮੇਂ ਇਹ ਸ਼ਬਦ ਉਚਾਰਿਆ ਹੈ।

ਗਉੜੀ ਮਹਲਾ ੫ ॥ ਬਾਹਰਿ ਰਾਖਿਓ ਰਿਦੈ ਸਮਾਲਿ ॥ ਘਰਿ ਆਏ ਗੋਵਿੰਦੁ ਲੈ ਨਾਲਿ ॥੧॥ (ਸੰਤ ਜਨਾਂ ਨੇ ਘਰੋਂ) ਬਾਹਰ ਜਾ ਕੇ ਵੀ (ਪ੍ਰਭੂ ਨੂੰ) ਹਿਰਦੇ ਵਿਚ ਸੰਭਾਲੀ ਰੱਖਿਆ ਹੈ (ਬਾਹਰ ਜਾਕੇ ਕਾਰ ਵਿਹਾਰ ਵਿਚ ਪੈ ਕੇ ਰੱਬ ਨੂੰ ਭੁਲਦੇ ਨਹੀਂ। ਜਦ) ਘਰ ਆਏ ਤਾਂ ਗੋਵਿੰਦ ਨੂੰ ਲੈ ਆਏ (ਭਾਵ ਸੰਤ ਜਨ ਘਰ ਬਾਹਰ ਹਰ ਥਾਂ ਵਾਹਿਗੁਰੂ ਨੂੰ ਅੰਗ ਸੰਗ ਜਾਣਦੇ ਹਨ)।੧।

ਹਰਿ ਹਰਿ ਨਾਮੁ ਸੰਤਨ ਕੈ ਸੰਗਿ ॥ਮਨੁ ਤਨੁ ਰਾਤਾ ਰਾਮ ਕੈ ਰੰਗਿ ॥੧॥ਰਹਾਉ॥ ਹਰਿ ਹਰਿ ਨਾਮ ਸਦਾ ਸੰਤਾਂ ਦੇ ਨਾਲ ਰਹਿੰਦਾ ਹੈ। (ਕਿਉਂਕਿ ਉਨ੍ਹਾਂ ਦਾ) ਮਨ ਤੇ ਤਨ ਸਦਾ ਵਾਹਿਗੁਰੂ ਦੇ ਰੰਗ ਵਿਚ ਰੰਗਿਆ ਰਹਿੰਦਾ ਹੈ।੧। ਰਹਾਉ।

ਗੁਰ ਪਰਸਾਦੀ ਸਾਗਰੁ ਤਰਿਆ ॥ ਜਨਮ ਜਨਮ ਕੇ ਕਿਲਵਿਖ ਸਭਿ ਹਿਰਿਆ ॥੨॥ (ਉਨ੍ਹਾਂ ਸੰਤਾਂ ਨੇ) ਗੁਰੂ ਦੀ ਕ੍ਰਿਪਾ ਨਾਲ ਸੰਸਾਰ ਸਮੁੰਦਰ ਨੂੰ ਤਰ ਲਿਆ ਹੈ। ਅਤੇ ਜਨਮਾਂ ਜਨਮਾਂ ਦੇ ਸਾਰੇ ਪਾਪ ਨਾਸ਼ ਕਰ ਲਏ ਹਨ।੨।

ਸੋਭਾ ਸੁਰਤਿ ਨਾਮਿ ਭਗਵੰਤੁ ॥ ਪੂਰੇ ਗੁਰ ਕਾ ਨਿਰਮਲ ਮੰਤੁ ॥੩॥ ਪੂਰੇ ਗੁਰੂ ਦਾ ਪਵਿਤ੍ਰ ਉਪਦੇਸ਼ ਹੈ। (ਕਿ) ਨਾਮ ਦੁਆਰਾ ਸੋਭਾ ਬਣਦੀ ਹੈ, ਉਚੀ ਸੁਰਤ ਉਪਜਦੀ ਹੈ ਤੇ ਚੰਗੇ ਭਾਗਾਂ ਵਾਲਾ ਹੋਈਦਾ ਹੈ (ਸ਼ਬਦਾਰਥ; ਸੰਤਾਂ ਨੇ) ਪੂਰੇ ਗੁਰੂ ਦਾ ਪਵਿਤ੍ਰ ਉਪਦੇਸ਼ ਲਿਆ ਹੈ। (ਉਨ੍ਹਾਂ ਦੀ) ਸੁਰਤ ਨਾਮ ਵਿਚ ਜੁੜੀ ਰਹਿੰਦੀ ਹੈ, (ਲੋਕ ਪ੍ਰਲੋਕ ਵਿਚ) ਸੋਭਾ ਹੁੰਦੀ ਹੈ ਤੇ ਭਾਗਾਂ ਵਾਲੇ ਹੋ ਜਾਂਦੇ ਹਨ।੩।

ਚਰਣ ਕਮਲ ਹਿਰਦੇ ਮਹਿ ਜਾਪੁ ॥ ਨਾਨਕੁ ਪੇਖਿ ਜੀਵੈ ਪਰਤਾਪੁ ॥੪॥੮੮॥੧੫੭॥ (ਹੇ ਭਾਈ! ਜਿਸ ਪ੍ਰਭੂ ਦੇ) ਚਰਨਾਂ ਕਮਲਾਂ ਦਾ (ਸੰਤਾਂ ਦੇ) ਹਿਰਦੇ ਵਿਚ ਜਾਪ ਹੋ ਰਿਹਾ ਹੈ। ਨਾਨਕ ਉਸ (ਪ੍ਰਭੂ ਦੇ) ਪ੍ਰਤਾਪ ਨੂੰ ਦੇਖ ਕੇ ਜਿਉਂਦਾ ਹੈ।

ਪਦਾਰਥ = ਰਾਖਿਓ ਸਮਾਲਿ–ਸਾਂਭ ਕੇ ਰੱਖਿਆ। ਲੈ ਨਾਲਿ–ਨਾਲ ਲੈ ਆਏ (ਘਰ ਆ ਕੇ ਵੀ ਪ੍ਰਵਾਰ ਦੇ ਮੋਹ ਕਰਕੇ ਰੱਬ ਨੂੰ ਕਦੇ ਭੁਲਦੇ ਨਹੀਂ)।੧। ਰਾਤਾ–ਰੰਗਿਆ ਹੈ। ਰੰਗਿ–ਰੰਗ ਵਿਚ।੧। ਰਹਾਉ। ਸਾਗਰੁ–ਸੰਸਾਰ ਸਮੁੰਦਰ। ਕਿਲਵਿਖ–ਪਾਪ। ਹਿਰਿਆ–ਨਾਸ਼ ਕਰ ਲਏ।੨। ਸੋਭਾ–ਵਡਿਆਈ। ਭਗਵੰਤੁ–ਭਾਗਾਂ ਵਾਲੇ। ਮੰਤੁ–ਉਪਦੇਸ਼।੩। ਪੇਖਿ–ਦੇਖ ਕੇ।੪।੮੮।੧੫੭।

ਉਥਨਕਾ = ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਰਚ ਕੇ ਜਦ ਪਹਿਲੇ ਦਿਨ ਕੀਰਤਨ ਕੀਤਾ ਤਾਂ ਇਹ ਸ਼ਬਦ ਉਚਾਰਿਆ।

ਗਉੜੀ ਮਹਲਾ ੫ ॥ ਧੰਨੁ ਇਹੁ ਥਾਨੁ ਗੋਵਿੰਦ ਗੁਣ ਗਾਏ ॥ ਕੁਸਲ ਖੇਮ ਪ੍ਰਭਿ ਆਪਿ ਬਸਾਏ ॥੧॥ਰਹਾਉ॥ ਇਹ ਸਥਾਨ (ਸਤ ਸੰਗਤ; ਹਰਿਮੰਦਰ ਸਾਹਿਬ) ਧੰਨ ਹੈ, ਜਿਥੇ ਗੋਬਿੰਦ ਦੇ ਗੁਣ ਗਾਏ ਜਾਂਦੇ ਹਨ। (ਇਸ ਅਸਥਾਨ ਤੇ) ਕਲਿਆਣ ਤੇ ਸੁਖ ਪ੍ਰਭੂ ਨੇ ਆਪ ਬਸਾ ਦਿਤੇ ਹਨ।੧। ਰਹਾਉ। ਜਹਾਂ ਸਿਮਰਨੁ ਭਇਓ ਹੈ ਠਾਕੁਰ, ਤਹਾਂ ਨਗਰ ਸੁਖ ਆਨੰਦ। ...ਜਹਾਂ ਬੀਸਰੈ...੧੨੦੪

ਬਿਪਤਿ ਤਹਾ, ਜਹਾ ਹਰਿ ਸਿਮਰਨੁ ਨਾਹੀ ॥ ਕੋਟਿ ਅਨੰਦ, ਜਹ ਹਰਿ ਗੁਨ ਗਾਹੀ ॥੧॥ ਜਿਥੇ ਹਰੀ ਦਾ ਸਿਮਰਨ ਨਹੀਂ ਹੁੰਦਾ, ਉਥੇ ਮੁਸੀਬਤ (ਦਾ ਵਾਸਾ) ਹੁੰਦਾ ਹੈ। ਜਿਥੇ ਹਰੀ ਦੇ ਗੁਣ ਗਾਏ ਜਾਂਦੇ ਹਨ, ਉਥੇ ਕ੍ਰੋੜਾਂ ਅਨੰਦ (ਆ ਵਸਦੇ) ਹਨ।੧।

ਹਰਿ ਬਿਸਰਿਐ ਦੁਖ ਰੋਗ ਘਨੇਰੇ ॥ ਪ੍ਰਭ ਸੇਵਾ ਜਮੁ ਲਗੈ ਨ ਨੇਰੇ ॥੨॥ ਹਰੀ ਨੂੰ ਭੁਲਣ ਕਰਕੇ ਬਹੁਤ ਦੁਖ ਤੇ ਰੋਗ ਆ ਲਗਦੇ ਹਨ। (ਪਰ) ਪ੍ਰਭੂ ਦੀ ਸੇਵਾ ਭਗਤੀ ਕਰਨ ਨਾਲ (ਦੁੱਖ ਤਾਂ ਕੀ) ਜਮ ਵੀ ਨੇੜੇ ਨਹੀਂ ਲਗਦਾ।੨।

ਸੋ ਵਡਭਾਗੀ ਨਿਹਚਲ ਥਾਨੁ ॥ ਜਹ ਜਪੀਐ ਪ੍ਰਭ ਕੇਵਲ ਨਾਮੁ ॥੩॥ ਪ੍ਰਭੂ ਦਾ ਕੇਵਲ ਨਾਮ ਜਿੱਥੇ ਜਪਿਆ ਜਾਂਦਾ ਹੈ। ਉਹ ਵੱਡੇ ਭਾਗਾਂ ਵਾਲਾ ਅਚੱਲ (ਸਦਾ ਸਥਿਰ ਰਹਿਣ ਵਾਲਾ) ਅਸਥਾਨ ਹੈ।੩।

All Rights Reserved by Harjinder Singh Gyani | www.GuruGranthVakhyaan.org

ਜਹ ਜਾਈਐ ਤਹ ਨਾਲਿ ਮੇਰਾ ਸੁਆਮੀ ॥ ਨਾਨਕ ਕਉ ਮਿਲਿਆ ਅੰਤਰਜਾਮੀ ॥੪॥੮੯॥੧੫੮॥ (ਹੇ ਭਾਈ!) ਨਾਨਕ ਨੂੰ ਅੰਤਰਜਾਮੀ ਪ੍ਰਭੂ ਮਿਲਿਆ ਹੈ। ਜਿਥੇ ਵੀ ਜਾਈਏ, ਉਥੇ ਮੇਰਾ ਪ੍ਰਭੂ ਮਾਲਕ (ਮੇਰੇ) ਨਾਲ ਹੀ ਹੁੰਦਾ ਹੈ।੪।੮੯।੧੫੮।

ਪਦਾਰਥ = ਧੰਨੁ–ਵਡਿਆਈ ਯੋਗ। ਇਹੁ ਥਾਨੁ–ਇਹ ਅਸਥਾਨ (ਸਤ ਸੰਗਤ; ਹਰਿ ਮੰਦਰ ਸਾਹਿਬ; ਹਿਰਦਾ)। ਕੁਸਲ–ਸੁਖ। ਖੇਮ–ਅਨੰਦ।੧। ਬਿਪਤਿ–ਮੁਸੀਬਤ। ਤਹਾ–ਉਥੇ; ਉਸ ਥਾਂ। ਜਹਾ–ਜਿਥੇ; ਜਿਸ ਥਾਂ। ਗਾਹੀ–ਗਾਏ ਜਾਂਦੇ ਹਨ।੧। ਘਨੇਰੇ –ਬਹੁਤ। ਨੇਰੇ–ਨੇੜੇ।੨। ਸੋ–ਉਹ। ਨਿਹਚਲ–ਸਦਾ ਕਾਇਮ ਰਹਿਣ ਵਾਲਾ; ਅਡੋਲ।੩। ਸੁਆਮੀ–ਮਾਲਕ ਪ੍ਰਭੂ। ਕਉ–ਨੂੰ।੪।੮੯।੧੫੮।

ਉਥਾਨਕਾ = ਪੰਡਤਾਂ ਦਾ ਮੱਤ ਹੈ ਕਿ ਵੇਦ ਪੜ੍ਹੇ ਬਿਨਾ ਮਨੁੱਖ ਮੁਕਤ ਨਹੀਂ ਹੋ ਸਕਦਾ। ਇਸ ਮੱਤ ਦਾ ਖੰਡਨ ਕਰਦੇ ਹੋਏ ਗੁਰੂ ਅਰਜਨ ਦੇਵ ਜੀ ਇਸ ਸ਼ਬਦ ਦੁਆਰਾ ਸੰਗਤਾਂ ਨੂੰ ਉਪਦੇਸ਼ ਦੇਂਦੇ ਹਨ।

ਗਉੜੀ ਮਹਲਾ ੫ = ਜੋ ਪ੍ਰਾਣੀ ਗੋਵਿੰਦੁ ਧਿਆਵੈ ॥ ਪੜਿਆ ਅਣਪੜਿਆ ਪਰਮ ਗਤਿ ਪਾਵੈ ॥੧॥ (ਹੇ ਭਾਈ!) ਜਿਹੜਾ ਪ੍ਰਾਣੀ ਪ੍ਰਮਾਤਮਾ ਨੂੰ ਧਿਆਉਂਦਾ ਹੈ। (ਭਾਵੇਂ ਉਹ) ਪੜ੍ਹਿਆ ਹੈ ਤੇ (ਭਾਵੇਂ) ਅਨਪੜ੍ਹ ਹੈ, (ਉਹ ਜਰੂਰ) ਮੁਕਤੀ ਪ੍ਰਾਪਤ ਕਰਦਾ ਹੈ (ਜਿਵੇਂ ਚਾਹੇ ਕੋਈ ਵਿਦਵਾਨ ਹੈ ਤੇ ਚਾਹੇ ਅਨਪੜ੍ਹ ਹੈ, ਭੁੱਖ ਤਾਂ ਭੋਜਨ ਖਾ ਕੇ ਹੀ ਮਿਟਦੀ ਹੈ)।੧।

ਸਾਧੂ ਸੰਗਿ ਸਿਮਰਿ ਗੋਪਾਲ ॥ ਬਿਨੁ ਨਾਵੈ ਝੂਠਾ ਧਨੁ ਮਾਲੁ ॥੧॥ਰਹਾਉ॥ (ਹੇ ਭਾਈ!) ਸਾਧ ਸੰਗਤ ਵਿਚ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰ। (ਉਸ ਦੇ) ਨਾਮ ਤੋਂ ਬਿਨਾ ਧਨ ਮਾਲ (ਜੋ ਇਕੱਠਾ ਕੀਤਾ ਹੈ, ਸਭ) ਝੂਠਾ ਭਾਵ ਨਾਸ਼ਵੰਤ ਹੈ।੧।ਰਹਾਉ।

ਅੰਗ ੧੯੮ = ਰੂਪਵੰਤੁ ਸੋ ਚਤੁਰੁ ਸਿਆਣਾ ॥ ਜਿਨਿ ਜਨਿ ਮਾਨਿਆ ਪ੍ਰਭ ਕਾ ਭਾਣਾ ॥੨॥ ਉਹ (ਪੁਰਖ ਹੀ) ਸੁੰਦਰ ਰੂਪ ਵਾਲਾ , ਬੁੱਧਵਿਾਨ ਤੇ ਸਿਆਣਾ ਹੈ। ਜਿਸ ਪੁਰਖ ਨੇ ਪਭੂ ਦਾ ਭਾਣਾ (ਮਿੱਠਾ ਕਰਕੇ) ਮੰਨਿਆ ਹੈ।੨।

ਜਗ ਮਹਿ ਆਇਆ ਸੋ ਪਰਵਾਣੁ ॥ ਘਟਿ ਘਟਿ ਅਪਣਾ ਸੁਆਮੀ ਜਾਣੁ ॥੩॥ (ਜਿਸ ਮਨੁੱਖ ਨੇ) ਘਟ ਘਟ ਵਿਚ (ਵਸ ਰਹੇ) ਅਪਣੇ ਮਾਲਕ ਪ੍ਰਭੂ ਨੂੰ ਜਾਣ ਲਿਆ ਹੈ। (ਉਸ ਦਾ) ਜਗਤ ਵਿਚ ਆਇਆ (ਜਨਮ ਲਿਆ) ਮੰਨਣ ਯੋਗ ਹੈ।੩।

ਕਹੁ ਨਾਨਕ ਜਾ ਕੇ ਪੂਰਨ ਭਾਗ ॥ ਹਰਿ ਚਰਣੀ ਤਾ ਕਾ ਮਨੁ ਲਾਗੁ ॥੪॥੯੦॥੧੫੯॥ ਗੁਰੂ ਜੀ ਆਖਦੇ ਹਨ ਕਿ ਜਿਸ (ਮਨੁੱਖ) ਦੇ ਪੂਰਨ ਭਾਗ ਹਨ। ਉਸ ਦਾ ਮਨ ਹਰੀ ਦੇ ਚਰਨਾਂ ਨਾਲ ਜੁੜਦਾ ਹੈ।੪।੯੦।੧੫੯।

ਪਦਾਰਥ = ਪਰਮ ਗਤਿ–ਮੁਕਤੀ; ਉਚੀ ਆਤਮਕ ਅਵਸਥਾ।੧। ਧਨੁ ਮਾਲੁ–ਧਨ ਤੇ ਸੰਪਦਾ ਆਦਿ।੧।ਰਹਾਉ। ਰੂਪਵੰਤੁ–ਸੁੰਦਰ ਰੂਪ ਵਾਲਾ (ਸੁਨੱਖਾ)। ਸੋ–ਉਹ। ਚਤੁਰ–ਬੁੱਧੀਵਾਨ। ਜਿਨਿ ਜਨਿ–ਜਿਸ ਪੁਰਖ ਨੇ।੨। ਪਰਵਾਣੁ–ਕਬੂਲ; ਸਫਲ। ਘਟਿ ਘਟਿ–ਹਰ ਇਕ ਸਰੀਰ ਵਿਚ।੩। ਜਾ ਕੇ–ਜਿਸ ਦੇ। ਤਾ ਕਾ–ਉਸ ਦਾ। ਲਾਗੁ–ਜੁੜਦਾ ਹੈ।੪।੯੦।੧੫੯

ਗਉੜੀ ਮਹਲਾ ੫ ॥ ਹਰਿ ਕੇ ਦਾਸ ਸਿਉ ਸਾਕਤ ਨਹੀ ਸੰਗੁ ॥ ਓਹੁ ਬਿਖਈ ਓਸੁ ਰਾਮ ਕੋ ਰੰਗੁ ॥੧॥ਰਹਾਉ॥ ਹਰੀ ਦੇ ਦਾਸ ਨਾਲ ਸਾਕਤ ਦਾ ਕੋਈ ਮੇਲ ਨਹੀ ਹੋ ਸਕਦਾ। (ਕਿਉਂਕਿ) ਉਹ ਸਾਕਤ ਵਿਸ਼ਈ ਹੁੰਦਾ ਹੈ ਤੇ ਉਸ ਦਾਸ ਨੂੰ ਪ੍ਰਭੂ ਦਾ ਪਿਆਰ ਹੁੰਦਾ ਹੈ।੧।ਰਹਾਉ। ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ (੧੪੫)। ਅੱਗੇ ਦੋਹਾਂ ਦੇ ਸਬੰਧ ਵਾਰੇ ਦ੍ਰਿਸਟਾਂਤ ਦੇਂਦੇ ਹਨ।

ਮਨ ਅਸਵਾਰ ਜੈਸੇ ਤੁਰੀ ਸੀਗਾਰੀ ॥ ਜਿਉ ਕਾਪੁਰਖੁ ਪੁਚਾਰੈ ਨਾਰੀ ॥੧॥ (ਦਾਸ ਤੇ ਸਾਕਤ ਦਾ ਅਜੋੜ ਇਉਂ ਹੈ) ਜਿਵੇਂ ਮਨ ਦਾ (ਖਿਆਲੀ) ਸਵਾਰ ਸ਼ਿੰਗਾਰੀ ਹੋਈ ਘੋੜੀ ਤੇ ਸਵਾਰ ਹੋਵੇ (ਪਰ ਸਵਾਰੀ ਨਹੀਂ ਕਰ ਸਕਦਾ, ਗਿਰ ਜਾਂਦਾ ਹੈ)। ਜਿਵੇਂ ਖੁਸਰਾ ਇਸਤ੍ਰੀ ਨੂੰ ਪਿਆਰ ਕਰੇ (ਪਰ ਭੋਗ ਰਸ ਨਹੀਂ ਮਾਣ ਸਕਦਾ ਤੇ ਨਾ ਹੀ ਇਸਤ੍ਰੀ ਦੀ ਵਾਸ਼ਨਾ ਪੂਰੀ ਕਰ ਸਕਦਾ ਹੈ)।੧।

ਬੈਲ ਕਉ ਨੇਤ੍ਰਾ ਪਾਇ ਦੁਹਾਵੈ ॥ ਗਊ ਚਰਿ ਸਿੰਘ ਪਾਛੈ ਪਾਵੈ ॥੨॥ (ਜਿਵੇਂ ਕੋਈ ਮਨੁੱਖ) ਬਲਦ ਨੂੰ ਨੇਤ੍ਰਾ ਪਾ ਕੇ ਚੋਂਦਾ ਹੋਵੇ (ਪਰ ਦੁੱਧ ਨਹੀ ਪ੍ਰਾਪਤ ਹੋ ਸਕਦਾ। ਜਿਵੇਂ ਕੋਈ ਮਨੁੱਖ) ਗਊ ਤੇ ਚੜ੍ਹ ਕੇ (ਗਾਂ ਨੂੰ) ਸ਼ੇਰ ਦੇ ਪਿੱਛੇ ਪਾਵੇ (ਦੁੜਾਵੇ, ਗਾਂ ਤੇ ਸ਼ੇਰ ਦਾ ਸਬੰਧ ਨਹੀਂ, ਗਾਂ ਸ਼ੇਰ ਤੋਂ ਡਰਦੀ ਹੈ)।੨।

ਗਾਡਰ ਲੇ ਕਾਮਧੇਨ ਕਰਿ ਪੂਜੀ ॥ ਸਉਦੇ ਕਉ ਧਾਵੈ ਬਿਨੁ ਪੂੰਜੀ ॥੩॥ (ਜਿਵੇਂ ਕੋਈ ਮਨੁੱਖ) ਭੇਡ ਨੂੰ ਲੈ ਕੇ ਮਨ ਬਾਂਛਤ ਫਲ ਦੇਣ ਵਾਲੀ ਕਾਮਧੇਨ ਗਾਂ (ਸਮਝ ਕੇ) ਪੂਜਾ ਕਰੇ (ਪਰ ਭੇਡ ਤੋਂ ਕਾਮਨਾ ਪੂਰੀ ਨਹੀਂ ਹੁੰਦੀ। ਜਿਵੇਂ ਕੋਈ ਮਨੁੱਖ) ਸੌਦਾ ਖ੍ਰੀਦਣ ਲਈ ਬਿਨਾ ਪੂੰਜੀ ਤੋਂ ਦੌੜਿਆ ਫਿਰੇ (ਬਿਨਾ ਪੈਸੇ ਤੋਂ ਸੌਦਾ ਨਹੀਂ ਖ੍ਰੀਦਿਆ ਜ ਸਕਦਾ)।੩।

All Rights Reserved by Harjinder Singh Gyani | www.GuruGranthVakhyaan.org

ਨਾਨਕ ਰਾਮ ਨਾਮੁ ਜਪਿ ਚੀਤ ॥ ਸਿਮਰਿ ਸੁਆਮੀ ਹਰਿ ਸਾ ਮੀਤ ॥੪॥੯੧॥੧੬੦॥ ਹੇ ਨਾਨਕ! (ਹਰੀ ਦੇ ਦਾਸਾਂ ਦੀ ਸੰਗਤ ਵਿਚ ਮਿਲ ਕੇ) ਚਿਤ ਵਿਚ ਹਰੀ ਦਾ ਨਾਮ ਜਪ। ਹਰੀ ਵਰਗੇ ਮਾਲਕ ਤੇ ਮਿਤ੍ਰ ਦਾ ਸਿਮਰਨ ਕਰ।੪।੯੨।੧੬੦।

ਪਦਾਰਥ = ਸਿਉ–ਨਾਲ। ਸੰਗੁ–ਮੇਲ; ਸਬੰਧ। ਬਿਖਈ–ਵਿਸ਼ਈ (ਵਿਸ਼ਿਆਂ ਵਿਚ ਲੱਗਾ ਹੋਇਆ ਮਨੁੱਖ)। ਰੰਗੁ–ਪਿਆਰ।੧। ਰਹਾਉ। ਮਨ ਅਸਵਾਰ–ਖਿਆਲੀ ਸਵਾਰ; ਅਨਾੜੀ; ਅਨ ਸਵਾਰ–ਜੋ ਸਵਾਰੀ ਕਰਨ ਨਹੀਂ ਜਾਣਦਾ (ਮ. ਕੋ.)। ਤੁਰੀ–ਘੋੜੀ। ਕਾਪੁਰਖੁ–ਖੁਸਰਾ; ਨਾਮਰਦ। ਪੁਚਾਰੈ–ਪਿਆਰ ਕਰੇ। ਨਾਰੀ–ਇਸਤ੍ਰੀ।੧। ਨੇਤ੍ਰਾ–ਨਿਆਣਾ (ਰੱਸੀ)। ਦੁਹਾਵੈ–ਚੋਵੇ। ਚਰਿ–ਚੜ੍ਹ ਕੇ। ਸਿੰਘ–ਸ਼ੇਰ। ਪਾਛੈ ਪਾਵੈ–ਪਿੱਛੇ ਦੁੜਾਵੇ।੨। ਗਾਡਰ–ਭੇਡ। ਕਾਮ ਧੇਨ–ਕਾਮਨਾ ਪੂਰੀ ਕਰਨ ਵਾਲੀ ਗਾਂ (ਜੋ ਸੁਰਗ ਵਿਚ ਰਹਿੰਦੀ ਦਸੀ ਜਾਂਦੀ ਹੈ, ਦੇਵਤਿਆਂ ਵੱਲੋਂ ਸਮੁੰਦਰ ਰਿੜਕਣ ਸਮੇਂ ਚੌਦਾਂ ਰਤਨਾਂ ਵਿਚੋਂ ਇਕ ਸੀ)। ਕਰਿ ਪੂਜੀ–ਪੂਜਾ ਕਰੀ ਜਾਏ। ਕਉ–ਨੂੰ; ਲਈ। ਧਾਵੈ–ਦੌੜਨ ਲਗੇ। ਪੂੰਜੀ–ਰਾਸ਼ੀ; ਧਨ।੩। ਸਾ–ਵਰਗਾ। ਮੀਤ–ਮਿਤ੍ਰ।੪।੯੧।੧੬੦।

ਵਿਆਖਿਆ = ਇਸ ਸ਼ਬਦ ਵਿਚ ਭਗਤਾਂ ਤੇ ਸਾਕਤਾਂ ਦਾ ਅਜੋੜ ਦਸਿਆ ਹੈ। ਨਾਮ ਤੋਂ ਸੱਖਣੇ ਰਹਿ ਕੇ ਸਾਕਤਾਂ ਦੇ ਸਾਰੇ ਕੰਮ ਮੂਰਖਤਾ ਭਰੇ ਹਨ। ਇਸ ਮੂਰਖਤਾ ਨੂੰ ਮਿਸਾਲਾਂ ਦੇ ਕੇ ਦਸਿਆ ਹੈ। ਜਿਵੇਂ ਕੋਈ ਹੀਜੜਾ ਇਸਤ੍ਰੀ ਨੂੰ ਪਿਆਰ ਕਰੇ ਜਾਂ ਕੋਈ ਮੂਰਖ ਬਲਦ ਨੂੰ ਚੋਣ ਬਹਿ ਜਾਵੇ ਆਦਿ। ਇਸਤਰ੍ਹਾਂ ਦੇ ਨਿਕੰਮੇ ਜਤਨਾਂ ਦਾ ਕੋਈ ਲਾਭ ਨਹੀਂ ਹੋ ਸਕਦਾ (ਸ਼ਬਦਾਰਥ)।

ਦੂਜਾ ਅਰਥ = ਜਿਵੇਂ ਇਕ ਅਨਾੜੀ ਘੋੜ ਸਵਾਰ (ਘੋੜੀ ਤੇ ਚੜਦਿਆਂ ਹੀ ਡਿਗ ਜਾਂਦਾ) ਹੈ ਤੇ ਦੂਜਾ ਸ਼ਿੰਗਾਰੀ ਘੋੜੀ ਤੇ ਸਵਾਰ ਹੈ (ਘੋੜੀ ਤੇ ਚੜ੍ਹਨ ਦਾ ਮਾਹਰ ਹੈ, ਦੋਹਾਂ ਦਾ ਕਿਵੇਂ ਮੇਲ ਹੋ ਸਕਦਾ ਹੈ?)। ਜਿਵੇਂ ਕੋਈ ਖੁਸਰਾ ਹੋਵੇ ਤੇ ਦੂਜਾ ਪੁਰਖ ਇਸਤ੍ਰੀ ਨੂੰ ਪਿਆਰ ਕਰਦਾ (ਗ੍ਰਿਹਸਤੀ) ਹੋਵੇ, ਦੋਹਾਂ ਦਾ ਆਪਸ ਵਿਚ ਕੀ ਸਬੰਧ ਹੈ? ਕਿਉਂਕਿ ਖੁਸਰਾ ਉਲਾਦ ਪੈਦਾ ਨਹੀਂ ਕਰ ਸਕਦਾ ਤੇ ਦੂਜਾ ਇਸਤ੍ਰੀ ਨਾਲ ਵਿਆਹ ਕਰ ਕੇ ਉਲਾਦ ਪੈਦਾ ਕਰ ਸਕਦਾ ਹੈ।੧।

ਜਿਵੇਂ ਕੋਈ ਬਲਦ ਨੂੰ ਨੇਤ੍ਰਾ ਲਾ ਕੇ ਚੋਣ ਲਗ ਪਵੇ ਤੇ ਦੂਜਾ ਗਾਂ ਨੂੰ ਚੋਵੇ (ਦੋਹਾਂ ਦਾ ਕੋਈ ਮੇਲ ਨਹੀਂ)। ਜਿਵੇਂ ਇਕ ਗਊਆਂ ਚਾਰਦਾ ਹੋਵੇ ਤੇ ਦੂਜਾ ਸ਼ੇਰ ਦੇ ਪਿੱਛੇ ਪੈਂਦਾ ਹੋਵੇ (ਸ਼ੇਰ ਦਾ ਸ਼ਿਕਾਰ ਕਰਦਾ ਹੋਵੇ, ਦੋਹਾਂ ਦਾ ਕੋਈ ਮੇਲ ਨਹੀਂ)।੨।

ਜਿਵੇਂ ਕੋਈ ਪੁਰਖ ਭੇਡ ਲੈ ਕੇ ਪੂਜੀ ਜਾਵੇ ਤੇ ਦੂਜਾ ਕਾਮਧੇਨ ਦੀ ਪੂਜਾ ਕਰਦਾ ਹੋਵੇ (ਦੋਹਾਂ ਦਾ ਆਪਸ ਵਿਚ ਸਬੰਧ ਨਹੀਂ ਬਣਦਾ)। ਜਿਵੇਂ ਇਕ ਪੁਰਖ ਸੌਦੇ ਨੂੰ ਪੂੰਜੀ ਤੋਂ ਬਿਨਾ ਹੀ ਦੌੜਿਆ ਫਿਰਦਾ ਹੈ ਤੇ ਦੂਜਾ ਪੂੰਜੀ ਲੈ ਕੇ ਸੌਦਾ ਖ਼ੀਦਦਾ ਹੈ (ਦੋਹਾਂ ਦਾ ਇਕ ਦੂਜੇ ਨਾਲ ਮੇਲ ਨਹੀਂ ਬਣਦਾ)।੩। (ਸੰ.ਪੋ.; ਸੰ.ਸ.) ਪਹਿਲੇ ਪਦੇ ਤੇ ਅਖੀਰਲੇ ਪਦੇ ਦੇ ਅਰਥ ਉਪਰ ਲਿਖੇ ਅਨੁਸਾਰ ਹੀ ਹਨ।

ਤੀਜਾ ਅਰਥ = ਜੋ ਅਸਵਾਰ ਨਹੀਂ, ਉਸ ਨੂੰ ਸ਼ਿੰਗਾਰੀ ਘੋੜੀ ਨਾਲ ਕੀ ਮੇਲ? ਜਿਵੇਂ ਖੁਸਰਾ ਇਸਤ੍ਰੀ ਨਾਲ ਪਿਆਰ ਕਰੇ (ਨਿਸਫਲ ਹੈ), ਭਾਵ ਅਧੂਰਾ ਮੁਰਸ਼ਦ ਜਗਿਆਸੂਆਂ ਨੂੰ ਤ੍ਰਿਪਤ ਨਹੀਂ ਕਰ ਸਕਦਾ; ਖੁਸਰੇ ਨੂੰ ਇਸਤ੍ਰੀ ਪੁਚਾਰੇ (ਵੰਗਾਰੇ), ਵਿਅਰਥ ਹੈ।੧। ਆਲਸੀ ਪੁਰਖ ਆਤਮ ਰਸ ਦੁੱਧ ਹਾਸਲ ਨਹੀਂ ਕਰ ਸਕਦਾ। ਵਿਸ਼ਈ ਪੁਰਖ ਸਿੰਘ (ਹੰਕਾਰ) ਨੂੰ ਨਹੀਂ ਮਾਰ ਸਕਦਾ।੨। ਵਿਦਿਆ ਦੇ ਸਹਾਰੇ ਮਾਇਆ ਕਮਾ ਕੇ ਬ੍ਰਹਮ ਵਿਦਿਆ ਹਾਸਲ ਨਹੀਂ ਕੀਤੀ ਜਾ ਸਕਦੀ। ਸ਼ਰਧਾ ਰੂਪ ਪੂੰਜੀ ਤੋਂ ਬਿਨਾ ਨਾਮ ਰੂਪ ਸੌਦਾ ਨਹੀਂ ਖ਼ੀਦਿਆ ਜਾ ਸਕਦਾ। (ਸੰ.ਪ.; ਗੁ.ਗ੍ਰੰ.ਕੋਸ਼)।

ਗਉੜੀ ਮਹਲਾ ੫ ॥ ਸਾ ਮਤਿ ਨਿਰਮਲ ਕਹੀਅਤਿ ਧੀਰ ॥ ਰਾਮ ਰਸਾਇਣੁ ਪੀਵਤ ਬੀਰ ॥੧॥ ਹੇ ਭਾਈ! ਉਹ ਹੀ ਬੁਧੀ ਨਿਰਮਲ ਤੇ ਧੀਰਜ ਵਾਲੀ ਕਹੀ ਜਾਂਦੀ ਹੈ। (ਜਿਸ ਪੁਰਖ ਦੀ ਬੁੱਧੀ) ਪ੍ਰਮਾਤਮਾ ਦਾ ਨਾਮ ਰੂਪ ਰਸਾਇਣ ਪੀਂਦੀ ਹੈ।੧।

ਹਰਿ ਕੇ ਚਰਣ ਹਿਰਦੈ ਕਰਿ ਓਟ ॥ ਜਨਮ ਮਰਣ ਤੇ ਹੋਵਤ ਛੋਟ ॥੧॥ਰਹਾਉ॥ (ਜੋ ਮਨੁੱਖ ਅਪਣੇ) ਹਿਰਦੇ ਵਿਚ ਹਰੀ ਦੇ ਚਰਣਾਂ ਦਾ (ਧਿਆਨ ਕਰਦਾ ਹੈ ਤੇ ਉਨ੍ਹਾਂ ਨੂੰ) ਆਸਰਾ ਬਣਾ ਲੈਂਦਾ ਹੈ। (ਉਸਦਾ) ਜਨਮ ਮਰਣ ਤੋਂ ਛੁਟਕਾਰਾ ਹੋ ਜਾਂਦਾ ਹੈ।੧। ਰਹਾਉ।

ਸੋ ਤਨੁ ਨਿਰਮਲੁ ਜਿਤੁ ਉਪਜੈ ਨ ਪਾਪੁ ॥ ਰਾਮ ਰੰਗਿ ਨਿਰਮਲ ਪਰਤਾਪੁ ॥੨॥ (ਤੀਰਥਾਂ ਤੇ ਨਹਾ ਕੇ ਮਨੁੱਖ ਪਵਿਤ੍ਰ ਨਹੀਂ ਹੁੰਦਾ) ਉਹ ਸਰੀਰ ਪਵਿਤ੍ਰ ਹੈ, ਜਿਸ ਵਿਚ ਪਾਪ ਪੈਦਾ ਨਹੀਂ ਹੁੰਦਾ। ਪ੍ਰਭੂ ਦੇ ਪ੍ਰੇਮ ਕਰਕੇ ਹੀ (ਲੋਕ ਪ੍ਰਲੋਕ ਵਿਚ) ਨਿਰਮਲ ਸੋਭਾ ਹੁੰਦੀ ਹੈ; ਪ੍ਰਭੂ ਦੇ ਪ੍ਰੇਮ ਦੀ ਬਰਕਤ ਨਾਲ ਪਵਿਤ੍ਰ ਹੋਏ ਮਨੁੱਖ ਦਾ ਤੇਜ ਪ੍ਰਤਾਪ (ਪ੍ਰਗਟ) ਹੁੰਦਾ ਹੈ (ਦਰਪਣ; ਨਿਰਣੈ)।੨।

ਸਾਧ ਸੰਗਿ ਮਿਟਿ ਜਾਤ ਬਿਕਾਰ ॥ ਸਭ ਤੇ ਊਚ ਏਹੋ ਉਪਕਾਰ ॥੩॥ ਸਾਧ ਸੰਗਤ ਵਿਚ (ਬੈਠ ਕੇ ਕੀਰਤਨ ਸੁਣਨ ਨਾਲ) ਵਿਕਾਰ

www.gurugranthvakhyaan.org

ਮਿਟ ਜਾਂਦੇ ਹਨ। ਏਹੋ ਹੀ ਸਾਰਿਆਂ ਤੋਂ ਉਚਾ ਸਾਧਨ ਤੇ ਸ੍ਰੇਸਟ ਉਪਕਾਰ ਹੈ।੩।

ਪ੍ਰੇਮ ਭਗਤਿ ਰਾਤੇ ਗੋਪਾਲ ॥ ਨਾਨਕ ਜਾਚੈ ਸਾਧ ਰਵਾਲ ॥੪॥੯੨॥੧੬੧॥ (ਜਿਹੜੇ ਪੁਰਖ) ਪ੍ਰਮਾਤਮਾ ਦੀ ਪ੍ਰੇਮਾ ਭਗਤੀ ਵਿਚ ਰੰਗੇ ਹੋਏ ਹਨ। ਨਾਨਕ ਉਨ੍ਹਾਂ ਸਾਧ ਪੁਰਖਾਂ ਦੇ ਚਰਨਾਂ ਦੀ ਧੂੜ ਮੰਗਦਾ ਹੈ।੪।੯੨।੧੬੧।

ਪਦਾਰਥ = ਸਾ–ਉਹ। ਮਤਿ–ਬੁੱਧੀ। ਨਿਰਮਲ–ਉਜਲ; ਪਵਿਤ੍ਰ। ਧੀਰ–ਧੀਰਜ ਵਾਲੀ; ਪੱਕੀ; ਦ੍ਰਿੜ। ਰਸਾਇਣੁ–ਉਮਰ ਵਧਾਉਣ ਤੇ ਦੁਖਾਂ ਦੇ ਨਾਸ਼ ਕਰਨ ਵਾਲੀ ਦੁਆਈ; ਸਾਰੇ ਰਸਾਂ ਤੋਂ ਸ੍ਰੇਸਟ। ਬੀਰ–ਹੇ ਭਾਈ!।੧। ਕਰਿ–ਕਰ (ਬਣਾ) ਲੈਂਦਾ ਹੈ। ਤੇ–ਤੋਂ। ਛੋਟ–ਮੁਕਤੀ; ਛੁਟਕਾਰਾ।੧। ਰਹਾਉ। ਜਿਤੁ–ਜਿਸ ਵਿਚ। ਰੰਗਿ–ਪ੍ਰੇਮ ਦੁਆਰਾ। ਪਰਤਾਪੁ–ਸੋਭਾ; ਤੇਜ ਪ੍ਰਤਾਪ।੨। ਮਿਟਿ ਜਾਤ–ਮਿਟ ਜਾਂਦੇ ਹਨ। ਉਪਕਾਰ–ਚੰਗਿਆਈ; ਨੇਕੀ।੩। ਰਾਤੇ–ਰੰਗੇ ਹੋਏ ਹਨ। ਜਾਚੈ–ਮੰਗਦਾ ਹੈ। ਰਵਾਲ–ਚਰਨ ਧੂੜ।੪।੯੨।੧੬੧।

ਗਉੜੀ ਮਹਲਾ ੫ ॥ ਐਸੀ ਪ੍ਰੀਤਿ ਗੋਵਿੰਦ ਸਿਉ ਲਾਗੀ ॥ ਮੇਲਿ ਲਏ ਪੂਰਨ ਵਡਭਾਗੀ ॥੧॥ਰਹਾਉ॥ (ਜਿਨ੍ਹਾਂ ਪੁਰਖਾਂ ਦੀ) ਇਹੋ ਜਿਹੀ ਪ੍ਰੀਤ ਗੋਬਿੰਦ ਨਾਲ ਲਗੀ ਹੈ। (ਜਿਸ ਦਾ ਜਿਕਰ ਇਸ ਸਬਦ ਵਿਚ ਅੱਗੇ ਆਉਂਦਾ ਹੈ)। ਉਨ੍ਹਾਂ ਵੱਡੇ ਭਾਗਾਂ ਵਾਲਿਆਂ ਨੂੰ ਪੂਰਨ ਪ੍ਰਮੇਸਰ ਨੇ ਅਪਣੇ ਨਾਲ ਮਿਲਾ ਲਿਆ ਹੈ; ਉਹ ਪੂਰਨ ਤੇ ਵਡਭਾਗੀ ਹਨ, (ਹਰੀ ਨੇ ਅਪਣੇ ਨਾਲ) ਮਿਲਾ ਲਏ ਹਨ ।੧। ਰਹਾਉ।

ਭਰਤਾ ਪੇਖਿ ਬਿਗਸੈ ਜਿਉ ਨਾਰੀ ॥ ਤਿਉ ਹਰਿ ਜਨੁ ਜੀਵੈ ਨਾਮੁ ਚਿਤਾਰੀ ॥੧॥ ਜਿਵੇਂ ਇਸਤ੍ਰੀ (ਚਿਰਾਂ ਤੋਂ ਵਿਛੜੇ) ਅਪਣੇ ਪਤੀ ਨੂੰ ਦੇਖ ਕੇ ਖੁਸ਼ ਹੁੰਦੀ ਹੈ। ਤਿਵੇਂ ਹਰੀ ਦਾ ਸੇਵਕ ਹਰੀ ਦਾ ਨਾਮ ਚੇਤੇ ਕਰਕੇ ਜਿਉਂਦਾ ਹੈ।੧।

ਪੂਤ ਪੇਖਿ ਜਿਉ ਜੀਵਤ ਮਾਤਾ ॥ ਓਤਿ ਪੋਤਿ ਜਨੁ ਹਰਿ ਸਿਉ ਰਾਤਾ ॥੨॥ ਜਿਵੇਂ ਮਾਂ ਅਪਣੇ (ਇਕਲੋਤੇ) ਪੁਤਰ ਨੂੰ ਦੇਖ ਕੇ ਜਿਉਂਦੀ ਹੈ। ਤਿਵੇਂ ਸੇਵਕ ਹਰੀ ਨਾਲ ਤੇ ਹਰੀ ਸੇਵਕ ਨਾਲ ਤਾਣੇ ਪੇਟੇ ਵਾਂਗ ਰਚਿਆ ਹੋਇਆ ਹੈ।੨।

ਲੋਭੀ ਅਨਦੁ ਕਰੈ ਪੇਖਿ ਧਨਾ ॥ ਜਨ ਚਰਨ ਕਮਲ ਸਿਉ ਲਾਗੋ ਮਨਾ ॥੩॥ (ਜਿਵੇਂ) ਲੋਭੀ ਮਨੁੱਖ ਧਨ ਦੇਖ ਕੇ ਅਨੰਦ ਮਾਣਨਾ ਕਰਦਾ ਹੈ। (ਤਿਵੇਂ) ਹਰੀ ਦੇ ਸੇਵਕ ਦਾ ਮਨ ਹਰੀ ਦੇ ਚਰਨ ਕਮਲਾਂ ਜੁੜਿਆ ਰਹਿੰਦਾ ਹੈ।੩।

ਬਿਸਰੁ ਨਹੀ ਇਕੁ ਤਿਲੁ ਦਾਤਾਰ ॥ ਨਾਨਕ ਕੇ ਪ੍ਰਭ ਪ੍ਰਾਨ ਅਧਾਰ ॥੪॥੯੩॥੧੬੨॥ (ਅਰਦਾਸ ਹੈ ਕਿ) ਹੇ ਨਾਨਕ ਦੇ ਪ੍ਰਭੂ! ਹੇ ਪ੍ਰਾਣਾਂ ਦੇ ਆਸਰੇ! ਹੇ ਦਾਤਾਰ ਪਾਤਸ਼ਾਹ! (ਤੂੰ ਮੈਨੂੰ) ਇਕ ਤਿਲ ਭਰ ਸਮੇਂ ਲਈ ਵੀ ਨਾ ਵਿਸਰ।੪।੯੩।੧੬੨।

ਪਦਾਰਥ = ਐਸੀ–ਇਹੋ ਜਿਹੀ। ਸਿਉ–ਨਾਲ। ਪੂਰਨ–ਪੂਰਨ ਪ੍ਰਭੂ ਨੇ।੧। ਰਹਾਉ। ਭਰਤਾ–ਪਤੀ। ਬਿਗਸੈ–ਖੁਸ਼ ਹੁੰਦੀ ਹੈ। ਨਾਰੀ–ਇਸਤ੍ਰੀ। ਜਨੁ–ਸੇਵਕ। ਚਿਤਾਰੀ–ਸਿਮਰ ਕੇ।੧। ਪੂਤ–ਪੁਤ੍ਰ। ਓਤਿ–ਉਣੇ ਹੋਏ ਵਿਚ। ਪੋਤਿ–ਪ੍ਰੋਤੇ ਹੋਏ ਵਿਚ; ਪਰਸਪਰ ਮਿਲਿਆ ਹੋਇਆ; ਤਾਣਾ ਪੇਟਾ। ਰਾਤਾ–ਰਚਿਆ ਹੈ।੨। ਧਨਾ–ਧਨ। ਲਾਗੋ ਮਨਾ–ਮਨ ਜੁੜਿਆ ਰਹਿੰਦਾ ਹੈ।੩। ਬਿਸਰੁ ਨਹੀ–ਨਾ ਭੁੱਲੋ। ਤਿਲੁ–ਥੋੜੇ ਸਮੇਂ ਲਈ। ਪ੍ਰਾਨ ਅਧਾਰ–ਹੇ ਪ੍ਰਾਣਾਂ ਦੇ ਆਸਰੇ।੪।੯੩।੧੬੨।

ਗਉੜੀ ਮਹਲਾ ੫ ॥ ਰਾਮ ਰਸਾਇਣਿ ਜੋ ਜਨ ਗੀਧੇ ॥ ਚਰਨ ਕਮਲ ਪ੍ਰੇਮ ਭਗਤੀ ਬੀਧੇ ॥੧॥ਰਹਾਉ॥ ਜਿਹੜੇ ਸੇਵਕ ਜਨ ਰਸਾਂ ਦੇ ਘਰ ਪ੍ਰਮਾਤਮਾ ਨਾਲ ਗਿੱਝ ਗਏ ਹਨ। ਉਹ ਪ੍ਰਭੂ ਦੇ ਚਰਨ ਕਮਲਾਂ ਦੀ ਪ੍ਰੇਮਾ ਭਗਤੀ ਵਿਚ ਵਿੰਨ੍ਹੇ ਹੋਏ ਹਨ।੧। ਰਹਾਓ।

ਆਨ ਰਸਾ ਦੀਸਹਿ ਸਭਿ ਛਾਰੁ ॥ ਨਾਮ ਬਿਨਾ ਨਿਹਫਲ ਸੰਸਾਰ ॥੧॥ (ਉਨ੍ਹਾਂ ਨੂੰ ਦੂਜੇ) ਹੋਰ ਸਾਰੇ ਰਸ ਸੁਆਹ ਵਾਂਗ ਨਿਕੰਮੇ ਦਿਸਦੇ ਹਨ। (ਉਨ੍ਹਾਂ ਨੂੰ) ਨਾਮ ਤੋਂ ਬਿਨਾ ਸੰਸਾਰ ਨਿਹਫਲ ਦਿਸਦਾ ਹੈ।੧।

ਅੰਧ ਕੂਪ ਤੇ ਕਾਢੇ ਆਪਿ ॥ ਗੁਣ ਗੋਵਿੰਦ ਅਚਰਜ ਪਰਤਾਪ ॥੨॥ ਆਪ ਹੀ (ਪ੍ਰਮਾਤਮਾ ਨੇ ਉਨ੍ਹਾਂ ਨੂੰ ਸੰਸਾਰ ਰੂਪ) ਹਨ੍ਹੇਰੇ ਖੂਹ ਵਿਚੋਂ ਬਾਹਰ ਕੱਢ ਲਿਆ ਹੈ। ਗੋਵਿੰਦ ਦੇ ਗੁਣ (ਗਾਉਣ ਦਾ ਇਹ) ਅਸਚਰਜ ਤੇਜ ਪ੍ਰਤਾਪ ਹੈ।੨।

ਵਣਿ ਤ੍ਰਿਣਿ ਤ੍ਰਿਭਵਣਿ ਪੂਰਨ ਗੋਪਾਲ ॥ ਬ੍ਰਹਮ ਪਸਾਰੁ ਜੀਅ ਸੰਗਿ ਦਇਆਲ ॥੩॥ ਪ੍ਰਮਾਤਮਾ ਜੰਗਲ ਵਿਚ, ਘਾਹ ਤੇ ਤਿੰਨਾਂ ਭਵਣਾਂ ਵਿਚ ਭਰਪੂਰ ਹੈ। (ਜਿਸ) ਬ੍ਰਹਮ ਦਾ ਇਹ ਸੰਸਾਰ ਪਸਾਰਾ ਹੈ, ਉਹ ਦਿਆਲੂ ਪ੍ਰਭੂ ਜੀਵਾਂ ਦੇ ਅੰਗ ਸੰਗ ਹੈ।੩।

ਕਹੁ ਨਾਨਕ ਸਾ ਕਥਨੀ ਸਾਰੁ ॥ ਮਾਨਿ ਲੇਤੁ ਜਿਸੁ ਸਿਰਜਨਹਾਰੁ ॥੪॥੯੪॥੧੬੩॥ ਗੁਰੂ ਜੀ ਆਖ ਰਹੇ ਹਨ ਕਿ ਉਸ (ਮਨੁੱਖ) ਦੀ ਕਥਾ ਸ੍ਰੇਸਟ ਹੈ। ਜਿਸ ਦੀ (ਕੀਤੀ ਕਥਾ) ਕਰਤਾਰ ਮੰਨ (ਪ੍ਰਵਾਨ ਕਰ) ਲੈਂਦਾ ਹੈ।੪।੯੪।੧੬੩।

ਪਦਾਰਥ = ਰਸਾਇਣਿ–ਰਸਾਂ ਦਾ ਘਰ। ਗੀਧੇ–ਗਿੱਝੇ (ਰਚੇ) ਹਨ। ਬੀਧੇ–ਵਿੰਨ੍ਹੇ ਹੋਏ ਹਨ।੧। ਰਹਾਉ। ਆਨ–ਹੋਰ। ਛਾਰੁ–ਸੁਆਹ।

All Rights Reserved by Harjinder Singh Gyani | www.GuruGranthVakhyaan.org

ਨਿਹਫਲ–ਵਿਅਰਥ।੧।ਅੰਧ ਕੂਪ–ਹਨ੍ਹੇਰਾ ਖੂਹ; ਅਗਿਆਨ ਦਾ ਖੂਹ; ਅਵਿਦਿਆ ਰੂਪ ਜਗਤ।ਤੇ–ਤੋਂ; ਵਿਚੋਂ।੨।ਵਣਿ–ਜੰਗਲ ਵਿਚ; ਦਰੱਖਤਾਂ ਵਿਚ।ਤ੍ਰਿਣਿ–ਘਾਹ (ਦੇ ਛੋਟੇ ਤੀਲੇ) ਵਿਚ।ਤ੍ਰਿਭਵਣਿ–ਤਿੰਨਾਂ ਭਵਨਾਂ ਵਿਚ।ਪੂਰਨ–ਵਿਆਪਕ।ਜੀਅ ਸੰਗਿ–ਜੀਵਾਂ ਦੇ ਨਾਲ।੩।ਸਾ–ਉਹ।ਕਥਨੀ–ਕਥਾ ਵਾਰਤਾ।ਸਾਰੁ–ਉਤਮ।ਮਾਨਿ ਲੇਤੁ–ਮੰਨ ਲੈਂਦਾ ਹੈ।੪।੯੪।੧੬੩।

ਉਥਾਨਕਾ = ਇਹ ਸ਼ਬਦ ਰਾਮ ਸਰ ਸਰੋਵਰ ਦੀ ਸੰਪੂਰਨਤਾ ਮੌਕੇ ਉਚਾਰਿਆ ਦਸਿਆ ਜਾਂਦਾ ਹੈ।ਇਸੇ ਥਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਹੋਈ।ਸ਼ਬਦ ਦੇ ਅੰਤ੍ਰੀਵ ਭਾਵ ਵਿਚ ਸਤ ਸੰਗਤ ਰੂਪ ਸਰੋਵਰ ਦੀ ਮਹਿਮਾਂ ਹੈ।

ਗਉੜੀ ਮਹਲਾ ੫ ॥ ਨਿਤਪ੍ਰਤਿ ਨਾਵਣੁ ਰਾਮ ਸਰਿ ਕੀਜੈ ॥ ਝੋਲਿ ਮਹਾ ਰਸੁ ਹਰਿ ਅੰਮ੍ਰਿਤੁ ਪੀਜੈ ॥੧॥ਰਹਾਉ॥ (ਹੇ ਭਾਈ!) ਹਰ ਰੋਜ ਰਾਮ ਸਰ (ਸਰੋਵਰ) ਵਿਚ ਇਸ਼ਨਾਨ ਕਰਨਾ ਚਾਹੀਦਾ ਹੈ।ਬੂਰ ਪਰ੍ਹਾਂ ਹਟਾ ਕੇ ਭਾਵ ਨਿਤਾਰ ਕੇ ਮਹਾਨ ਅੰਮ੍ਰਿਤ ਰਸ ਪੀਣਾ ਚਾਹੀਦਾ ਹੈ; ਪ੍ਰਭੂ ਦੇ ਸਤ ਸੰਗ ਰੂਪ ਸਰੋਵਰ ਵਿਚ ਹਰ ਰੋਜ ਇਸ਼ਨਾਨ ਕਰਨਾ ਚਾਹੀਦਾ ਹੈ।ਵਿਸ਼ੇ ਵਿਕਾਰਾਂ ਰੂਪ ਬੂਰ ਨੂੰ ਪਰੇ ਹਟਾ (ਬਿਰਤੀ ਨੂੰ ਸਾਫ ਕਰ) ਕੇ ਨਾਮ ਰੂਪ ਅੰਮ੍ਰਿਤ ਰਸ ਪੀਣਾ ਚਾਹੀਦਾ ਹੈ।੧।ਰਹਾਉ।

ਨਿਰਮਲ ਉਦਕੁ ਗੋਵਿੰਦ ਕਾ ਨਾਮ ॥ ਮਜਨੁ ਕਰਤ ਪੂਰਨ ਸਭਿ ਕਾਮ ॥੧॥ (ਰਾਮ ਸਰ ਜਾਂ ਸਤ ਸੰਗ ਰੂਪ ਸਰੋਵਰ ਵਿਚ) ਗੋਬਿੰਦ ਦਾ ਨਾਮ ਰੂਪ ਪਵਿਤ੍ਰ ਜਲ ਹੈ।(ਇਸ ਜਲ ਵਿਚ ਆਤਮਕ) ਇਸ਼ਨਾਨ ਕਰਨ ਨਾਲ ਸਾਰੇ ਕੰਮ ਸੰਪੂਰਨ ਹੋ ਜਾਂਦੇ ਹਨ।੧।

ਅੰਗ ੧੯੯ = ਸੰਤ ਸੰਗਿ ਤਹ ਗੋਸਟਿ ਹੋਇ ॥ ਕੋਟਿ ਜਨਮ ਕੇ ਕਿਲਵਿਖ ਖੋਇ ॥੨॥ ਉਥੇ ਸੰਤਾਂ ਦੀ ਸੰਗਤ ਵਿਚ (ਨਾਮ ਦੇ ਸਬੰਧ ਵਿਚ) ਵਿਚਾਰ ਹੁੰਦੀ ਹੈ।(ਇਹ ਗੋਸਟੀ) ਕ੍ਰੋੜਾਂ ਜਨਮਾਂ ਦੇ ਪਾਪ ਨਾਸ਼ ਕਰ ਦੇਂਦੀ ਹੈ।੨।

ਸਿਮਰਹਿ ਸਾਧ ਕਰਹਿ ਆਨੰਦੁ ॥ ਮਨਿ ਤਨਿ ਰਵਿਆ ਪਰਮਾਨੰਦੁ ॥੩॥ (ਸਤ ਸੰਗਤ ਵਿਚ) ਸਾਧੂ ਪ੍ਰਮੇਸਰ ਦਾ ਨਾਮ ਸਿਮਰਦੇ ਹਨ ਤੇ ਅਨੰਦ ਪ੍ਰਾਪਤ ਕਰਦੇ ਹਨ।(ਉਨ੍ਹਾਂ ਦੇ) ਮਨ ਤੇ ਤਨ ਵਿਚ ਪਰਮ ਅਨੰਦ ਸਰੂਪ ਪ੍ਰਭੂ ਵਸਿਆ ਹੋਇਆ ਹੈ।੩।

ਜਿਸਹਿ ਪਰਾਪਤਿ ਹਰਿ ਚਰਣ ਨਿਧਾਨ ॥ ਨਾਨਕ ਦਾਸ ਤਿਸਹਿ ਕੁਰਬਾਨ ॥੪॥੯੫॥੧੬੪॥ (ਇਸ ਤਰ੍ਹਾਂ) ਹਰੀ ਦੇ ਚਰਨਾਂ ਦਾ ਖਜਾਨਾ ਜਿਸ ਮਨੁੱਖ ਨੂੰ ਪ੍ਰਾਪਤ ਹੋ ਜਾਂਦਾ ਹੈ।ਨਾਨਕ (ਪ੍ਰਭੂ ਦੇ) ਉਸ ਦਾਸ ਤੋਂ ਕੁਰਬਾਨ ਜਾਂਦਾ ਹੈ।੪।੯੫।੧੬੪।

ਪਦਾਰਥ = ਨਿਤ ਪ੍ਰਤਿ–ਹਰ ਰੋਜ; ਸਦਾ।ਨਾਵਣੁ–ਇਸ਼ਨਾਨ।ਰਾਮ ਸਰਿ–ਗੁਰੂ ਰਾਮਦਾਸ ਜੀ ਦੇ ਨਾਂ ਉਤੇ ਰਚੇ ਸਰੋਵਰ ਵਿਚ; ਸਤ ਸੰਗਤ ਰੂਪ ਸਰੋਵਰ ਵਿਚ; ਗੁਰੂ ਗ੍ਰੰਥ ਸਾਹਿਬ ਰੂਪ ਸਰੋਵਰ ਵਿਚ (ਟਕਸਾਲ)।ਕੀਜੈ–ਕਰੀਏ (ਕਰਨਾ ਚਾਹੀਦਾ ਹੈ)।ਝੋਲਿ–ਨਿਤਾਰ ਕੇ; ਹਿਲਾ ਕੇ; ਬੂਰ ਆਦਿ ਪਰੇ ਹਟਾ ਕੇ (ਬਿਰਤੀ ਸਾਫ ਕਰਕੇ); ਵਿਚਾਰ ਕੇ।ਪੀਜੈ–ਪੀਵੀਏ (ਪੀਣਾ ਚਾਹੀਦਾ ਹੈ)।੧।ਰਹਾਉ। ਉਦਕੁ–ਜਲ।ਮਜਨੁ–ਇਸ਼ਨਾਨ।ਕਾਮ–ਕੰਮ; ਕਾਮਨਾ (ਮਨੋਰਥ)।੧।ਤਹ–ਉਥੇ।ਗੋਸਟਿ–ਚਰਚਾ; ਵਿਚਾਰ।ਕਿਲਵਿਖ–ਪਾਪ। ਖੋਇ–ਨਾਸ਼ ਕਰਦੀ ਹੈ।੨।ਰਵਿਆ–ਵਸਿਆ ਹੋਇਆ ਹੈ; ਵਿਆਪਕ ਹੋ ਰਿਹਾ (ਮੌਜੂਦ) ਦਿਸਦਾ ਹੈ।ਪਰਮਾਨੰਦੁ–ਪਰਮ ਅਨੰਦ ਸਰੂਪ; ਉਚੇ ਤੋਂ ਉਚੇ ਅਨੰਦ ਦਾ ਮਾਲਕ ਵਾਹਿਗੁਰੂ।੩।ਜਿਸਹਿ–ਜਿਸ ਮਨੁੱਖ ਨੂੰ।ਤਿਸਹਿ–ਉਸ ਤੋਂ।੪।੯੫।੧੬੪।

ਗਉੜੀ ਮਹਲਾ ੫ ॥ ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ ॥ ਹਰਿ ਕੀਰਤਨ ਮਹਿ ਇਹੁ ਮਨੁ ਜਾਗੈ ॥੧॥ਰਹਾਉ॥ (ਹੇ ਭਾਈ!) ਉਹ ਕੁਛ ਕਰ, ਭਾਵ ਅਜੇਹੇ ਕਰਮ ਕਰ ਜਿਸ ਦੇ ਕਰਨ ਨਾਲ (ਮਨ ਨੂੰ ਪਾਪਾਂ ਦੀ) ਮੈਲ ਨ ਲੱਗੇ।(ਜੇ ਤੇਰਾ) ਇਹ ਮਨ ਹਰੀ ਦੇ ਕੀਰਤਨ ਵਿਚ ਜਾਗਦਾ ਰਹੇ (ਤਾਂ ਮੈਲ ਨਹੀਂ ਲਗ ਸਕਦੀ)।੧।ਰਹਾਉ।

ਏਕੋ ਸਿਮਰਿ ਨ ਦੂਜਾ ਭਾਉ ॥ਸੰਤ ਸੰਗਿ ਜਪਿ ਕੇਵਲ ਨਾਉ ॥੧॥ ਇਕੋ ਵਾਹਿਗੁਰੂ ਦਾ ਸਿਮਰਨ ਕਰ, (ਮਨ ਵਿਚ ਕੋਈ ਹੋਰ) ਦੂਜਾ ਪਿਆਰ (ਧਾਰਨ) ਨਾ ਕਰ।ਸੰਤਾਂ ਦੀ ਸੰਗਤ ਵਿਚ ਕੇਵਲ ਵਾਹਿਗੁਰੂ ਦਾ ਨਾਮ ਜਪਿਆ ਕਰ।੧।

ਕਰਮ ਧਰਮ ਨੇਮ ਬ੍ਰਤ ਪੂਜਾ ॥ ਪਾਰਬ੍ਰਹਮ ਬਿਨੁ ਜਾਨੁ ਨ ਦੂਜਾ ॥੨॥ (ਵੈਸ਼ਨਵਾਂ ਦੇ ਕਰਨ ਵਾਲੇ) ਧਰਮ ਦੇ ਕਰਮ ਨੇਮ ਬਰਤ ਤੇ ਠਾਕਰਾਂ ਦੀ ਪੂਜਾ ਆਦਿ।(ਤੂੰ ਪਰਮ ਪਦ ਦੀ ਪ੍ਰਾਪਤੀ ਲਈ) ਪ੍ਰਭੂ ਤੋਂ ਬਿਨਾ ਦੂਜੇ (ਕਿਸੇ ਹੋਰ) ਨੂੰ ਨਾ ਜਾਣ।੨।

ਤਾ ਕੀ ਪੂਰਨ ਹੋਈ ਘਾਲ ॥ ਜਾ ਕੀ ਪ੍ਰੀਤਿ ਅਪੁਨੇ ਪ੍ਰਭ ਨਾਲਿ ॥੩॥ ਉਸ (ਪੁਰਖ) ਦੀ ਘਾਲ ਪੂਰੀ ਭਾਵ ਸਫਲ ਹੋਈ ਹੈ।ਜਿਸ ਦੀ ਪ੍ਰੀਤ ਅਪਣੇ ਪ੍ਰਭੂ ਨਾਲ ਹੈ (ਪ੍ਰਭੂ ਦੀ ਪ੍ਰੀਤ ਸਭ ਤੋਂ ਉਤਮ ਘਾਲ ਹੈ)।੩।

ਸੋ ਬੈਸਨੋ ਹੈ ਅਪਰ ਅਪਾਰੁ ॥ ਕਹੁ ਨਾਨਕ ਜਿਨਿ ਤਜੇ ਬਿਕਾਰ ॥੪॥੯੬॥੧੬੫॥ ਗੁਰੂ ਜੀ ਆਖਦੇ ਹਨ ਕਿ ਉਹ ਬੈਸ਼ਨੋ ਬਹੁਤ

ਉਤਮ (ਉਚੀ ਆਤਮਕ ਅਵਸਥਾ ਵਾਲਾ) ਹੈ। ਜਿਸ ਨੇ ਵਿਕਾਰ ਛਡ ਦਿਤੇ ਹਨ।੪।੯੬।੧੬੫।

ਪਦਾਰਥ = ਸੋ-ਉਹ। ਜਿਤੁ-ਜਿਸ ਨਾਲ। ਜਾਗੈ-ਜਾਗਦਾ ਰਹੇ (ਵਿਕਾਰਾਂ ਤੋਂ ਸੁਚੇਤ ਰਹੇ)।੧।ਰਹਾਉ। ਦੂਜਾ ਭਾਉ-ਕਿਸੇ ਹੋਰ ਦਾ ਪਿਆਰ।੧। ਧਰਮ ਕਰਮ-ਧਾਰਮਕ ਕਰਮ। ਜਾਨੁ ਨ-ਨਾ ਸਮਝ।੨। ਤਾ ਕੀ-ਉਸ ਦੀ। ਘਾਲ-(ਪ੍ਰਭੂ ਦੀ ਪ੍ਰੀਤ ਹਾਸਲ ਕਰਨ ਲਈ ਕੀਤੀ) ਮਿਹਨਤ। ਜਾ ਕੀ-ਜਿਸ ਦੀ।੩। ਬੈਸਨੋ-ਵਿਸ਼ਨੂੰ ਦਾ ਉਪਾਸ਼ਕ ਇਕ ਫਿਰਕਾ (ਵੈਸ਼ਨਵ ਸਾਧੂ ਰਾਮ ਚੰਦਰ ਤੇ ਕ੍ਰਿਸ਼ਨ ਜੀ ਦੀ ਭਗਤੀ ਬੜੇ ਪਿਆਰ ਨਾਲ ਕਰਦੇ ਹਨ, ਜਿਸ ਵਿਚ ਨੱਚਣਾ, ਵਿਸ਼ਨ ਪਦੇ ਗਾਉਣੇ, ਰਾਸਾਂ ਪਾਉਣੀਆਂ ਆਦਿ ਕਰਮ ਸ਼ਾਮਲ ਹਨ)। ਅਪਰ ਅਪਾਰੁ-ਪਰੇ ਤੋਂ ਪਰੇ; ਬਹੁਤ ਉਤਮ। ਜਿਨਿ-ਜਿਸ ਨੇ। ਤਜੇ-ਛਡ ਦਿਤੇ ਹਨ।੪।੯੬।੧੬੫।

ਗਉੜੀ ਮਹਲਾ ੫ ॥ ਜੀਵਤ ਛਾਡਿ ਜਾਹਿ ਦੇਵਾਨੇ ॥ ਮੁਇਆ ਉਨ ਤੇ ਕੋ ਵਰਸਾਂਨੇ ॥੧॥ ਹੇ ਮੂਰਖ ਮਨੁੱਖ! (ਜਿਹੜੇ ਸਬੰਧੀ ਤੈਨੂੰ ਤੇਰੇ) ਜਿਉਂਦਿਆ ਹੀ ਛਡ ਕੇ ਚਲੇ ਜਾਂਦੇ ਹਨ। (ਉਨ੍ਹਾਂ ਦੇ) ਮਰਨ ਪਿੱਛੋਂ ਉਨ੍ਹਾਂ ਤੋਂ ਕੌਣ ਕੁਝ ਲਾਭ ਲੈ ਸਕਦਾ ਹੈ? ਭਾਵ ਪਿਤਰਾਂ ਦੀ ਪੂਜਾ ਕਰਕੇ ਕੁਝ ਨਹੀ ਮਿਲਦਾ; ਹੇ ਪਾਗਲਾ! (ਨੇੜਲੇ ਸਬੰਧੀ ਮਨੁੱਖ ਨੂੰ ਗਰੀਬ ਜਾਣ ਕੇ, ਬੁੱਢਾ ਹੋਣ ਤੇ ਬਿਰਧ ਆਸ਼੍ਰਮ ਵਿਚ, ਅੰਗ ਹੀਣ ਜਾਂ ਪਾਗਲ ਹੋਣ ਤੇ ਪਿੰਗਲ ਵਾੜੇ) ਜਿਉਂਦੇ ਨੂੰ ਹੀ ਛਡ ਜਾਂਦੇ ਹਨ {ਜਬ ਹੀ ਨਿਰਧਨ ਦੇਖਿਓ ਨਰ ਕਉ ,ਸੰਗੁ ਛਾਡਿ ਸਭ ਭਾਗੇ ੬੩੩} (ਟਕਸਾਲ)। ਮਰਨ ਪਿਛੋਂ ਉਨ੍ਹਾਂ ਤੋਂ ਕੌਣ ਲਾਭ ਲੈ ਸਕਦਾ ਹੈ? (ਜਦ ਜਿਉਂਦੇ ਨੂੰ ਹੀ ਛਡ ਦਿਤਾ ਤਾਂ ਮਰਨ ਤੋਂ ਬਾਦ ਉਨ੍ਹਾਂ ਦਾ ਕਿਰਿਆ ਕਰਮ ਕਰਨ ਦਾ ਕੀ ਲਾਭ ਹੋ ਸਕਦਾ ਹੈ?)।੧। ਜੀਵਤ ਪਿਤਰ ਨ ਮਾਨੈ ਕੋਊ...੩੩੨

ਸਿਮਰਿ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ ॥ ਕਾਹੂ ਕਾਜ ਨ ਆਵਤ ਬਿਖਿਆ ॥੧॥ਰਹਾਉ॥ (ਹੇ ਮੂਰਖ ਮਨੁੱਖ!) ਵਾਹਿਗੁਰੂ ਨੂੰ ਸਿਮਰ, (ਇਹ ਹੁਕਮ ਸਾਡੇ ਸਭ ਦੇ) ਮਨ ਤੇ ਤਨ ਵਿਚ ਧੁਰੋਂ ਹੀ ਲਿਖਿਆ ਹੋਇਆ ਹੈ; ਵਾਹਿਗੁਰੂ ਨੂੰ ਮਨ ਤੇ ਤਨ ਕਰਕੇ ਸਿਮਰ, (ਇਹ ਲੇਖ ਸਾਡੇ ਸਭ ਦੇ ਭਾਗਾਂ ਵਿਚ ਪ੍ਰਭੂ ਨੇ) ਧੁਰੋਂ ਲਿਖਿਆ ਹੋਇਆ ਹੈ। ਮਾਇਆ (ਜਿਸ ਵਾਸਤੇ ਦੌੜਿਆ ਫਿਰਦਾ ਹੈਂ, ਅੰਤ ਸਮੇਂ) ਕਿਸੇ ਕੰਮ ਨਹੀਂ ਆਉਂਦੀ।੧।ਰਹਾਉ।

ਬਿਖੈ ਠਗਉਰੀ ਜਿਨਿ ਜਿਨਿ ਖਾਈ ॥ ਤਾ ਕੀ ਤ੍ਰਿਸਨਾ ਕਬਹੂ ਨ ਜਾਈ ॥੨॥ ਜਿਸ ਜਿਸ ਮਨੁੱਖ ਨੇ ਮਾਇਆ ਦੀ ਠਗ ਬੂਟੀ ਖਾਧੀ ਹੈ। ਉਸ ਦੀ (ਪਦਾਰਥਾਂ ਦੀ) ਤ੍ਰਿਸ਼ਨਾ ਕਦੇ ਨਹੀਂ ਜਾਂਦੀ।੨।

ਦਾਰਨ ਦੁਖ ਦੁਤਰ ਸੰਸਾਰੁ ॥ ਰਾਮ ਨਾਮ ਬਿਨੁ ਕੈਸੇ ਉਤਰਸਿ ਪਾਰਿ ॥੩॥ ਇਹ ਸੰਸਾਰ ਭਿਆਨਕ ਦੁੱਖਾਂ ਦਾ ਸਮੁੰਦਰ ਹੈ, ਜਿਸ ਨੂੰ ਤਰਨਾ ਬਹੁਤ ਕਠਨ ਹੈ। (ਤੂੰ ਦੱਸ) ਵਾਹਿਗੁਰੂ ਦੇ ਨਾਮ ਜਪੇ ਤੋਂ ਬਿਨਾ ਕਿਵੇਂ (ਇਸ ਸਮੁੰਦਰ ਤੋਂ) ਪਾਰ ਲੰਘ ਸਕੇਂਗਾ।੩।

ਸਾਧ ਸੰਗਿ ਮਿਲਿ ਦੁਇ ਕੁਲ ਸਾਧਿ ॥ ਰਾਮ ਨਾਮ ਨਾਨਕ ਆਰਾਧਿ ॥੪॥੯੭॥੧੬੬॥ ਗੁਰੂ ਹੀ ਆਖਦੇ ਹਨ, (ਹੇ ਮੂਰਖ!) ਸਾਧ ਸੰਗਤ ਵਿਚ ਮਿਲ ਕੇ ਵਾਹਿਗੁਰੂ ਦਾ ਨਾਮ ਅਰਾਧ, (ਇਸ ਲੋਕ ਵਿਚ ਰਹਿੰਦੇ ਸਬੰਧੀਆਂ ਦੀਆਂ ਤੇ ਅਗਲੇ ਜਹਾਂਨ ਵਿਚ ਗਏ ਨਾਮ ਵਿਹੂਣੇ ਸਬੰਧੀਆਂ ਦੀਆਂ) ਦੋਹਾਂ ਕੁਲਾਂ ਨੂੰ ਸੁਧਾਰ ਲੈ; ਤੂੰ ਅਪਣਾ ਲੋਕ ਪ੍ਰਲੋਕ ਦੋਵੇਂ ਹੀ ਸੰਵਾਰ ਲੈ।੪।੯੭।੧੬੬।

ਪਦਾਰਥ = ਦੇਵਾਨੇ-ਹੇ ਕਮਲੇ (ਮੂਰਖ) ਮਨੁੱਖ!। ਉਨ ਤੇ-ਉਨ੍ਹਾਂ ਤੋਂ। ਕੋ-ਕੌਣ। ਵਰਸਾਂਨੇ-ਵਰ ਜਾਂ ਲਾਭ ਲੈ ਸਕਦਾ ਹੈ।੧। ਧੁਰਿ-ਧੁਰ ਤੋਂ; ਵਾਹਿਗੁਰੂ ਦੀ ਹਜੂਰੀ ਤੋਂ। ਕਾਹੂ ਕਾਜ-ਕਿਸੇ ਕੰਮ। ਬਿਖਿਆ-ਮਾਇਆ।੧।ਰਹਾਉ। ਬਿਖੈ-ਮਾਇਆ ਦੀ। ਠਗਉਰੀ-ਠਗ ਬੂਟੀ (ਨਸ਼ੀਲੀ ਬੂਟੀ, ਜਿਸ ਨੂੰ ਖਵਾ ਕੇ ਠੱਗ ਲੋਕਾਂ ਨੂੰ ਲੁੱਟਦੇ ਹਨ)। ਤਾ ਕੀ-ਉਸ ਦੀ। ਕਬਹੂ-ਕਦੇ ਵੀ।੨। ਦਾਰਨ-ਭਿਆਨਕ। ਦੁਤਰ-ਔਖਾ ਤਰਿਆ ਜਾਣ ਵਾਲਾ। ਉਤਰਸਿ-ਪਾਰ ਲੰਗੇਗਾ।੩। ਦੁਇ ਕੁਲ-ਲੋਕ ਪ੍ਰਲੋਕ; ਨਾਨਕ ਦਾਦਕੇ ਦੀਆਂ ਕੁਲਾਂ। ਸਾਧਿ-ਸੰਵਾਰ (ਸੁਧਾਰ) ਲੈ। ਆਰਾਧਿ-ਸਿਮਰ।੪।੯੭।੧੬੬।

ਉਥਾਨਕਾ = ਬਾਬਾ ਪ੍ਰਿਥੀ ਚੰਦ ਦੀ ਸ਼ਿਕਾਇਤ ਤੇ ਸੁਲਹੀ ਖਾਨ ਹੰਕਾਰ ਵਿਚ ਦਾੜ੍ਹੀ ਤੇ ਹੱਥ ਫੇਰ ਕੇ ਗੁਰੂ ਅਰਜਨ ਦੇਵ ਜੀ ਨੂੰ ਸਜਾ ਦੇਣ ਲਈ ਆਇਆ। ਅਖੀਰ ਪ੍ਰਿਥੀ ਚੰਦ ਦੇ ਪਿੰਡ ਕੋਠੇ (ਬਠਿੰਡਾ) ਲੱਗੇ ਭੱਠੇ ਨੂੰ ਦੇਖਣ ਗਿਆ। ਕਿਸੇ ਗੱਲੋਂ ਘੋੜਾ ਡਰ ਗਿਆ ਤੇ ਭੱਠੇ ਵਿਚ ਡਿਗ ਕੇ ਸਮੇਤ ਘੋੜੇ ਪ੍ਰਿਥੀ ਚੰਦ ਸੜ ਮੋਇਆ। ਉਸ ਪ੍ਰਥਾਇ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ।

ਗਉੜੀ ਮਹਲਾ ੫ ॥ ਗਰੀਬਾ ਉਪਰਿ ਜਿ ਖਿੰਜੈ ਦਾੜੀ ॥ ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ ॥੧॥ ਜਿਹੜੀ ਦਾੜ੍ਹੀ ਗਰੀਬਾਂ ਉਪਰ ਖਿਝਦੀ ਹੈ। ਉਹ (ਦਾੜ੍ਹੀ) ਪਾਰਬ੍ਰਹਮ ਨੇ ਅੱਗ ਵਿਚ ਸਾੜ ਦਿਤੀ (ਜਿਹੜਾ ਮਨੁੱਖ ਹੰਕਾਰ ਵਿਚ ਦਾੜ੍ਹੀ ਉਤੇ ਹੱਥ ਫੇਰ ਕੇ ਰੱਬ ਦੇ

ਦਾਸਾਂ ਉਪਰ ਗੁੱਸੇ ਵਿਚ ਖਿਝਦਾ (ਦੁਖੀ ਕਰਦਾ) ਹੈ, ਕਰਤਾਰ ਦਾ ਨਿਆਂ ਹੈ, ਉਹ ਆਪ ਹੀ ਦੁਖੀ ਹੋ ਕੇ ਸੜ ਮਰਦਾ ਹੈ)।੧।

ਪੂਰਾ ਨਿਆਉ ਕਰੇ ਕਰਤਾਰੁ ॥ ਅਪੁਨੇ ਦਾਸ ਕਉ ਰਾਖਨਹਾਰੁ ॥੧॥ਰਹਾਉ॥ ਕਰਤਾਰ ਪੂਰਾ ਨਿਆਂ ਕਰਦਾ ਹੈ।ਅਤੇ ਅਪਣੇ ਸੇਵਕ ਨੂੰ ਸਦਾ ਰੱਖਣ (ਬਚਾ ਲੈਣ) ਵਾਲਾ ਹੈ।੧।ਰਹਾਉ।

ਆਦਿ ਜੁਗਾਦਿ ਪ੍ਰਗਟਿ ਪਰਤਾਪੁ ॥ ਨਿੰਦਕੁ ਮੁਆ ਉਪਜਿ ਵਡ ਤਾਪੁ ॥੨॥ (ਉਸ ਕਰਤਾਰ ਦਾ) ਤੇਜ ਪ੍ਰਤਾਪ ਆਦਿ ਜੁਗਾਦਿ ਤੋਂ ਪ੍ਰਗਟ ਹੁੰਦਾ ਆਇਆ ਹੈ।(ਗੁਰੂ ਦਾ) ਨਿੰਦਕ ਵੱਡਾ ਦੁਖ ਪੈਦਾ ਹੋ ਕੇ ਮਰਿਆ; (ਹਰੀ ਦੇ ਪ੍ਰਤਾਪ ਦਾ ਸਦਕਾ ਗੁਰੂ ਦਾ) ਨਿੰਦਕ ਅੱਗ ਦਾ ਵੱਡਾ ਤਾਉ ਪੈਦਾ ਹੋਣ ਕਰਕੇ (ਅੱਗ ਵਿਚ ਸੜ ਕੇ) ਮਰ ਗਿਆ।੨।

ਤਿਨਿ ਮਾਰਿਆ ਜਿ ਰਖੈ ਨ ਕੋਇ ॥ ਆਗੈ ਪਾਛੈ ਮੰਦੀ ਸੋਇ ॥੩॥ (ਨਿੰਦਕ ਨੂੰ) ਉਸ ਪ੍ਰਭੂ ਨੇ ਮਾਰਿਆ ਹੈ, ਜਿਸ ਤੋਂ (ਨਿੰਦਕ ਨੂੰ ਹੋਰ ਦੂਜਾ) ਕੋਈ ਬਚਾ ਨਹੀਂ ਸਕਦਾ।ਲੋਕ ਪ੍ਰਲੋਕ ਵਿਚ (ਨਿੰਦਕ ਦੀ) ਬਦਨਾਮੀ ਹੋਈ ਹੈ।੩।

ਅਪੁਨੇ ਦਾਸ ਰਾਖੈ ਕੰਠਿ ਲਾਇ ॥ ਸਰਣਿ ਨਾਨਕ ਹਰਿ ਨਾਮੁ ਧਿਆਇ ॥੪॥੯੮॥੧੬੭॥ (ਪ੍ਰਭੂ) ਅਪਣੇ ਦਾਸਾਂ ਨੂੰ (ਅਪਣੇ) ਗਲੇ ਨਾਲ ਲਾ ਕੇ ਰੱਖਦਾ ਹੈ (ਰੱਖਿਆ ਕਰਦਾ ਹੈ)।ਗੁਰੂ ਜੀ ਆਖਦੇ ਹਨ (ਕਿ ਇਸੇ ਲਈ ਦਾਸ ਉਸਦੀ) ਸ਼ਰਣ ਵਿਚ ਪੈ ਕੇ ਹਰੀ ਦਾ ਨਾਮ ਸਿਮਰਦੇ ਹਨ; (ਇਸੇ ਲਈ) ਨਾਨਕ ਹਰੀ ਦੀ ਸ਼ਰਣ ਵਿਚ ਪੈ ਕੇ ਉਸਦਾ ਨਾਮ ਸਿਮਰਦਾ ਹੈ।੪।੯੮।੧੬੭।

ਪਦਾਰਥ = ਜਿ–ਜਿਹੜੀ।ਖਿੰਜੈ–ਖਿਝਦੀ ਹੈ (ਹੰਕਾਰ ਤੇ ਗੁੱਸੇ ਵਿਚ ਦਾੜ੍ਹੀ ਉਤੇ ਹੱਥ ਫੇਰ ਕੇ ਵੰਗਾਰ ਕੇ ਕਹਿਣਾ); ਰੋਹਬ ਦੇਂਦੀ ਹੈ।ਸਾ–ਉਹ (ਦਾੜ੍ਹੀ)।ਸਾੜੀ–ਸਾੜ ਦਿਤੀ।੧।ਪੂਰਾ ਨਿਆਉ–ਐਸਾ ਨਿਆਂ, ਜਿਸ ਵਿਚ ਕੋਈ ਉਕਾਈ ਨਹੀਂ।ਦਾਸ ਕਉ–ਨੂੰ। ੧।ਰਹਾਉ।ਰਾਖਨਹਾਰੁ–ਰੱਖਿਆ ਕਰਨ ਵਾਲਾ।੧।ਰਹਾਉ।ਆਦਿ–ਸ਼ੁਰੂ ਤੋਂ।ਜੁਗਾਦਿ–ਜੁਗਾਂ ਦੇ ਸ਼ੁਰੂ ਤੋਂ।ਪਰਤਾਪੁ–ਤੇਜ ਪ੍ਰਤਾਪ ।ਮੁਆ–ਮਰ ਗਿਆ।ਤਾਪੁ–ਦੁਖ ਕਲੇਸ਼; ਅੱਗ ਦਾ ਤੇਜ।੨।ਤਿਨਿ–ਉਸ ਪ੍ਰਭੂ ਨੇ।ਜਿ–ਜਿਸ (ਪ੍ਰਭੂ) ਤੋਂ।ਆਗੈ–ਪ੍ਰਲੋਕ ਵਿਚ।ਪਾਛੈ –ਇਸ ਲੋਕ ਵਿਚ।ਮੰਦੀ ਸੋਇ–ਭੈੜੀ ਸੋਭਾ (ਬਦਨਾਮੀ)।੩।ਕੰਠਿ ਲਾਇ–ਗਲ ਨਾਲ ਲਾ ਕੇ।੪।੯੮।੧੬੭।

ਉਥਾਨਕਾ = ਸੰਪ੍ਰਦਾ ਵਾਲੇ ਇਸ ਸਬਦ ਦੀ ਉਥਾਨਕਾ ਨੂੰ ਤੀਸਰੇ ਪਾਤਸ਼ਾਹ ਦੇ ਸਮੇਂ ਹੋਈ ਇਕ ਇਤਿਹਾਸਕ ਵਾਰਤਾ ਨਾਲ ਜੋੜਦੇ ਹਨ।ਗੁਰੂ ਅੰਗਦ ਦੇਵ ਜੀ ਨੇ ਅਪਣੇ ਸੇਵਕ ਅਮਰਦਾਸ ਜੀ ਨੂੰ ਗੋਂਦੇ ਦੇ ਨਾਮ ਪਰ ਗੋਇੰਦ ਵਾਲ ਨਗਰ ਵਸਾਉਣ ਦਾ ਹੁਕਮ ਕੀਤਾ ।ਨਗਰ ਵਸ ਗਿਆ, ਕੁਝ ਸਮੇਂ ਬਾਦ ਗੋਂਦਾ ਵੀ ਮਰ ਗਿਆ।ਗੁਰੂ ਜੀ ਦੇ ਵਿਰੋਧੀਆਂ ਦੀ ਚੁੱਕ ਵਿਚ ਆ ਕੇ ਗੋਂਦੇ ਦੇ ਪੁਤ੍ਰਾਂ ਨੇ ਲੋਕਾਂ ਤੋਂ ਦਸਤਕ ਕਰਾ ਕੇ ਇਕ ਸ਼ਿਕਾਇਤ ਨਾਮਾ ਬਾਦਸ਼ਾਹ ਅਕਬਰ ਕੋਲ ਪੇਸ਼ ਕੀਤਾ ਕਿ ਸਾਨੂੰ ਸਾਡੀ ਜਮੀਨ ਗੁਰੂ ਜੀ ਤੋਂ ਵਾਪਸ ਦਵਾਈ ਜਾਵੇ।ਸ਼ਿਕਾਇਤ ਝੂਠੀ ਨਿਕਲਣ ਤੇ ਅਕਬਰ ਨੇ ਧੱਕੇ ਮਰਵਾ ਕੇ ਬਾਹਰ ਕਢਵਾ ਦਿਤਾ।ਇਹ ਸਿਰ ਤੇ ਹੱਥ ਮਾਰਦਾ ਹੈ, ਤੇ ਦੁਖੀ ਹੋਇਆ ਪਾਗਲ ਗਿਆ।ਇਸਦਾ ਜੀਵਨ ਨਿਸਫਲ ਗਿਆ ਤੇ ਸਾਰ ਧਨ ਵੀ ਜਾਂਦਾ ਰਿਹਾ।ਗੁਰੂ ਅਰਜਨ ਦੇਵ ਜੀ ਨੇ ਪਿਛਲੇ ਸ਼ਬਦ ਦੇ ਵਾਕਿਆ ਨਾਲ ਜੋੜ ਕੇ ਇਹ ਸ਼ਬਦ ਉਚਾਰਿਆ ਹੈ।ਕੁਝ ਕੁ ਵਿਦਵਾਨ ਇਸ ਮਹਜਰ ਨਾਮੇ ਨੂੰ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਬਾਦਸ਼ਾਹ ਅਕਬਰ ਦੇ ਪੇਸ਼ ਕੀਤਾ ਗਿਆ ਦਸਦੇ ਹਨ।

ਗਉੜੀ ਮਹਲਾ ੫ ॥ ਮਹਜਰੁ ਝੂਠਾ ਕੀਤੋਨੁ ਆਪਿ ॥ ਪਾਪੀ ਕਉ ਲਾਗਾ ਸੰਤਾਪੁ ॥੧॥ (ਅਕਬਰ ਬਾਦਸ਼ਾਹ ਦੇ ਦਿਲ ਵਿਚ ਵਸ ਕੇ ਪ੍ਰਭੂ ਨੇ) ਆਪ ਹੀ ਸ਼ਿਕਾਇਤ ਨਾਮਾ ਝੂਠਾ (ਸਾਬਤ) ਕਰ ਦਿਤਾ।(ਸ਼ਿਕਾਇਤ ਕਰਨ ਵਾਲੇ) ਪਾਪੀ ਨੂੰ ਬੜਾ ਦੁਖ ਲੱਗਿਆ।੧।

ਜਿਸਹਿ ਸਹਾਈ ਗੋਬਿਦੁ ਮੇਰਾ ॥ ਤਿਸੁ ਕਉ ਜਮੁ ਨਹੀ ਆਵੈ ਨੇਰਾ ॥੧॥ਰਹਾਉ॥ (ਹੇ ਭਾਈ!) ਜਿਸ ਪੁਰਖ ਦਾ ਸਹਾਈ ਮੇਰਾ ਗੋਬਿੰਦ ਹੁੰਦਾ ਹੈ।ਜਮ ਉਸ ਦੇ ਨੇੜੇ ਵੀ ਨਹੀਂ ਆਉਂਦਾ।੧।ਰਹਾਉ।

ਸਾਚੀ ਦਰਗਹ ਬੋਲੈ ਕੂੜੁ ॥ ਸਿਰੁ ਹਾਥ ਪਛੋੜੈ ਅੰਧਾ ਮੂੜੁ ॥੨॥ (ਜਿਹੜਾ ਮਨੁੱਖ ਅਕਬਰ ਬਾਦਸ਼ਾਹ ਦੀ) ਨਿਆਂਕਾਰੀ ਕਚਹਿਰੀ ਵਿਚ ਝੂਠ ਬੋਲਦਾ ਹੈ।(ਪਛਤਾਵੇ ਵੱਜੋਂ ਉਹ) ਮੂਰਖ ਅਗਿਆਨੀ ਸਿਰ ਅਤੇ ਹੱਥ ਪਟਕਾ ਪਟਕਾ ਕੇ ਮਾਰਦਾ ਹੈ।੨।

ਰੋਗ ਬਿਆਪੇ ਕਰਦੇ ਪਾਪ ॥ ਅਦਲੀ ਹੋਇ ਬੈਠਾ ਪ੍ਰਭੁ ਆਪਿ ॥੩॥ (ਜਿਹੜੇ ਮਨੁੱਖ) ਪਾਪ ਕਰਮ ਕਰਦੇ ਹਨ, (ਉਨ੍ਹਾਂ ਨੂੰ) ਰੋਗ ਲਗਦੇ ਹਨ।(ਕਿਉਂਕਿ) ਇਨਸਾਫ ਕਰਨ ਵਾਲਾ ਪ੍ਰਭੂ ਆਪ (ਕਚਹਿਰੀ ਲਾਈ ਹਰੇਕ ਦੇ ਹਿਰਦੇ ਵਿਚ) ਬੈਠਾ ਹੈ।੩।

ਅਪਨ ਕਮਾਇਐ ਆਪੇ ਬਾਧੇ ॥ ਦਰਬੁ ਗਇਆ ਸਭੁ ਜੀਅ ਕੈ ਸਾਥੇ ॥੪॥ (ਹਰੀ ਦਾ ਨਿਆਂ ਹੈ, ਮਨੁੱਖ) ਅਪਣੇ ਕਮਾਏ ਹੋਏ

All Rights Reserved by Harjinder Singh Gyani | www.GuruGranthVakhyaan.org

ਬੁਰੇ ਕਰਮਾਂ ਕਰਕੇ ਆਪ ਹੀ ਬੱਝ ਜਾਂਦਾ ਹੈ।(ਉਸਦਾ) ਸਾਰਾ ਧਨ ਪ੍ਰਾਣ ਜਾਣ ਦੇ ਨਾਲ ਹੀ (ਉਸ ਦੇ ਹੱਥੋਂ) ਚਲਾ ਗਿਆ ਭਾਵ ਜਿਸ ਧਨ ਲਈ ਪਾਪ ਕਰਦਾ ਰਿਹਾ, ਉਹ ਧਨ ਵੀ ਸਾਥ ਨਾ ਗਿਆ, ਇਸ ਦੁਨੀਆਂ ਤੋਂ ਖਾਲੀ ਹੱਥ ਹੀ ਗਿਆ।੪।

ਨਾਨਕ ਸਰਨਿ ਪਰੇ ਦਰਬਾਰਿ ॥ ਰਾਖੀ ਪੈਜ ਮੇਰੈ ਕਰਤਾਰਿ ॥੫॥੯੯॥੧੬੮॥ ਹੇ ਨਾਨਕ! (ਜਿਹੜੇ ਮਨੁੱਖ ਪ੍ਰਭੂ ਦੇ) ਦਰਬਾਰ ਵਿਚ (ਉਸ ਦੀ) ਸਰਨ ਵਿਚ ਪਏ ਹਨ।ਮੇਰੇ ਕਰਤਾਰ ਨੇ (ਉਨ੍ਹਾਂ ਦੀ) ਲਾਜ ਰੱਖੀ ਹੈ।੫।੯੯।੧੬੮।

ਪਦਾਰਥ = ਮਹਜਰੁ (ਅ.)–ਬਹੁਤ ਲੋਕਾਂ ਦੇ ਦਸਖਤ ਕਰਾ ਕੇ ਕੀਤੀ ਹੋਈ ਸ਼ਿਕਾਇਤ; ਅਦਾਲਤ ਦਾ ਸੰਮਨ।ਕੀਤੋਨੁ (ਕੀਤਾ ਉਨ)–ਉਸ ਪ੍ਰਭੂ ਨੇ ਕੀਤਾ।ਸੰਤਾਪੁ–ਮਾਨਸਕ ਦੁੱਖ।੧।ਜਿਸਹਿ–ਜਿਸ ਪੁਰਖ ਦੀ।ਤਿਸੁ ਕਉ–ਉਸ ਦੇ।ਨੇਰਾ–ਨੇੜੇ।੧।ਰਹਾਉ। ਸਾਚੀ ਦਰਗਹ–ਨਿਆਂਕਾਰੀ ਬਾਦਸ਼ਾਹ ਦੀ ਕਚਹਿਰੀ (ਮ.ਕੋ.)।ਪਛੋੜੈ–ਜੋਰ ਨਾਲ ਮਾਰਦਾ ਹੈ (ਗੁੱਸੇ ਵਿਚ ਪਟਕਾ ਕੇ ਮਾਰਦਾ ਹੈ; ਸਿਰ ਨੂੰ ਹੱਥਾਂ ਨਾਲ ਪਿੱਟਦਾ ਹੈ)।ਅੰਧਾ–ਅੰਨ੍ਹਾ (ਅਗਿਆਨੀ)।ਮੂੜ–ਮੂਰਖ।੨।ਬਿਆਪੇ–ਵਿਆਪਦੇ (ਲਗਦੇ) ਹਨ।ਅਦਲੀ–ਨਿਆਂ ਕਰਨ ਵਾਲਾ।੩।ਕਮਾਇਐ–ਕੀਤੇ ਕਰਮਾਂ ਅਨੁਸਾਰ।ਬਾਧੇ–ਬੱਝ (ਫਸ) ਜਾਂਦੇ ਹਨ।ਦਰਬੁ–ਧਨ।ਜੀਅ ਕੈ–ਜਿੰਦ ਦੇ।ਸਾਥੇ –ਨਾਲ ਹੀ।੪।ਪਰੇ–ਪਏ ਹਨ।ਪੈਜ–ਇੱਜਤ।ਕਰਤਾਰਿ–ਕਰਤਾਰ ਨੇ।੫।੯੯।੧੬੮।

ਗਉੜੀ ਮਹਲਾ ੫ ॥ ਜਨ ਕੀ ਧੂਰਿ ਮਨ ਮੀਠ ਖਟਾਨੀ ॥ ਪੂਰਬਿ ਕਰਮਿ ਲਿਖਿਆ ਧੁਰਿ ਪ੍ਰਾਨੀ ॥੧॥ਰਹਾਉ॥ (ਸੰਤ) ਜਨਾਂ ਦੇ ਚਰਨਾਂ ਦੀ ਧੂੜ (ਉਸ ਪੁਰਖ ਦੇ) ਮਨ ਨੂੰ ਮਿੱਠੀ ਲਗਦੀ ਹੈ।(ਜਿਸ) ਪ੍ਰਾਨੀ ਦੇ ਮੱਥੇ ਤੇ ਪੂਰਬਲੇ ਜਨਮਾਂ ਦੇ ਕੀਤੇ ਕਰਮਾਂ ਕਰਕੇ ਧੁਰ ਰੱਬ ਦੀ ਹਜੂਰੀ ਤੋਂ ਹੀ ਲੇਖ ਲਿਖਿਆ ਹੁੰਦਾ ਹੈ।੧।ਰਹਾਉ।

ਅੰਗ ੨੦੦ = ਅਹੰਬੁਧਿ ਮਨ ਪੂਰਿ ਥਿਧਾਈ ॥ ਸਾਧ ਧੂਰਿ ਕਰਿ ਸੁਧ ਮੰਜਾਈ ॥੧॥(ਜਿਹੜਾ) ਮਨ ਹੰਕਾਰ ਵਾਲੀ ਬੁੱਧੀ ਦੇ ਕਾਰਣ ਥਿੰਧਾਈ ਨਾਲ ਭਰਿਆ ਪਿਆ ਸੀ।(ਜਿਵੇਂ ਥੰਧਾ ਭਾਂਡਾ ਮਾਂਜੇ ਬਿਨਾ ਸਾਫ ਨਹੀਂ ਹੁੰਦਾ, ਤਿਵੇਂ ਹਉਮੈ ਦੀ ਚਿਕਨਾਈ ਕਾਰਨ ਮਨ ਉਤੇ ਸਾਧੂਆਂ ਦੇ ਉਪਸੇਸ਼ ਦਾ ਅਸਰ ਨਹੀਂ ਹੁੰਦਾ।ਹੁਣ ਉਸ ਮਨ ਨੂੰ) ਸਾਧੂ ਧੂੜ ਨਾਲ ਮਾਂਜ ਕੇ ਸਾਫ ਕਰ ਦਿਤਾ ਹੈ।੧।

ਅਨਿਕ ਜਲਾ ਜੇ ਧੋਵੈ ਦੇਹੀ ॥ ਮੈਲੁ ਨ ਉਤਰੈ ਸੁਧੁ ਨ ਤੇਹੀ ॥੨॥ ਜੇ (ਕੋਈ ਮਨੁੱਖ) ਅਨੇਕਾਂ ਤੀਰਥਾਂ ਦੇ ਪਾਣੀਆਂ ਨਾਲ ਦੇਹ ਨੂੰ ਧੋ ਲਵੇ।(ਪਰ ਦੇਹ ਧੋਣ ਨਾਲ ਮਨ ਨੂੰ ਲਗੀ) ਮੈਲ ਉਤਰਦੀ ਨਹੀਂ, ਨਾ ਹੀ ਉਹੋ ਜਿਹੀ ਸ਼ੁੱਧ ਹੁੰਦੀ ਹੈ (ਜਿਵੇਂ ਸਾਧ ਸੰਗ ਵਿਚ ਕਥਾ ਕੀਰਤਨ ਸੁਣ ਕੇ ਦੇਹ ਪਵਿਤ੍ਰ ਹੁੰਦੀ ਹੈ)।੨।

ਸਤਿਗੁਰ ਭੇਟਿਓ ਸਦਾ ਕ੍ਰਿਪਾਲ ॥ ਹਰਿ ਸਿਮਰਿ ਸਿਮਰਿ ਕਾਟਿਆ ਭਉ ਕਾਲ ॥੩॥ (ਜਿਸ ਮਨੁੱਖ ਨੂੰ) ਸਦਾ ਕ੍ਰਿਪਾ ਕਰਨ ਵਾਲਾ ਸਤਿਗੁਰੂ ਮਿਲਿਆ ਹੈ।(ਸਤਿਗੁਰੂ ਦੀ ਕ੍ਰਿਪਾ ਨਾਲ ਉਸ ਨੇ) ਹਰੀ ਨੂੰ ਸਿਮਰ ਸਿਮਰ ਕੇ ਕਾਲ ਦਾ ਡਰ ਕੱਟ ਲਿਆ ਹੈ।੩।

ਮੁਕਤਿ ਭੁਗਤਿ ਜੁਗਤਿ ਹਰਿ ਨਾਉ ॥ ਪ੍ਰੇਮ ਭਗਤਿ ਨਾਨਕ ਗੁਣ ਗਾਉ ॥੪॥੧੦੦॥੧੬੯॥ (ਹੇ ਭਾਈ!) ਹਰੀ ਦੇ ਨਾਮ ਸਿਮਰਨ ਨਾਲ ਮੁਕਤੀ, ਪਦਾਰਥਾਂ ਦੇ ਭੋਗਾਂ ਦਾ ਅਨੰਦ ਅਤੇ ਸਹੀ ਜੀਵਨ ਜੁਗਤੀ ਪ੍ਰਾਪਤ ਹੁੰਦੇ ਹਨ।(ਇਹ ਸਭ ਪ੍ਰਾਪਤ ਕਰਨ ਲਈ) ਹੇ ਨਾਨਕ! (ਹਰੀ ਦੇ) ਗੁਣ ਗਾਉਂਦਾ ਰਹੁ।(ਕਈਆਂ ਦਾ ਜੀਵਨ ਮਨੋਰਥ ਮੁਕਤੀ ਹਾਸਲ ਕਰਨਾ, ਕਈਆਂ ਦਾ ਅਨੰਦ ਭੋਗਣਾ ਅਤੇ ਕਈਆਂ ਦਾ ਵਾਹਿਗੁਰੂ ਨਾਲ ਜੁੜਨਾ ਹੈ।ਗੁਰੂ ਜੀ ਨਾਮ ਪ੍ਰਾਪਤੀ ਨੂੰ ਹੀ ਮੁਕਤ, ਭਗਤ ਤੇ ਜੁਗਤ ਮੰਨਦੇ ਹਨ)।੪।੧੦੦।੧੬੯।

ਪਦਾਰਥ = ਮੀਠ ਖਟਾਨੀ–ਮਿੱਠੀ (ਪਿਆਰੀ) ਲਗਦੀ ਹੈ।ਪੂਰਬਿ–ਪਿਛਲੇ ਜਨਮਾਂ ਦੇ।ਕਰਮਿ–ਕੀਤੇ ਕਰਮਾਂ ਕਰਕੇ।ਧੁਰਿ–ਧੁਰ ਰੱਬ ਦੀ ਹਜੂਰੀ ਤੋਂ।੧।ਰਹਾਉ।ਅਹੰਬੁਧਿ–ਹੰਕਾਰ ਵਾਲੀ ਬੁੱਧੀ।ਪੂਰਿ–ਪੂਰਿਆ (ਭਰਿਆ) ਹੋਇਆ।ਥਿਧਾਈ–ਚਿਕਨਾਈ।ਕਰਿ ਸੁਧ–ਸਾਫ ਕੀਤਾ।ਮੰਜਾਈ–ਮਾਂਜ ਕੇ।੧।ਜੇ–ਜੇ ਕਰ।ਦੇਹੀ–ਸਰੀਰ।ਤੇਹੀ–ਉਹੋ ਜਿਹਾ; ਉਸ ਤੋਂ (ਮ.ਕੋ.)।੨।ਭੇਟਿਓ–ਮਿਲਿਆ ।ਭਉ ਕਾਲ–ਮੌਤ ਦਾ ਡਰ।੩।ਭੁਗਤਿ–ਪਦਾਰਥਾਂ ਦੇ ਭੋਗ।ਜੁਗਤਿ–ਜੋਗ।੪।੧੦੦।੧੬੯।

ਗਉੜੀ ਮਹਲਾ ੫ ॥ ਜੀਵਨ ਪਦਵੀ ਹਰਿ ਕੇ ਦਾਸ ॥ ਜਿਨ ਮਿਲਿਆ ਆਤਮ ਪਰਗਾਸੁ ॥੧॥ (ਹੇ ਭਾਈ!) ਹਰੀ ਦੇ ਦਾਸ ਜੀਵਨ ਮੁਕਤੀ ਦੀ ਪਦਵੀ ਵਾਲੇ ਹੁੰਦੇ ਹਨ।ਜਿਨ੍ਹਾਂ ਦੇ ਮਿਲਿਆਂ ਆਤਮਾ ਨੂੰ ਗਿਆਨ ਦਾ ਪ੍ਰਕਾਸ਼ ਪ੍ਰਾਪਤ ਹੋ ਜਾਂਦਾ ਹੈ।੧।

ਹਰਿ ਕਾ ਸਿਮਰਨੁ ਸੁਨਿ ਮਨ ਕਾਨੀ ॥ ਸੁਖ ਪਾਵਹਿ ਹਰਿ ਦੁਆਰ ਪਰਾਨੀ ॥੧॥ਰਹਾਉ॥ ਹੇ (ਮੇਰੇ) ਮਨ! ਹਰੀ ਦਾ ਸਿਮਰਨ ਕੰਨਾਂ (ਧਿਆਨ) ਨਾਲ ਸੁਣ।ਹੇ ਜੀਵ! (ਸਿਮਰਨ ਕਰਨ ਨਾਲ ਤੂੰ) ਹਰੀ ਦੇ ਦਰ ਤੇ ਸੁਖ ਪ੍ਰਾਪਤ ਕਰ ਲਵੇਂਗਾ।੧।ਰਹਾਉ।

All Rights Reserved by Harjinder Singh Gyani | www.GuruGranthVakhyaan.org

ਆਠ ਪਹਰ ਧਿਆਈਐ ਗੋਪਾਲੁ ॥ ਨਾਨਕ ਦਰਸਨੁ ਦੇਖਿ ਨਿਹਾਲੁ ॥੨॥੧੦੧॥੧੭੦॥ ਗੁਰੂ ਜੀ ਆਖਦੇ ਹਨ, (ਹੇ ਭਾਈ!) ਅੱਠੇ ਪਹਰ ਪ੍ਰਮਾਤਮਾ ਨੂੰ ਧਿਆਉਣਾ ਚਾਹੀਦਾ ਹੈ।(ਜਿਸ ਦਾ) ਦਰਸ਼ਨ ਦੇਖ ਕੇ ਨਿਹਾਲ ਹੋ ਜਾਈਦਾ ਹੈ।੨।੧੦੧।੧੭੦।

ਪਦਾਰਥ = ਜਿਨ-ਜਿਨ੍ਹਾਂ (ਦਾਸਾਂ) ਨੂੰ।ਆਤਮ ਪਰਗਾਸੁ-ਆਤਮਕ ਪ੍ਰਕਾਸ਼।੧।ਮਨ-ਹੇ ਮਨ।ਕਾਨੀ-ਕੰਨਾਂ ਨਾਲ।ਦੁਆਰ-ਦਰ ਉਤੇ।ਪਰਾਨੀ-ਹੇ ਜੀਵ!।੧।ਰਹਾਉ।ਗੋਪਾਲੁ-ਸੰਸਾਰ ਦੇ ਜੀਵਾਂ ਦਾ ਪਾਲਕ ਵਾਹਿਗੁਰੂ।ਨਿਹਾਲੁ-ਪ੍ਰਸੰਨ।੨।੧੦੧।੧੭੦।

ਉਥਾਨਕਾ = ਸਾਹਿਬਜ਼ਾਦੇ ਹਰਿਗੋਬਿੰਦ ਸਾਹਿਬ ਦਾ ਤਾਪ ਉਤਰਨ ਤੇ ਸੰਗਤਾਂ ਨੇ ਖੁਸ਼ੀਆਂ ਮਨਾਈਆਂ ਤਾਂ ਅਕਾਲ ਪੁਰਖ ਦਾ ਸ਼ੁਕਰਾਨਾ ਕਰਦਿਆਂ ਗੁਰੂ ਅਰਜਨ ਦੇਵ ਜੀ ਨੇ ਇਹ ਸ਼ਬਦ ਉਚਾਰਿਆ।

ਗਉੜੀ ਮਹਲਾ ੫ ॥ ਸਾਂਤਿ ਭਈ ਗੁਰ ਗੋਬਿਦਿ ਪਾਈ ॥ ਤਾਪ ਪਾਪ ਬਿਨਸੇ ਮੇਰੇ ਭਾਈ ॥੧॥ਰਹਾਉ॥ ਹੇ ਮੇਰੇ ਭਾਈ! (ਸਾਡੇ) ਤਾਪ ਤੇ ਪਾਪ ਨਾਸ਼ ਹੋ ਗਏ ਹਨ।(ਪ੍ਰਵਾਰ ਵਿਚ) ਸ਼ਾਂਤੀ ਹੋਈ ਹੈ, (ਇਹ ਸ਼ਾਂਤੀ) ਗੁਰੂ ਪ੍ਰਮੇਸ਼ਰ ਨੇ ਪਾਈ ਹੈ।੧।ਰਹਾਉ।

ਰਾਮ ਨਾਮੁ ਨਿਤ ਰਸਨ ਬਖਾਨ ॥ ਬਿਨਸੇ ਰੋਗ ਭਏ ਕਲਿਆਨ ॥੧॥ (ਅਸੀਂ) ਰਸਨਾ ਨਾਲ ਹਰ ਰੋਜ ਰਾਮ ਦਾ ਨਾਮ ਉਚਾਰਦੇ ਹਾਂ।(ਜਿਸ ਕਰਕੇ ਸਾਰੇ) ਰੋਗ ਨਾਸ਼ ਹੋ ਗਏ ਅਤੇ ਸੁਖ ਅਨੰਦ ਪ੍ਰਾਪਤ ਹੋ ਗਏ ਹਨ।੧।

ਪਾਰਬ੍ਰਹਮ ਗੁਣ ਅਗਮ ਬੀਚਾਰ ॥ ਸਾਧੂ ਸੰਗਮਿ ਹੈ ਨਿਸਤਾਰ ॥੨॥ (ਉਸ ਮਨੁੱਖ ਦਾ) ਪਾਰ ਉਤਾਰਾ ਹੋ ਜਾਂਦਾ ਹੈ, (ਜੋ) ਸਾਧੂਆਂ ਦੀ ਸੰਗਤ ਵਿਚ ਪਾਰਬ੍ਰਹਮ ਦੇ ਗੁਣਾਂ ਦਾ ਵਿਚਾਰ ਕਰਦਾ ਹੈ, (ਜੋ ਗੁਣ ਮਨੁੱਖ ਦੀ) ਪਹੁੰਚ ਤੋਂ ਪਰੇ ਹਨ।੨।

ਨਿਰਮਲ ਗੁਣ ਗਾਵਹੁ ਨਿਤ ਨੀਤ ॥ ਗਈ ਬਿਆਧਿ ਉਬਰੇ ਜਨ ਮੀਤ ॥੩॥ (ਹੇ ਭਾਈ! ਪ੍ਰਭੂ ਦੇ) ਨਿਰਮਲ ਗੁਣ ਨਿਤਾ ਪ੍ਰਤੀ ਗਾਵੋ।ਹੇ ਮਿਤ੍ਰ! (ਜਿਨ੍ਹਾਂ ਨੇ ਗੁਣ ਗਾਏ ਹਨ, ਉਨ੍ਹਾਂ ਦੇ) ਰੋਗ ਦੂਰ ਹੋ ਗਏ ਹਨ ਤੇ ਉਹ ਪੁਰਖ (ਦੁੱਖਾਂ ਤੋਂ) ਬਚ ਗਏ ਹਨ।੩।

ਮਨ ਬਚ ਕ੍ਰਮ ਪ੍ਰਭੁ ਅਪਨਾ ਧਿਆਈ ॥ ਨਾਨਕ ਦਾਸ ਤੇਰੀ ਸਰਣਾਈ ॥੪॥੧੦੨॥੧੭੧॥ (ਹੇ ਪ੍ਰਭੂ! ਤੇਰਾ) ਸੇਵਕ ਨਾਨਕ ਤੇਰੀ ਸ਼ਰਣ ਵਿਚ ਹੈ।(ਮੇਰੇ ਤੇ ਕ੍ਰਿਪਾ ਕਰ, ਮੈਂ) ਮਨ, ਬਾਣੀ ਤੇ ਕਰਮ ਕਰਕੇ ਅਪਣੇ ਪ੍ਰਭੂ ਨੂੰ ਧਿਆਉਂਦਾ ਰਹਾਂ।੪।੧੦੨।੧੭੧।

ਪਦਾਰਥ = ਭਈ-ਹੋਈ ਹੈ।ਪਾਈ-ਪਾ ਦਿਤੀ (ਬਖਸ਼ੀ) ਹੈ।ਗੋਬਿਦਿ-ਪ੍ਰਮੇਸ਼ਰ ਨੇ।ਤਾਪ-ਬੁਖਾਰ।ਪਾਪ-ਤਾਪ ਦਾ ਦੁਖ।੧।ਰਹਾਉ।ਨਿਤ-ਹਰ ਰੋਜ।ਰਸਨ-ਜੀਭ ਨਾਲ।ਬਖਾਨ-ਉਚਾਰਦੇ ਹਾਂ।ਕਲਿਆਨ-ਸੁਖ ਅਨੰਦ; ਖੁਸ਼ੀਆਂ।੧।ਅਗਮ-ਅਪਹੁੰਚ।ਸੰਗਮਿ-ਮਿਲਾਪ; ਸੰਗਤ ਵਿਚ।ਨਿਸਤਾਰ-ਪਾਰ ਉਤਾਰਾ।੨।ਨਿਤ ਨੀਤ-ਨਿਤਾ ਪ੍ਰਤੀ; ਸਦਾ।ਬਿਆਧਿ-ਰੋਗ।ਉਬਰੇ-ਬਚ ਗਏ।ਜਨ-ਪੁਰਖ।੩।ਮਨ ਬਚ ਕ੍ਰਮ-ਮਨ, ਬਚਨਾਂ ਤੇ ਕੰਮਾਂ ਰਾਹੀਂ।ਧਿਆਈ-(ਮੈਂ) ਸਿਮਰਦਾ ਰਹਾਂ।੪।੧੦੨।੧੭੧।

ਉਥਾਨਕਾ = ਗੁਰੂ ਹਰਿਗੋਬਿੰਦ ਸਾਹਿਬ ਨੂੰ ਬਚਪਨ ਵਿਚ ਸੀਤਲਾ ਨਿਕਲੀ ਸੀ।ਸੀਤਲਾ ਦੇ ਕਾਰਣ ਹਰਿ ਗੋਬਿੰਦ ਸਾਹਿਬ ਦੇ ਨੇਤ੍ਰ ਬੰਦ ਹੋ ਗਏ।ਸਿੱਖਾਂ ਦੇ ਮਨ ਭਰਮ ਗਏ ਕਿ ਹੁਣ ਨੇਤ੍ਰ ਖੁਲ੍ਹਣਗੇ ਕਿ ਨਹੀਂ।ਮਾਤਾ ਗੰਗਾ ਜੀ ਦੀਆਂ ਸਹੇਲੀਆਂ ਆਖਣ ਕਿ ਸੀਤਲਾ ਦੇ ਇਲਾਜ ਲਈ ਸੀਤਲਾ ਮਾਤਾ ਦਾ ਅਰਾਧਨ ਕੀਤਾ ਜਾਵੇ।ਪਰ ਗੁਰੂ ਅਰਜਨ ਦੇਵ ਜੀ ਨੇ ਕਿਹਾ ਕਿ ਗੁਰੂ ਅੱਗੇ ਅਰਦਾਸ ਕਰੋ, ਗੁਰੂ ਕਿਰਪਾ ਕਰੇਗਾ।ਸੰਗਤਾਂ ਨੇ ਅਰਦਾਸ ਕੀਤੀ, ਤਾਂ ਹਰਿ ਗੋਬਿੰਦ ਸਾਹਿਬ ਅਰੋਗ ਹੋ ਗਏ, ਨੇਤ੍ਰ ਖੋਲੇ।ਗੁਰੂ ਜੀ ਨੇ ਪ੍ਰਮਾਤਮਾ ਦਾ ਸ਼ੁਕਰਾਨਾ ਕਰਦੇ ਹੋਏ ਇਹ ਸ਼ਬਦ ਉਚਾਰਨ ਕੀਤਾ।

ਗਉੜੀ ਮਹਲਾ ੫ ॥ ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ॥ ਭਰਮ ਗਏ ਪੂਰਨ ਭਈ ਸੇਵ ॥੧॥ਰਹਾਉ॥ ਪ੍ਰਕਾਸ਼ ਸਰੂਪ ਗੁਰੂ ਨੇ (ਕ੍ਰਿਪਾ ਕਰਕੇ ਹਰਿ ਗੋਬਿੰਦ ਸਾਹਿਬ ਦੇ) ਨੇਤ੍ਰਾਂ ਵਿਚ ਪ੍ਰਕਾਸ਼ ਕਰ ਦਿਤਾ ਹੈ।(ਨੇਤ੍ਰ ਖਰਾਬ ਹੋਣ ਦੇ ਸਾਰੇ) ਭਰਮ ਦੂਰ ਹੋ ਗਏ ਤੇ ਗੁਰੂ ਦੀ ਕੀਤੀ ਸੇਵਾ ਪੂਰੀ ਹੋ ਗਈ ਭਾਵ ਸਫਲ ਹੋ ਗਈ।੧।ਰਹਾਉ।

ਸੀਤਲਾ ਤੇ ਰਖਿਆ ਬਿਹਾਰੀ ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥੧॥ ਅਨੰਦ ਸਰੂਪ ਪ੍ਰਭੂ ਨੇ (ਬਾਲਕ ਹਰਿਗੋਬਿੰਦ ਸਾਹਿਬ ਦੀ) ਸੀਤਲਾ ਤੋਂ ਰੱਖਿਆ ਕੀਤੀ।(ਇਹ) ਪਾਰਬ੍ਰਹਮ ਪ੍ਰਭੂ ਨੇ ਕਿਰਪਾ ਕੀਤੀ ਹੈ।੧।

ਨਾਨਕ ਨਾਮੁ ਜਪੈ ਸੋ ਜੀਵੈ ॥ ਸਾਧ ਸੰਗਿ ਹਰਿ ਅੰਮ੍ਰਿਤੁ ਪੀਵੈ ॥੨॥੧੦੩॥੧੭੨॥ ਗੁਰੂ ਜੀ ਆਖਦੇ ਹਨ ਕਿ (ਜੋ ਮਨੁੱਖ ਪ੍ਰਭੂ ਦਾ) ਨਾਮ ਜਪਦਾ ਹੈ ਅਤੇ ਸਾਧ ਸੰਗਤ ਵਿਚ ਵੀ ਹਰਿ ਨਾਮ ਅੰਮ੍ਰਿਤ ਪੀਂਦਾ ਹੈ, ਉਹ ਸਦਾ ਜਿਉਂਦਾ ਹੈ।੨।੧੦੩।੧੭੨।

ਪਦਾਰਥ = ਨੇਤ੍ਰ-ਅੱਖਾਂ ਵਿਚ।ਪ੍ਰਗਾਸੁ ਕੀਆ-ਚਾਨਣਾ ਕੀਤਾ ਭਾਵ ਖੋਲ੍ਹ ਦਿਤੀਆਂ।ਭਈ-ਹੋਈ।੧।ਰਹਾਉ।ਸੀਤਲਾ-ਮਾਤਾ ਦਾ

All Rights Reserved by Harjinder Singh Gyani | www.GuruGranthVakhyaan.org

ਰੋਗ। ਤੇ-ਤੋਂ। ਬਿਹਾਰੀ-ਅਨੰਦ ਦਾ ਦਾਤਾ ਪ੍ਰਭੂ। ਧਾਰੀ-ਕੀਤੀ।੧। ਜੀਵੈ-ਆਤਮਕ ਜੀਵਨ ਜਿਉਂਦਾ ਹੈ।੨।੧੦੩।੧੭੨।

ਗਉੜੀ ਮਹਲਾ ੫ ॥ ਧਨੁ ਓਹੁ ਮਸਤਕੁ ,ਧਨੁ ਤੇਰੇ ਨੇਤ ॥ ਧਨੁ ਓਇ ਭਗਤ, ਜਿਨ ਤੁਮ ਸੰਗਿ ਹੇਤ ॥੧॥ (ਹੇ ਪ੍ਰਭੂ!) ਉਹ ਮੱਥਾ ਧੰਨ ਹੈ (ਜੋ ਤੈਨੂੰ ਨਮਸਕਾਰ ਕਰਦਾ ਹੈ), ਉਹ ਨੇਤ੍ਰ ਧੰਨ ਹਨ, ਜੋ ਤੇਰੇ (ਦਰਸ਼ਨ ਕਰਦੇ ਹਨ)। ਉਹ ਭਗਤ ਧੰਨ ਹਨ, ਜਿਨ੍ਹਾਂ ਦਾ ਤੇਰੇ ਨਾਲ ਪ੍ਰੇਮ ਹੈ।੧।

ਨਾਮ ਬਿਨਾ ਕੈਸੇ ਸੁਖੁ ਲਹੀਐ ॥ ਰਸਨਾ ਰਾਮ ਨਾਮ ਜਸੁ ਕਹੀਐ ॥੧॥ਰਹਾਉ॥ (ਹੇ ਭਾਈ!) ਨਾਮ ਤੋਂ ਬਿਨਾ ਕਿਵੇਂ ਸੁਖ ਲਭੀਏ? (ਸੁਖ ਪ੍ਰਾਪਤ ਕਰਨ ਲਈ) ਰਸਨਾ ਨਾਲ ਰਾਮ ਦਾ ਨਾਮ ਜਪੀਏ ਤੇ (ਉਸ ਦਾ) ਜਸ ਉਚਾਰਨਾ ਚਾਹੀਦਾ ਹੈ।੧।ਰਹਾਉ।

ਤਿਨ ਊਪਰਿ ਜਾਈਐ ਕੁਰਬਾਣੁ ॥ ਨਾਨਕ ਜਿਨਿ ਜਪਿਆ ਨਿਰਬਾਣੁ ॥੨॥੧੦੪॥੧੭੩॥ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ ਪੁਰਖਾਂ ਨੇ ਨਿਰਲੇਪ ਪ੍ਰਭੂ ਨੂੰ ਜਪਿਆ ਹੈ। ਉਨ੍ਹਾਂ ਉਪਰੋਂ ਕੁਰਬਾਨ ਜਾਈਏ।੨।੧੦੪।੧੭੩।

ਪਦਾਰਥ = ਮਸਤਕੁ-ਮੱਥਾ। ਨੇਤ-ਅੱਖਾਂ। ਜਿਨ-ਜਿਨ੍ਹਾਂ (ਭਗਤਾਂ) ਦਾ। ਤੁਮ ਸੰਗਿ-ਤੇਰੇ ਨਾਲ। ਹੇਤ-ਪ੍ਰੇਮ।੧। ਕੈਸੇ ਲਹੀਐ-ਕਿਵੇਂ ਲੱਭ ਸਕਦਾ ਹੈ। ਰਸਨਾ-ਜੀਭ। ਜਸੁ-ਸਿਫਤ ਸਲਾਹ।੧।ਰਹਾਉ। ਨਿਰਬਾਣੁ-ਨਿਰਲੇਪ ਪ੍ਰਭੂ।੨।੧੦੪।੧੭੩।

ਗਉੜੀ ਮਹਲਾ ੫ ॥ ਤੂੰ ਹੈ ਮਸਲਤਿ ਤੂੰ ਹੈ ਨਾਲਿ ॥ ਤੂੰ ਹੈ ਰਾਖਹਿ ਸਾਰਿ ਸਮਾਲਿ ॥੧॥ (ਹੇ ਪ੍ਰਭੂ! ਅਪਣੇ ਸੇਵਕਾਂ ਨੂੰ) ਸਲਾਹ ਦੇਣ ਵਾਲਾ ਤੂੰ ਹੀ ਹੈਂ ਅਤੇ ਤੂੰ (ਉਨ੍ਹਾਂ ਦੇ ਸਦਾ) ਅੰਗ ਸੰਗ ਹੈਂ। ਤੂੰ ਹੀ (ਉਨ੍ਹਾਂ ਦੀ) ਖਬਰ ਲੈ ਕੇ ਸੰਭਾਲ ਕਰਕੇ ਰਖਦਾ ਹੈਂ।੧।

ਐਸਾ ਰਾਮੁ ਦੀਨ ਦੁਨੀ ਸਹਾਈ ॥ ਦਾਸ ਕੀ ਪੈਜ ਰਖੈ ਮੇਰੇ ਭਾਈ ॥੧॥ਰਹਾਉ॥ ਹੇ ਮੇਰੇ ਭਾਈ! (ਪ੍ਰਭੂ ਅਪਣੇ) ਦਾਸਾਂ ਦੀ ਪੈਜ ਰਖਦਾ ਹੈ। ਇਹੋ ਜੇਹਾ ਰਾਮ (ਦਾਸਾਂ) ਦਾ ਲੋਕ ਪ੍ਰਲੋਕ ਵਿਚ (ਸਭ ਜਗ੍ਹਾ) ਸਹਾਈ ਹੁੰਦਾ ਹੈ।੧।ਰਹਾਉ।

ਆਗੈ ਆਪਿ ਇਹੁ ਥਾਨੁ ਵਸਿ ਜਾ ਕੈ ॥ ਆਠ ਪਹਰ ਮਨੁ ਹਰਿ ਕਉ ਜਾਪੈ ॥੨॥ ਜਿਸ ਪ੍ਰਭੂ ਦੇ ਵਸ ਵਿਚ ਇਹ ਲੋਕ ਹੈ, ਅੱਗੇ ਪ੍ਰਲੋਕ ਦਾ (ਮਾਲਕ ਵੀ ਉਹ ਪ੍ਰਭੂ) ਆਪ ਹੀ ਹੈ। (ਇਸ ਕਰਕੇ ਸੇਵਕਾਂ ਦਾ) ਮਨ ਅੱਠੇ ਪਹਿਰ ਹਰੀ ਨੂੰ ਜਪਦਾ ਰਹਿੰਦਾ ਹੈ।੨।

ਪਤਿ ਪਰਵਾਣੁ ਸਚੁ ਨੀਸਾਣੁ ॥ ਜਾ ਕਉ ਆਪਿ ਕਰਹਿ ਫੁਰਮਾਨੁ ॥੩॥ ਹੇ ਪ੍ਰਭੂ! ਜਿਸ (ਸੇਵਕ) ਨੂੰ ਤੂੰ ਆਪ ਫੁਰਮਾਨ ਕਰਦਾ ਹੈਂ। (ਉਸ ਦੀ ਤੈਨੂੰ) ਇੱਜਤ ਪ੍ਰਵਾਨ ਹੈ ਅਤੇ (ਉਸ ਦੇ ਮੱਥੇ ਉਪਰ) ਸੱਚਾ ਨਿਸ਼ਾਨ ਪੈ ਜਾਂਦਾ ਹੈ; ਹੇ ਪ੍ਰਭੂ! ਜਿਸ (ਸੇਵਕ) ਦੇ ਵਾਸਤੇ ਤੂੰ ਆਪ ਹੁਕਮ ਕਰਦਾ ਹੈਂ, ਉਸ ਨੂੰ (ਤੇਰੇ ਦਰਬਾਰ ਵਿਚ) ਇੱਜਤ ਮਿਲਦੀ ਹੈ, ਉਹ (ਤੇਰੇ ਦਰ ਤੇ) ਕਬੂਲ ਹੁੰਦਾ ਹੈ, ਉਸ ਨੂੰ (ਜੀਵਨ ਸਫਰ ਵਿਚ) ਤੇਰਾ ਸਦਾ ਥਿਰ ਰਹਿਣ ਵਾਲਾ ਨਾਮ, ਰਾਹਦਾਰੀ ਵੱਜੋਂ ਮਿਲਦਾ ਹੈ (ਦਰਪਣ)।੩।

ਆਪੇ ਦਾਤਾ ਆਪਿ ਪ੍ਰਤਿਪਾਲਿ ॥ ਨਿਤ ਨਿਤ ਨਾਨਕ, ਰਾਮ ਨਾਮੁ ਸਮਾਲਿ ॥੪॥੧੦੫॥੧੭੪॥ (ਪ੍ਰਭੂ) ਆਪੇ ਦਾਤਾ ਹੈ ਤੇ ਆਪੇ (ਸਾਰੇ ਜੀਵਾਂ ਦੀ) ਪਾਲਣਾ ਕਰਦਾ ਹੈ। (ਇਸ ਲਈ) ਹੇ ਨਾਨਕ! ਹਰ ਰੋਜ ਪ੍ਰਭੂ ਦੇ ਨਾਮ ਨੂੰ ਯਾਦ ਕਰ।੪।੧੦੫।੧੭੪।

ਪਦਾਰਥ = ਮਸਲਤਿ-ਸਲਾਹ ਦੇਣ ਵਾਲਾ। ਨਾਲਿ-ਸਾਥ; ਅੰਗ ਸੰਗ। ਸਾਰਿ-ਖਬਰ ਲੈ ਕੇ। ਸਮਾਲਿ-ਸੰਭਾਲ ਕਰ ਕੇ।੧। ਦੀਨ-ਪ੍ਰਲੋਕ। ਦੁਨੀ-ਇਸ ਲੋਕ ਵਿਚ। ਸਹਾਈ-ਸਹਾਇਤਾ ਕਰਨ ਵਾਲਾ। ਪੈਜ-ਇੱਜਤ। ਭਾਈ-ਹੇ ਭਾਈ!।੧।ਰਹਾਉ। ਆਗੈ-ਅੱਗੇ ਪ੍ਰਲੋਕ ਵਿਚ। ਇਹੁ ਥਾਨੁ-ਇਹ ਲੋਕ। ਵਸਿ-ਵਸ ਵਿਚ। ਜਾ ਕੈ-ਜਿਸ ਪ੍ਰਭੂ ਦੇ। ਹਰਿ ਕਉ-ਹਰੀ ਨੂੰ। ਜਾਪੈ-ਜਪਦਾ ਹੈ।੨। ਪਤਿ-ਇੱਜਤ। ਪਰਵਾਣੁ-ਪ੍ਰਵਾਨ। ਨੀਸਾਣੁ-ਚਿੰਨ੍ਹ; ਪ੍ਰਵਾਨਾ; ਰਾਹਦਾਰੀ; ਪਛਾਣ ਪੱਤਰ। ਫੁਰਮਾਨੁ-ਹੁਕਮ।੩। ਪ੍ਰਤਿਪਾਲਿ-ਪਾਲਦਾ ਹੈ। ਨਿਤ ਨਿਤ-ਹਰ ਰੋਜ। ਸਮਾਲਿ-ਯਾਦ ਕਰ; ਸੰਭਾਲ ਕੇ ਰੱਖ।੪।੧੦੫।੧੭੪।

ਗਉੜੀ ਮਹਲਾ ੫ ॥ ਸਤਿਗੁਰੁ ਪੂਰਾ ਭਇਆ ਕ੍ਰਿਪਾਲੁ ॥ ਹਿਰਦੈ ਵਸਿਆ ਸਦਾ ਗੁਪਾਲੁ ॥੧॥ ਜਿਸ ਮਨੁੱਖ ਉਤੇ ਪੂਰਾ ਸਤਿਗੁਰੂ ਕ੍ਰਿਪਾਲੂ ਹੋਇਆ ਹੈ। ਉਸਦੇ ਹਿਰਦੇ ਵਿਚ ਸਦਾ ਲਈ (ਪ੍ਰਿਥਵੀ ਦਾ ਪਾਲਕ) ਵਾਹਿਗੁਰੂ ਵਸ ਗਿਆ ਹੈ।੧।

ਅੰਗ ੨੦੧ = ਰਾਮੁ ਰਵਤ ਸਦ ਹੀ ਸੁਖੁ ਪਾਇਆ ॥ ਮਇਆ ਕਰੀ ਪੂਰਨ ਹਰਿ ਰਾਇਆ ॥੧॥ਰਹਾਉ॥(ਜਿਸ ਮਨੁੱਖ ਉਤੇ) ਪੂਰਨ ਪ੍ਰਭੂ ਪਾਤਸ਼ਾਹ ਨੇ ਮੇਹਰ ਕੀਤੀ ਹੈ; ਪ੍ਰਭੂ ਪਾਤਸ਼ਾਹ ਨੇ ਪੂਰੀ ਮੇਹਰ ਕੀਤੀ ਹੈ। (ਉਸ ਨੇ) ਵਾਹਿਗੁਰੂ ਨੂੰ ਸਿਮਰਦਿਆਂ ਸਦਾ ਹੀ ਸੁਖ ਪਾਇਆ ਹੈ।੧।ਰਹਾਉ।

ਕਹੁ ਨਾਨਕ ਜਾ ਕੇ ਪੂਰੇ ਭਾਗ ॥ ਹਰਿ ਹਰਿ ਨਾਮੁ ਅਸਥਿਰੁ ਸੋਹਾਗੁ ॥੨॥੧੦੬॥ ਗੁਰੂ ਜੀ ਆਖਦੇ ਹਨ ਕਿ ਜਿਸ (ਪੁਰਖ) ਦੇ

All Rights Reserved by Harjinder Singh Gyani | www.GuruGranthVakhyaan.org

ਪੂਰੇ ਭਾਗ (ਜਾਗ ਪਏ) ਹਨ।(ਉਹ) ਹਰਿ ਹਰਿ ਨਾਮ ਜਪਦਾ ਹੈ, ਉਸਦਾ ਅਨੰਦ ਸਦਾ ਸਥਿਰ ਬਣਿਆ ਰਹਿੰਦਾ ਹੈ।੨।੧੦੬।

ਪਦਾਰਥ = ਕ੍ਰਿਪਾਲੁ-ਕ੍ਰਿਪਾ ਦਾ ਘਰ।ਭਇਆ-ਹੋਇਆ।੧।ਰਵਤ-ਸਿਮਰਦਿਆਂ।ਮਇਆ-ਮੇਹਰ।ਹਰਿ ਰਾਇਆ-ਪ੍ਰਕਾਸ਼ ਸਰੂਪ ਵਾਹਿਗੁਰੂ; ਪ੍ਰਭੂ ਪਾਤਸ਼ਾਹ।੧।ਰਹਾਉ।ਜਾ ਕੇ-ਜਿਸ (ਮਨੁੱਖ) ਦੇ।ਅਸਥਿਰੁ-ਅਟੱਲ; ਸਦਾ ਥਿਰ।ਸੁਹਾਗੁ-ਅਨੰਦ; ਇਸਤ੍ਰੀ ਦੇ ਪਤਿਵੰਤ ਹੋਣ ਦੀ ਸੁਖ ਵਾਲੀ ਹਾਲਤ; ਖੁਸ਼ਨਸੀਬ।੨।੧੦੬।

ਨੋਟ = ਇਥੋਂ ਤਕ ਸ਼ਬਦਾਂ ਦਾ ਜੋੜ ੧੦੬ ਹੈ ਤੇ ਵੱਡਾ ਜੋੜ ੧੭੬ ਬਣਦਾ ਹੈ, ਪਿੱਛੋਂ ਹੀ ਵੱਡੇ ਜੋੜ ਵਿਚ ਇਕ ਦੀ ਕਮੀ ਆ ਰਹੀ ਹੈ।ਇਸ ਸ਼ਬਦ ਤੋਂ ਵੱਡਾ ਜੋੜ ਲਿਖਣਾ ਬੰਦ ਕਰ ਦਿਤਾ ਗਿਆ ਹੈ।

ਉਥਾਨਕਾ = ਇਕ ਕੁੱਦੂ ਨਾਮ ਦਾ ਦੰਭੀ ਬ੍ਰਾਹਮਣ ਸੀ, ਇਹ ਵਿਆਹ ਵਾਲੇ ਘਰੀਂ ਜਾ ਕੇ ਨਚਦਾ ਟਪਦਾ ਹੁੰਦਾ ਸੀ।ਸੁਰਗ ਮਿਲਣ ਦਾ ਲਾਲਚ ਦੇ ਕੇ ਅਤੇ ਦਾਨ ਨਾ ਦੇਣ ਦੀ ਸੂਰਤ ਵਿਚ ਨਰਕਾਂ ਵਿਚ ਜਾਣ ਦਾ ਡਰ ਦੇ ਕੇ ਲੋਕਾਂ ਤੋਂ ਜੋਰ ਨਾਲ ਦਾਨ ਲੈਂਦਾ ਸੀ।ਜੇ ਨਾ ਮਿਲੇ ਤਾਂ ਧੋਤੀ ਖੋਲ੍ਹ ਕੇ ਹੇਠ ਧਰਨਾ ਮਾਰ ਕੇ ਬੈਠ ਜਾਂਦਾ ਹੁੰਦਾ ਸੀ।ਸਾਹਿਬਜਾਦੇ ਹਰਿਗੋਬਿੰਦ ਸਾਹਿਬ ਜੀ ਦੇ ਵਿਆਹ ਦੀ ਖਬਰ ਸੁਣ ਇਹ ਅੰਮ੍ਰਿਤਸਰ ਆਇਆ।ਸਿੱਖਾਂ ਨੇ ਇਸ ਦੇ ਪਖੰਡ ਵਾਰੇ ਗੁਰੂ ਅਰਜਨ ਦੇਵ ਜੀ ਅੱਗੇ ਬੇਨਤੀ ਕੀਤੀ ਕਿ ਮਹਾਰਾਜ! ਇਹ ਬ੍ਰਾਹਮਣ ਲੋਕਾਂ ਨੂੰ ਬਹੁਤ ਤੰਗ ਕਰਦਾ ਹੈ।ਸਤਿਗੁਰੂ ਜੀ ਨੇ ਇਸ ਨੂੰ ਮੱਤ ਦੇਂਦਿਆ ਇਹ ਸ਼ਬਦ ਉਚਾਰਿਆ।ਇਹ ਸ਼ਬਦ ਸੁਣ ਕੇ ਬ੍ਰਾਹਮਣ ਦਾ ਦਿਲ ਸ਼ਾਂਤ ਹੋ ਗਿਆ।ਅੱਗੇ ਤੋਂ ਦੰਭ ਕਰਨ ਛਡ ਦਿਤਾ ਤੇ ਗੁਰੂ ਦਾ ਸਿਖ ਬਣ ਗਿਆ।

ਗਉੜੀ ਮਹਲਾ ੫ ॥ ਧੋਤੀ ਖੋਲਿ ਵਿਛਾਏ ਹੇਠਿ ॥ ਗਰਧਪ ਵਾਂਗੂ ਲਾਹੇ ਪੇਟਿ ॥੧॥ (ਪਖੰਡੀ ਬ੍ਰਾਹਮਣ) ਧੋਤੀ ਖੋਲ੍ਹ ਕੇ ਹੇਠਾਂ ਵਿਛਾ ਲੈਂਦਾ ਹੈ।ਅਤੇ ਗਧੇ ਵਾਂਗੂ ਪੇਟ ਵਿਚ (ਖਾਣ ਦੇ ਪਦਾਰਥ) ਉਤਾਰਦਾ ਹੈ ਭਾਵ ਪੇਟ ਭਰੀ ਜਾਂਦਾ ਹੈ।੧।

ਬਿਨੁ ਕਰਤੂਤੀ ਮੁਕਤਿ ਨ ਪਾਈਐ ॥ ਮੁਕਤਿ ਪਦਾਰਥੁ ਨਾਮੁ ਧਿਆਈਐ ॥੧॥ਰਹਾਉ॥ (ਹੇ ਭਾਈ! ਨਾਮ ਸਿਮਰਨ ਦਾ) ਸ਼ੁੱਭ ਕਰਮ ਕੀਤੇ ਬਿਨਾ ਮੁਕਤੀ ਪ੍ਰਾਪਤ ਨਹੀਂ ਹੁੰਦੀ।ਮੁਕਤੀ ਦਾ ਪਦਾਰਥ ਨਾਮ ਧਿਆਉਣ ਨਾਲ ਪ੍ਰਾਪਤ ਹੁੰਦਾ ਹੈ।੧।ਰਹਾਉ।

ਪੂਜਾ ਤਿਲਕ ਕਰਤ ਇਸਨਾਨਾਂ ॥ ਛੁਰੀ ਕਾਢਿ ਲੇਵੈ ਹਥਿ ਦਾਨਾ ॥੨॥ (ਇਹ ਦੰਭੀ ਬ੍ਰਾਹਮਣ ਠਾਕਰਾਂ ਦੀ) ਪੂਜਾ ਕਰਦਾ ਹੈ, ਮੱਥੇ ਤੇ ਤਿਲਕ ਲਗਾਉਂਦਾ ਹੈ ਅਤੇ ਇਸ਼ਨਾਨ ਵੀ ਕਰਦਾ ਹੈ।(ਪਰ) ਛੁਰੀ ਕੱਢ ਕੇ ਹੱਥ ਵਿਚ ਦਾਨ ਲੈਂਦਾ ਹੈ (ਹੱਥ ਅੱਡਦਾ ਹੈ); ਦਾਨ ਵਾਸਤੇ ਛੁਰੀ ਕਢ ਕੇ ਹੱਥ ਵਿਚ ਲੈਂਦਾ ਹੈ (ਨਰਕਾਂ ਦਾ ਡਰਾਵਾ ਦੇ ਕੇ ਜੋਰ ਨਾਲ ਦੱਛਣਾ ਲੈਂਦਾ ਹੈ)।੨।

ਬੇਦੁ ਪੜੈ ਮੁਖਿ ਮੀਠੀ ਬਾਣੀ ॥ ਜੀਆਂ ਕੁਹਤ ਨ ਸੰਗੈ ਪਰਾਣੀ ॥੩॥ (ਇਹ ਬ੍ਰਾਹਮਣ) ਮੂੰਹ ਨਾਲ ਮਿੱਠੀ ਬੇਦ ਬਾਣੀ ਪੜ੍ਹਦਾ ਹੈ; ਬੇਦ ਪੜ੍ਹਦਾ ਹੈ, ਮੂੰਹ ਨਾਲ ਮਿਠੇ ਬੋਲ ਬੋਲਦਾ ਹੈ।(ਪਰ ਦੇਖੋ ਇਹ) ਮਨੁੱਖ ਜੀਵਾਂ ਨੂੰ ਕੋਹਣ ਤੋਂ ਸੰਗਦਾ ਨਹੀਂ (ਧੱਕਾ ਕਰਕੇ ਦਾਨ ਲੈਣ ਵਿਚ ਸ਼ਰਮ ਨਹੀਂ ਕਰਦਾ।ਜਜਮਾਨਾਂ ਦਾ ਦਿਲ ਦੁਖਾ ਕੇ ਤੇ ਸਰਾਪ ਦਾ ਭੈ ਦੇ ਕੇ ਦੱਖਣਾ ਲੈਣਾ ਜੀਵਾਂ ਨੂੰ ਮਾਰਨ ਦੇ ਬਰਾਬਰ ਹੈ)।੩। ਮਥੈ ਟਿਕਾ ਤੇੜਿ ਧੋਤੀ ਕਖਾਈ।ਹਥਿ ਛੁਰੀ ਜਗਤ ਕਾਸਾਈ।(੪੭੧)।

ਕਹੁ ਨਾਨਕ ਜਿਸੁ ਕਿਰਪਾ ਧਾਰੈ ॥ ਹਿਰਦਾ ਸੁਧੁ ਬ੍ਰਹਮੁ ਬੀਚਾਰੈ ॥੪॥੧੦੭॥ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਤੇ (ਪ੍ਰਭੂ) ਕਿਰਪਾ ਕਰਦਾ ਹੈ।(ਉਸਦਾ) ਦਿਲ ਸ਼ੁੱਧ ਹੋ ਜਾਂਦਾ ਹੈ ਅਤੇ (ਉਹ) ਬ੍ਰਹਮ ਨੂੰ ਬਿਚਾਰਦਾ ਹੈ।੪।੧੦੭।

ਪਦਾਰਥ = ਹੇਠਿ-ਹੇਠਾਂ; ਭੁੰਜੇ ਜਮੀਨ ਉਤੇ।ਗਰਧਭ-ਗਧਾ।ਲਾਹੇ ਪੇਟਿ-ਪੇਟ ਵਿਚ ਉਤਾਰਦਾ ਹੈ; ਢਿੱਡ ਭਰੀ ਜਾਂਦਾ ਹੈ; ਪੇਟ ਵਿਚ ਪਾਈ ਜਾਂਦਾ ਹੈ।੧।ਕਰਤੂਤੀ-ਕਰਤੂਤ ਭਾਵ ਸ਼ੁੱਭ ਕਰਮ ਤੋਂ।੧।ਰਹਾਉ।ਕਰਤ-ਕਰਦਾ ਹੈ।ਛੁਰੀ ਕਾਢਿ-ਛੁਰੀ ਕੱਢ ਕੇ (ਬੇ ਰਹਿਮੀ ਨਾਲ)।ਲੇਵੈ ਹਥਿ-ਹੱਥ ਵਿਚ ਲੈਂਦਾ ਹੈ (ਹਾਸਲ ਕਰਦਾ ਹੈ)।੨।ਮੁਖਿ-ਮੂੰਹ ਨਾਲ।ਜੀਆਂ-ਜੀਵਾਂ ਨੂੰ।ਕੁਹਤ-ਮਾਰਦਿਆਂ ।ਨ ਸੰਗੈ-ਨਹੀਂ ਸੰਗਦਾ; ਝਿਜਕਦਾ ਨਹੀਂ।੩।ਧਾਰੈ-ਕਰਦਾ ਹੈ।ਬ੍ਰਹਮੁ-ਵਾਹਿਗੁਰੂ ਨੂੰ।੪।੧੦੭।

ਗਉੜੀ ਮਹਲਾ ੫ ॥ ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥ ਸਤਿਗੁਰਿ ਤੁਮਰੇ ਕਾਜ ਸਵਾਰੇ ॥੧॥ਰਹਾਉ॥ ਹਰੀ ਦੇ ਹੇ ਪਿਆਰੇ ਸੇਵਕ ਜਨੋਂ! (ਮਨ ਦੀ ਭਟਕਣਾ ਮੁਕਾ ਕੇ ਅਪਣੇ ਹਿਰਦੇ) ਘਰ ਵਿਚ ਟਿਕ ਕੇ ਬੈਠੋ।ਸਤਿਗੁਰੂ ਨੇ ਤੁਹਾਡੇ (ਸਾਰੇ) ਕਾਰਜ ਸੁਆਰ ਦਿਤੇ ਹਨ।੧।ਰਹਾਉ। ਪ੍ਰਭਿ ਸਭੇ ਕਾਜ ਸਵਾਰੇ।(੬੨੫)

ਦੁਸਟ ਦੂਤ ਪਰਮੇਸਰਿ ਮਾਰੇ ॥ ਜਨ ਕੀ ਪੈਜ ਰਖੀ ਕਰਤਾਰੇ ॥੧॥ ਪ੍ਰਮੇਸਰ ਨੇ ਦੁਸ਼ਟ ਵੈਰੀ ਮਾਰ ਦਿਤੇ ਹਨ (ਜਿਵੇਂ ਗੁਰੂ ਘਰ ਤੇ

ਚੜ੍ਹ ਕੇ ਆਉਣ ਵਾਲੇ ਸੁਲਹੀ ਖਾਨ ਤੇ ਸੁਲੱਬੀ ਖਾਨ ਆਦਿ ਬੈਰੀ ਮਾਰੇ ਹਨ)।ਕਰਤਾਰ ਨੇ ਸੇਵਕਾਂ ਦੀ ਲਾਜ ਰੱਖੀ ਹੈ।੧।
ਬਾਦਸਾਹ ਸਾਹ ਸਭ ਵਸਿ ਕਰਿ ਦੀਨੇ ॥ ਅੰਮ੍ਰਿਤ ਨਾਮ ਮਹਾ ਰਸ ਪੀਨੇ ॥੨॥ (ਪ੍ਰਭੂ ਨੇ) ਬਾਦਸ਼ਾਹ ਤੇ ਸ਼ਾਹੂਕਾਰ (ਅਪਣੇ ਸੇਵਕਾਂ ਦੇ) ਅਧੀਨ ਕਰ ਦਿਤੇ ਹਨ ਭਾਵ ਸੇਵਕਾਂ ਨੂੰ ਬਾਦਸ਼ਾਹ ਤੇ ਵਜੀਰਾਂ ਦੇ ਅਧੀਨ ਨਹੀਂ ਰਹਿਣ ਦਿਤਾ (ਅਕਬਰ ਬਾਦਸ਼ਾਹ ਤੇ ਉਸ ਦੇ ਵਜੀਰ ਗੁਰੂ ਦਰਬਾਰ ਦੇ ਸ਼ਰਧਾਲੂ ਰਹੇ ਹਨ); ਮਨ ਰੂਪ ਬਾਦਸ਼ਾਹ ਤੇ ਵਿਕਾਰ ਆਦਿ ਸ਼ਾਹ ਸਭ (ਸੇਵਕਾਂ ਦੇ) ਵਸ ਵਿਚ ਕਰ ਦਿਤੇ ਹਨ (ਟਕਸਾਲ।ਸ਼ੁਕਰਾਨੇ ਵੱਜੋਂ ਸੇਵਕ ਪ੍ਰਭੂ ਦੇ) ਨਾਮ ਦਾ ਮਹਾਨ ਰਸ ਪੀਂਦੇ ਰਹਿੰਦੇ ਹਨ।੨।
ਨਿਰਭਉ ਹੋਇ ਭਜਹੁ ਭਗਵਾਨ ॥ ਸਾਧ ਸੰਗਤਿ ਮਿਲਿ ਕੀਨੋ ਦਾਨੁ ॥੩॥ (ਹੇ ਸੇਵਕ ਜਨੋਂ! ਪ੍ਰਭੂ ਨੇ ਤੁਹਾਨੂੰ ਨਾਮ ਦਾ) ਦਾਨ ਬਖਸ਼ਿਸ਼ ਕੀਤਾ ਹੈ।(ਤੁਸੀਂ ਦੁਨਿਆਵੀ) ਡਰ ਤੋਂ ਰਹਿਤ ਹੋ ਕੇ ਸਾਧ ਸੰਗਤ ਵਿਚ ਮਿਲ ਕੇ ਭਗਵਾਨ ਦਾ ਨਾਮ ਸਿਮਰੋ।੩।
ਸਰਣਿ ਪਰੇ ਪ੍ਰਭ ਅੰਤਰਜਾਮੀ ॥ ਨਾਨਕ ਓਟ ਪਕਰੀ ਪ੍ਰਭ ਸੁਆਮੀ ॥੪॥੧੦੮॥ ਗੁਰੂ ਜੀ ਆਖਦੇ ਹਨ ਕਿ (ਸੇਵਕਾਂ ਨੇ) ਪ੍ਰਭੂ ਮਾਲਕ ਦੀ ਓਟ ਪਕੜੀ ਹੈ ਅਤੇ (ਸੇਵਕ ਜਨ) ਅੰਤਰਜਾਮੀ ਪ੍ਰਭੂ ਦੀ ਸਰਣ ਵਿਚ ਪਏ ਰਹਿੰਦੇ ਹਨ।੪।੧੦੮।
ਪਦਾਰਥ = ਥਿਰੁ-ਟਿਕ ਕੇ; ਅਚੱਲ (ਦ੍ਰਿੜ) ਹੋ ਕੇ।ਬੈਸਹੁ-ਬੈਠੋ।ਕਾਜ-ਕਾਰਜ; ਕੰਮ।ਸਵਾਰੇ-ਰਾਸ ਕਰ (ਸੁਧਾਰ) ਦਿਤੇ।੧। ਰਹਾਉ।ਦੁਸਟ-ਦੋਖੀ।ਦੂਤ-ਵੈਰੀ।ਜਨ ਕੀ-ਸੇਵਕਾਂ ਦੀ।ਪੈਜ-ਇੱਜਤ।੧।ਵਸਿ-ਵਸ ਵਿਚ; ਅਧੀਨ।ਪੀਨੇ-ਪੀਂਦੇ ਹਨ।੨। ਭਜਹੁ-ਜਪੋ।ਕੀਨੋ-ਬਖਸ਼ਿਸ਼ ਕੀਤਾ ਹੈ।੩।ਪਰੇ-ਪਏ ਹਨ।ਪਕਰੀ-ਫੜੀ (ਲਈ) ਹੈ।੪।੧੦੮।
ਗਉੜੀ ਮਹਲਾ ੫ ॥ ਹਰਿ ਸੰਗਿ ਰਾਤੇ ਭਾਹਿ ਨ ਜਲੈ ॥ ਹਰਿ ਸੰਗਿ ਰਾਤੇ ਮਾਇਆ ਨਹੀ ਛਲੈ ॥ਹਰਿ ਸੰਗਿ ਰਾਤੇ ਨਹੀ ਡੂਬੈ ਜਲਾ ॥ ਹਰਿ ਸੰਗਿ ਰਾਤੇ ਸੁਫਲ ਫਲਾ ॥੧॥ (ਹੇ ਭਾਈ!) ਹਰੀ ਨਾਲ ਪ੍ਰੇਮ ਪਾਇਆਂ (ਮਨੁੱਖ ਤ੍ਰਿਸ਼ਨਾ ਦੀ) ਅੱਗ ਵਿਚ ਨਹੀਂ ਸੜਦਾ।ਹਰੀ ਨਾਲ ਪ੍ਰੇਮ ਕਰਨ ਨਾਲ (ਪ੍ਰੇਮੀ ਮਨੁੱਖ ਨੂੰ) ਮਾਇਆ ਛਲ ਨਹੀਂ ਸਕਦੀ।ਹਰੀ ਨਾਲ ਪ੍ਰੇਮ ਕਰਨ ਕਰਕੇ (ਮਨੁੱਖ) ਪਾਣੀ ਵਿਚ ਨਹੀਂ ਡੁਬਦਾ (ਜਿਵੇਂ ਕਬੀਰ ਜੀ ਨਹੀ ਸਨ ਡੁੱਬੇ)।ਹਰੀ ਨਾਲ ਪ੍ਰੇਮ ਕਰਨ ਕਰਕੇ (ਮਨੁੱਖ) ਸ੍ਰੇਸਟ ਫਲਾਂ ਨਾਲ ਫਲਦਾ ਹੈ।੧।
ਸਭ ਭੈ ਮਿਟਹਿ ਤੁਮਾਰੈ ਨਾਇ ॥ ਭੇਟਤ ਸੰਗਿ ਹਰਿ ਹਰਿ ਗੁਨ ਗਾਇ ॥੧॥ਰਹਾਉ॥ (ਹੇ ਹਰੀ!) ਤੇਰਾ ਨਾਮ ਜਪਣ ਨਾਲ ਸਾਰੇ (ਕਿਸਮ ਦੇ) ਭੈ ਮਿਟ ਜਾਂਦੇ ਹਨ; (ਹੇ ਭਾਈ! ਹਰੀ ਦਾ) ਨਾਮ ਜਪਣ ਨਾਲ ਤੇਰੇ ਸਾਰੇ ਭੈ ਮਿਟ ਜਾਣਗੇ (ਫ.ਸ.; ਸੰ.ਸ.)।(ਹੇ ਭਾਈ! ਸਤਿਗੁਰੂ) ਨਾਲ ਮਿਲਣ ਕਰਕੇ (ਮਨੁੱਖ) ਹਰੀ ਦੇ ਗੁਣ ਗਾਉਂਦਾ ਰਹਿੰਦਾ ਹੈ।੧।ਰਹਾਉ।
ਹਰਿ ਸੰਗਿ ਰਾਤੇ ਮਿਟੈ ਸਭ ਚਿੰਤਾ ॥ ਹਰਿ ਸਿਉ ਸੋ ਰਚੈ, ਜਿਸੁ ਸਾਧ ਕਾ ਮੰਤਾ ॥ ਹਰਿ ਸੰਗਿ ਰਾਤੇ, ਜਮ ਕੀ ਨਹੀ ਤ੍ਰਾਸ ॥ ਹਰਿ ਸੰਗਿ ਰਾਤੇ ਪੂਰਨ ਆਸ ॥੨॥ ਹਰੀ ਨਾਲ ਪ੍ਰੇਮ ਕੀਤਿਆਂ (ਮਨੁੱਖ ਦੀ) ਸਾਰੀ ਚਿੰਤਾ ਮਿਟ ਜਾਂਦੀ ਹੈ।(ਪਰ) ਹਰੀ ਨਾਲ ਉਹ ਪੁਰਖ ਮਿਲਦਾ ਹੈ, ਜਿਸ ਨੂੰ ਸਾਧੂਆਂ ਦਾ ਉਪਦੇਸ਼ ਪ੍ਰਾਪਤ ਹੋਇਆ ਹੈ।ਹਰੀ ਨਾਲ ਪ੍ਰੇਮ ਕਰਨ ਕਰਕੇ ਜਮਾਂ ਦਾ ਡਰ ਨਹੀਂ ਰਹਿੰਦਾ।ਹਰੀ ਨਾਲ ਪ੍ਰੇਮ ਕੀਤਿਆਂ (ਮਨੁੱਖ ਦੀਆਂ) ਆਸਾਂ ਪੂਰਨ ਹੋ ਜਾਂਦੀਆਂ ਹਨ।੨।
ਹਰਿ ਸੰਗਿ ਰਾਤੇ ਦੂਖੁ ਨ ਲਾਗੈ ॥ ਹਰਿ ਸੰਗਿ ਰਾਤਾ ਅਨਦਿਨੁ ਜਾਗੈ ॥ ਹਰਿ ਸੰਗਿ ਰਾਤਾ ਸਹਜ ਘਰਿ ਵਸੈ ॥ ਹਰਿ ਸੰਗਿ ਰਾਤੇ, ਭ੍ਰਮੁ ਭਉ ਨਸੈ ॥੩॥ ਹਰੀ ਨਾਲ ਪ੍ਰੇਮ ਕੀਤਿਆਂ (ਮਨੁੱਖ ਨੂੰ) ਦੁਖ ਨਹੀਂ ਲਗਦਾ।(ਜਿਹੜਾ ਮਨੁੱਖ) ਹਰੀ ਨਾਲ ਜੁੜਿਆ ਹੈ (ਉਹ) ਹਰ ਰੋਜ ਜਾਗਦਾ ਰਹਿੰਦਾ ਹੈ (ਮਾਇਆ ਦੇ ਮੋਹ ਦੀ ਨੀਂਦ ਵਿਚ ਨਹੀਂ ਸੌਂਦਾ)।(ਜਿਹੜਾ ਮਨੁੱਖ) ਹਰੀ ਨਾਲ ਜੁੜਿਆ ਹੈ, (ਉਹ) ਅਡੋਲ ਆਤਮਕ ਅਵਸਥਾ ਦੇ ਘਰ ਵਿਚ ਵਸਦਾ ਹੈ।ਹਰੀ ਨਾਲ ਪ੍ਰੇਮ ਕੀਤਿਆਂ ਭਰਮ ਤੇ ਡਰ ਦੂਰ ਹੋ ਜਾਂਦੇ ਹਨ।੩।
ਹਰਿ ਸੰਗਿ ਰਾਤੇ ਮਤਿ ਊਤਮ ਹੋਇ ॥ ਹਰਿ ਸੰਗਿ ਰਾਤੇ ਨਿਰਮਲ ਸੋਇ ॥ ਕਹੁ ਨਾਨਕ ਤਿਨ ਕਉ ਬਲਿ ਜਾਈ ॥ ਜਿਨ ਕਉ ਪ੍ਰਭੁ ਮੇਰਾ ਬਿਸਰਤ ਨਾਹੀ ॥੪॥੧੦੯॥ ਹਰੀ ਨਾਲ ਪ੍ਰੇਮ ਕੀਤਿਆਂ (ਮਨੁੱਖ ਦੀ) ਬੁੱਧੀ ਉਤਮ ਹੋ ਜਾਂਦੀ ਹੈ।ਹਰੀ ਨਾਲ ਪ੍ਰੇਮ ਕੀਤਿਆਂ (ਲੋਕ ਪ੍ਰਲੋਕ ਵਿਚ ਮਨੁੱਖ ਦੀ) ਨਿਰਮਲ ਸੋਭਾ ਹੁੰਦੀ ਹੈ।ਗੁਰੂ ਜੀ ਆਖਦੇ ਹਨ ਕਿ ਮੈਂ ਉਨ੍ਹਾਂ (ਪੁਰਖਾਂ) ਤੋਂ ਬਲਹਾਰ ਜਾਂਦਾ ਹਾਂ। ਜਿਨ੍ਹਾਂ ਨੂੰ ਮੇਰਾ ਪ੍ਰਭੂ (ਕਦੇ ਵੀ) ਨਹੀਂ ਭੁਲਦਾ।੪।੧੦੯।
ਪਦਾਰਥ = ਰਾਤੇ-ਪ੍ਰੇਮ ਪਾਇਆਂ; ਪ੍ਰੇਮ ਕਰਨ ਨਾਲ; ਜੁੜੇ ਰਹਿਣ ਨਾਲ।ਭਾਹਿ-(ਤ੍ਰਿਸ਼ਨਾ; ਈਰਖਾ; ਕ੍ਰੋਧ ਦੀ) ਅੱਗ ਵਿਚ।ਨ ਜਲੈ-ਨਹੀਂ ਸੜਦਾ।ਨ ਛਲੈ-ਨਹੀ ਠਗ ਸਕਦੀ।ਜਲਾ-ਪਾਣੀ ਵਿਚ।ਸੁਫਲ-ਸ੍ਰੇਸਟ ਫਲਾਂ ਨਾਲ।ਫਲਾ-ਫਲਦਾ ਹੈ।੧।ਭੈ-ਡਰ।

All Rights Reserved by Harjinder Singh Gyani | www.GuruGranthVakhyaan.org

ਨਾਇ–ਨਾਮ ਜਪਣ ਨਾਲ।ਭੇਟਤ–ਮਿਲਿਆਂ।ਗਾਇ–ਗਾਉਂਦਾ ਹੈ।੧।ਰਹਾਉ।ਹਰਿ ਸਿਉ–ਹਰੀ ਨਾਲ।ਸੋ–ਉਹ (ਪੁਰਖ)।ਰਚੈ–ਲਿਵ ਲੀਨ ਹੁੰਦਾ ਹੈ; ਮਿਲਦਾ ਹੈ।ਸਾਧ ਕਾ–ਸਾਧੂਆਂ ਦਾ; ਗੁਰੂ ਦਾ।ਮੰਤਾ–ਉਪਦੇਸ਼।ਤ੍ਰਾਸ–ਡਰ।੨।ਨਾ ਲਾਗੈ–ਨਹੀਂ ਲਗਦਾ; ਨਹੀਂ ਪੋਂਹਦਾ।ਜਾਗੈ–(ਗਿਆਨ ਅਵਸਥਾ ਵਿਚ) ਜਾਗਦਾ ਰਹਿੰਦਾ ਹੈ; (ਵਿਕਾਰਾਂ ਵਲੋਂ) ਸੁਚੇਤ ਰਹਿੰਦਾ ਹੈ।ਸਹਜ ਘਰਿ– ਅਡੋਲ ਆਤਮਕ ਅਵਸਥਾ ਦੇ ਘਰ ਵਿਚ; ਸਭ ਤੋਂ ਉਚੇ ਗਿਆਨ ਤੇ ਸ਼ਾਂਤੀ ਦੇ ਘਰ ਵਿਚ (ਸ਼ਬਦਾਰਥ)।ਨਸੈ–ਦੌੜ ਜਾਂਦਾ ਹੈ।੩।ਮਤਿ–ਅਕਲ; ਬੁੱਧੀ।ਸੋਇ –ਸੋਭਾ।ਬਲਿ ਜਾਈ–ਕੁਰਬਾਨ ਜਾਂਦਾ ਹਾਂ।ਬਿਸਰਤ ਨਾਹੀ–ਭੁਲਦਾ ਨਹੀਂ।੪।੧੦੯।

ਗਉੜੀ ਮਹਲਾ ੫ ॥ ਉਦਮੁ ਕਰਤ ਸੀਤਲ ਮਨ ਭਏ ॥ ਮਾਰਗਿ ਚਲਤ ਸਗਲ ਦੁਖ ਗਏ ॥ ਨਾਮੁ ਜਪਤ ਮਨਿ ਭਏ ਅਨੰਦ ॥ ਰਸਿ ਗਾਏ ਗੁਨ ਪਰਮਾਨੰਦ ॥੧॥ (ਸਾਧ ਸੰਗਤ ਵਿਚ ਜਾਣ ਦਾ) ਉਦਮ ਕਰਨ ਨਾਲ (ਸਾਡੇ) ਮਨ ਸ਼ਾਂਤ ਹੋ ਗਏ ਹਨ।(ਹਰੀ ਦੇ) ਰਸਤੇ ਉਤੇ ਚਲਣ ਨਾਲ ਸਾਰੇ ਦੁਖ ਦੂਰ ਹੋ ਗਏ ਹਨ।(ਸਾਧ ਸੰਗਤ ਵਿਚ) ਪਰਮ ਅਨੰਦ ਸਰੂਪ ਹਰੀ ਦੇ ਪ੍ਰੇਮ ਨਾਲ ਗੁਣ ਗਾਏ ਅਤੇ ਨਾਮ ਜਪਣ ਕਰਕੇ ਮਨ ਵਿਚ ਅਨੰਦ ਪ੍ਰਾਪਤ ਹੋਇਆ ਹੈ।੧।

ਖੇਮ ਭਇਆ ਕੁਸਲ ਘਰਿ ਆਏ ॥ ਭੇਟਤ ਸਾਧ ਸੰਗਿ ਗਈ ਬਲਾਏ ॥ਰਹਾਉ॥ ਸਾਧ ਸੰਗਤ ਵਿਚ ਮਿਲਦਿਆਂ ਹੀ (ਅਵਿਦਿਅ ਰੂਪ) ਬਲਾ ਦੂਰ ਹੋ ਗਈ।(ਜਿਸ ਕਰਕੇ) ਸੁਖ ਪ੍ਰਾਪਤ ਹੋ ਗਿਆ ਹੈ ਅਤੇ ਅਨੰਦ ਦੇ ਘਰਿ ਵਿਚ ਆ ਗਏ ਹਾਂ; (ਸਾਧ ਸੰਗਤ ਦੀ ਬਰਕਤ ਨਾਲ ਅਪਣੇ) ਨਿਜ ਘਰ ਵਿਚ ਆ ਟਿਕੇ ਹਾਂ, (ਜਿਥੇ ਆਤਮਕ) ਸੁਖ ਤੇ ਅਨੰਦ ਪ੍ਰਾਪਤ ਹੋਇਆ ਹੈ।ਰਹਾਉ।

ਨੇਤ੍ਰ ਪੁਨੀਤ ਪੇਖਤ ਹੀ ਦਰਸ ॥ ਧਨਿ ਮਸਤਕ ਚਰਨ ਕਮਲ ਹੀ ਪਰਸ ॥ (ਸਾਧੂਆਂ ਦੇ) ਦਰਸ਼ਨ ਦੇਖਦਿਆਂ ਹੀ ਅੱਖਾਂ ਪਵਿਤ੍ਰ ਹੋ ਗਈਆਂ ਹਨ।(ਸੰਤਾਂ ਦੇ) ਚਰਨ ਕਮਲ ਪਰਸਦੇ ਹੀ ਮੱਥੇ ਧੰਨਤਾ ਯੋਗ ਹੋ ਗਏ ਹਨ।

ਅੰਗ ੨੦੨ = ਗੋਬਿੰਦ ਕੀ ਟਹਲ ਸਫਲ ਇਹ ਕਾਂਇਆ ॥ ਸੰਤ ਪ੍ਰਸਾਦਿ ਪਰਮ ਪਦੁ ਪਾਇਆ ॥੨॥ ਗੋਬਿੰਦ ਦੀ ਸੇਵਾ ਕਰਨ ਨਾਲ ਇਹ ਸਰੀਰ ਸਫਲ ਹੋ ਗਿਆ (ਜਨਮ ਸਫਲ ਹੋ ਗਿਆ)।ਸੰਤਾਂ ਦੀ ਕ੍ਰਿਪਾ ਨਾਲ ਪਰਮ ਪਦ ਪ੍ਰਾਪਤ ਹੋ ਗਿਆ ਹੈ।੨।

ਜਨ ਕੀ ਕੀਨੀ ਆਪਿ ਸਹਾਇ ॥ ਸੁਖੁ ਪਾਇਆ ਲਗਿ ਦਾਸਹ ਪਾਇ ॥ ਆਪੁ ਗਇਆ ਤਾ ਆਪਹਿ ਭਏ ॥ ਕ੍ਰਿਪਾ ਨਿਧਾਨ ਕੀ ਸਰਨੀ ਪਏ ॥੩॥ (ਪ੍ਰਭੂ ਨੇ) ਦਾਸ ਦੀ ਆਪ ਸਹਾਇਤਾ ਕੀਤੀ ਹੈ।(ਪ੍ਰਭੂ ਦੇ) ਦਾਸਾਂ ਦੇ ਚਰਨੀਂ ਲਗ ਕੇ ਆਤਮਕ ਸੁਖ ਪਾਇਆ ਹੈ।(ਜਦੋਂ ਤੋਂ) ਕ੍ਰਿਪਾ ਦੇ ਖਜਾਨੇ ਪ੍ਰਭੂ ਦੀ ਸ਼ਰਨ ਵਿਚ ਆ ਪਏ ਹਾਂ।(ਉਦੋਂ ਤੋਂ) ਆਪਾ ਭਾਵ ਦੂਰ ਹੋ ਗਿਆ ਤਾਂ ਆਪ ਹੀ (ਰੱਬ ਦਾ ਰੂਪ) ਹੋ ਗਏ ਹਾਂ।੩।

ਜੋ ਚਾਹਤ ਸੋਈ ਜਬ ਪਾਇਆ ॥ ਤਬ ਢੂੰਢਨ ਕਹਾ ਕੋ ਜਾਇਆ ॥ ਅਸਥਿਰ ਭਏ ਬਸੇ ਸੁਖ ਆਸਨ ॥ ਗੁਰ ਪ੍ਰਸਾਦਿ ਨਾਨਕ ਸੁਖ ਬਾਸਨ ॥੪॥੧੧੦॥ ਜਿਸ (ਪ੍ਰਭੂ ਨੂੰ ਅਸੀਂ ਮਿਲਣਾ) ਚਾਹੁੰਦੇ ਸੀ, ਜਦ ਉਹ (ਪ੍ਰਭੂ ਅਸੀਂ ਘਰ ਬੈਠੇ ਹਿਰਦੇ ਵਿਚੋਂ ਹੀ) ਪਾ ਲਿਆ। ਤਦ (ਉਸ ਨੂੰ ਬਾਹਰ) ਲੱਭਣ ਕੋਈ ਕਿਉਂ ਜਾਵੇ? (ਭਟਕਣਾ ਮੁਕਾ ਕੇ) ਅਡੋਲ ਚਿਤ ਹੋ ਗਏ ਹਾਂ ਅਤੇ ਸੁਖ ਆਸਨ ਹੋ ਕੇ ਵਸਦੇ ਹਾਂ।ਗੁਰੂ ਜੀ ਆਖਦੇ ਹਨ (ਕਿ ਅਸੀਂ) ਗੁਰੂ ਦੀ ਕ੍ਰਿਪਾ ਨਾਲ ਸੁੱਖਾਂ ਵਿਚ ਵਸਣ ਵਾਲੇ ਹੋ ਗਏ ਹਾਂ।੪।੧੧੦।

ਪਦਾਰਥ = ਸੀਤਲ–ਸ਼ਾਂਤ।ਭਏ–ਹੋਏ ਹਾਂ।ਮਾਰਗਿ–ਰਸਤੇ ਉਤੇ।ਸਗਲ–ਸਾਰੇ।ਰਸਿ–ਪ੍ਰੇਮ ਨਾਲ।ਪਰਮਾਨੰਦ–ਪਰਮ ਅਨੰਦ ਦਾ ਮਾਲਕ ਵਾਹਿਗੁਰੂ।੧।ਖੇਮ–ਸੁੱਖ; ਕਲਿਆਣ।ਭਇਆ–ਹੋਇਆ।ਕੁਸਲ ਘਰਿ–ਅਨੰਦ ਦੇ ਘਰ ਵਿਚ।ਘਰਿ–ਨਿਜ ਘਰ (ਆਤਮਕ ਘਰ)।ਭੇਟਤ–ਮਿਲਦਿਆਂ; ਮਿਲਣ ਨਾਲ।ਬਲਾਏ–(ਅਵਿਦਿਆ; ਮਾਇਆ; ਹਉਮੈ ਰੂਪ) ਚੜੇਲ; ਬਿਪਤਾ।ਰਹਾਉ।ਨੇਤ੍ਰ–ਅੱਖਾਂ। ਪੁਨੀਤ–ਪਵਿਤ੍ਰ (ਪਰਾਇਆ ਰੂਪ ਨਹੀਂ ਦੇਖਦੀਆਂ)।ਪੇਖਤ–ਦੇਖਦਿਆਂ।ਦਰਸਨ–ਦਰਸ਼ਨ।ਧਨਿ–ਧੰਨਤਾ ਯੋਗ; ਭਾਗਾਂ ਵਾਲਾ। ਮਸਤਕ–ਮੱਥੇ।ਪਰਸ–ਛੋਹਣ ਨਾਲ।ਟਹਲ–ਸੇਵਾ ਭਗਤੀ।ਕਾਂਇਆ–ਸਰੀਰ।ਪਰਮ ਪਦੁ–ਉਚੀ ਆਤਮਕ ਅਵਸਥਾ; ਤੁਰੀਆ ਪਦ।੨।ਜਨ ਕੀ–ਦਾਸ ਦੀ।ਸਹਾਇ–ਸਹਾਇਤਾ।ਦਾਸਹ–ਦਾਸਾਂ ਦੀ।ਪਾਇ–ਪੈਰੀਂ (ਚਰਨੀਂ)।ਆਪੁ–ਆਪਾ ਭਾਵ।ਆਪਹਿ–ਪ੍ਰਭੂ ਆਪ ਹੀ (ਪ੍ਰਭੂ ਦਾ ਰੂਪ)।ਭਏ–ਹੋ ਗਏ ਹਾਂ।ਤਾ–ਤਾਂ; ਤਦ।੩।ਕਹਾ–ਕਿਉਂ; ਕਿਥੇ।ਅਸਥਿਰੁ–ਅਡੋਲ ਚਿੱਤ।ਬਸੇ–ਵਸਦੇ ਹਾਂ। ਸੁਖ ਆਸਨ–ਸੁੱਖਾਂ ਦੇ ਆਸਨ ਉਤੇ (ਅਨੰਦ ਦੀ ਅਵਸਥਾ ਵਿਚ)।ਸੁਖ ਬਾਸਨ–ਸੁੱਖਾਂ ਵਿਚ ਵਸਣ ਵਾਲੇ।੪।੧੧੦।

ਗਉੜੀ ਮਹਲਾ ੫ ॥ ਕੋਟਿ ਮਜਨ ਕੀਨੋ ਇਸਨਾਨ ॥ ਲਾਖ ਅਰਬ ਖਰਬ ਦੀਨੋ ਦਾਨੁ ॥ ਜਾ ਮਨਿ ਵਸਿਓ ਹਰਿ ਕੋ ਨਾਮੁ ॥੧॥

All Rights Reserved by Harjinder Singh Gyani | www.GuruGranthVakhyaan.org

(ਹੇ ਭਾਈ!) ਹਰੀ ਦਾ ਨਾਮ ਜਿਸ (ਮਨੁੱਖ ਦੇ) ਮਨ ਵਿਚ ਵਸ ਗਿਆ।(ਤਾਂ ਸਮਝ ਲਵੋ ਕਿ ਉਸ ਨੇ) ਕ੍ਰੋੜਾਂ ਹੀ ਪੁਰਬਾਂ ਦੇ ਇਸ਼ਨਾਨ (ਘਰ ਬੈਠਿਆਂ ਹੀ) ਕਰ ਲਏ ਹਨ।ਅਤੇ ਲੱਖਾਂ ਅਰਬਾਂ ਖਰਬਾਂ (ਰੁਪਿਆਂ) ਦੇ ਦਾਨ ਦੇ ਦਿਤੇ ਹਨ।੧।

ਸਗਲ ਪਵਿਤ ਗੁਨ ਗਾਇ ਗੁਪਾਲ ॥ ਪਾਪ ਮਿਟਹਿ ਸਾਧੂ ਸਰਨਿ ਦਇਆਲ ॥ਰਹਾਉ॥ (ਹੇ ਭਾਈ!) ਵਾਹਿਗੁਰੂ ਦੇ ਗੁਣ ਗਾ ਕੇ ਸਾਰੇ (ਲੋਕ) ਪਵਿਤ੍ਰ ਹੋ ਜਾਂਦੇ ਹਨ।ਦਿਆਲੂ ਸਾਧੂ ਦੀ ਸ਼ਰਨ ਪੈਣ ਕਰਕੇ (ਸਾਰੇ) ਪਾਪ ਮਿਟ ਜਾਂਦੇ ਹਨ।ਰਹਾਉ।

ਬਹੁਤੁ ਉਰਧ ਤਪ ਸਾਧਨ ਸਾਧੇ ॥ ਅਨਿਕ ਲਾਭ ਮਨੋਰਥ ਲਾਧੇ ॥ ਹਰਿ ਹਰਿ ਨਾਮ ਰਸਨ ਆਰਾਧੇ ॥੨॥ (ਹੇ ਭਾਈ! ਜਿਸ ਮਨੁੱਖ ਨੇ) ਜੀਭ ਨਾਲ ਹਰੀ ਦਾ ਨਾਮ ਸਿਮਰਿਆ ਹੈ।(ਉਸ ਨੇ ਮਾਨੋ) ਪੁੱਠੇ ਲਟਕ ਕੇ ਅਨੇਕਾਂ ਤਪ ਅਤੇ ਅਨੇਕਾਂ ਸਾਧਨ ਸਾਧ ਲਏ ਹਨ। ਅਤੇ ਅਨੇਕਾਂ ਲਾਭਾਂ ਵਾਲੇ ਮਨੋਰਥ ਲੱਭ ਪਏ ਹਨ ਭਾਵ ਮਨੋਰਥ ਪੂਰੇ ਹੋ ਗਏ ਹਨ।੨।

ਸਿਮ੍ਰਿਤਿ ਸਾਸਤ ਬੇਦ ਬਖਾਨੇ ॥ ਜੋਗ ਗਿਆਨ ਸਿਧ ਸੁਖ ਜਾਨੇ ॥ ਨਾਮੁ ਜਪਤ ਪ੍ਰਭ ਸਿਉ ਮਨ ਮਾਨੇ ॥੩॥ ਨਾਮ ਜਪਦਿਆਂ (ਜਿਸ ਮਨੁੱਖ ਦਾ) ਮਨ ਪ੍ਰਭੂ ਨਾਲ ਪਤੀਜ ਗਿਆ ਹੈ।(ਸਮਝੋ ਉਸ ਨੇ) ਸਿਮ੍ਰਤੀਆਂ, ਸਾਸਤ੍ਰ ਤੇ ਬੇਦਾਂ ਦੇ ਕਥਨ ਕਰ ਲਏ ਹਨ।ਅਤੇ ਜੋਗ ਦਾ ਗਿਆਨ ਤੇ ਸਿਧੀਆਂ ਦਾ ਸੁਖ ਜਾਣ ਲਿਆ ਹੈ (ਨਾਮ ਸਿਮਰਨ ਵਿਚ ਸਭ ਕੁਛ ਆ ਗਿਆ)।੩।

ਅਗਾਧਿ ਬੋਧਿ ਹਰਿ ਅਗਮ ਅਪਾਰੇ ॥ ਨਾਮੁ ਜਪਤ ਨਾਮੁ ਰਿਦੇ ਬੀਚਾਰੇ ॥ ਨਾਨਕ ਕਉ ਪ੍ਰਭ ਕਿਰਪਾ ਧਾਰੇ ॥੪॥੧੧੧॥ ਹਰੀ ਅਥਾਹ ਗਿਆਨ ਵਾਲਾ ਹੈ, ਮਨ ਤੇ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਅਤੇ ਬੇਅੰਤ ਹੈ।ਨਾਨਕ ਉਤੇ ਪ੍ਰਭੂ ਨੇ ਕ੍ਰਿਪਾ ਕੀਤੀ ਹੈ।(ਜਿਸਦਾ ਸਦਕਾ ਨਾਨਕ) ਨਾਮ ਜਪਦਿਆਂ ਨਾਮ ਨੂੰ ਹਿਰਦੇ ਵਿਚ ਵਿਚਾਰਦਾ ਰਹਿੰਦਾ ਹੈ।੪।੧੧੧।

ਪਦਾਰਥ = ਮਜਨ ਇਸਨਾਨ–ਗੋਤਾ ਮਾਰ ਕੇ ਇਸ਼ਨਾਨ ਕਰਨਾ।ਅਰਬ–ਸੌ ਕਰੋੜ ਦਾ ਇਕ ਅਰਬ।ਖਰਬ–ਸੌ ਅਰਬ ਦਾ ਇਕ ਖਰਬ।ਜਾ–ਜਿਸ ਦੇ।ਮਨਿ–ਮਨ ਵਿਚ।੧।ਸਗਲ–ਸਾਰੇ।ਗੁਪਾਲ–ਪ੍ਰਿਥਵੀ ਦੇ ਜੀਵਾਂ ਦੀ ਪਾਲਣਾ ਕਰਨ ਵਾਲਾ ਪ੍ਰਭੂ।ਰਹਾਓ। ਉਰਧ–ਉਲਟਾ (ਮੁਧਾ)।ਸਾਧਨ ਸਾਧੇ–ਸਾਧਨ ਕੀਤੇ।ਲਾਧੇ–ਲਭ ਪਏ ਹਨ।੨।ਬਖਾਨੇ–ਕਥਨ ਕਰ (ਪੜ੍ਹ) ਲਏ।ਸਿਧ–ਸਿਧੀਆਂ।ਸਿਉ–ਨਾਲ।ਮਨ ਮਾਨੇ–ਮਨ ਵਿਚ ਭਰੋਸਾ ਹੋ ਗਿਆ; ਮਨ ਦੀ ਤਸੱਲੀ ਹੋ ਗਈ।੩।ਅਗਾਧਿ ਬੋਧਿ–ਬੇਅੰਤ ਗਿਆਨ ਵਾਲਾ (ਜਿਸ ਦੇ ਪੂਰਨ ਸਰੂਪ ਦਾ ਸਹੀ ਗਿਆਨ ਨਹੀਂ ਹੋ ਸਕਦਾ)।ਅਗਮ–ਮਨ ਤੇ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ।ਅਪਾਰੇ–ਬੇਅੰਤ (ਜਿਸ ਦਾ ਕੋਈ ਹੱਦ ਬੰਨਾ ਨਹੀਂ)।ਨਾਨਕ ਕਉ–ਨਾਨਕ ਉਤੇ; ਨਾਨਕ ਤਾਂਈ।ਧਾਰੇ–ਕੀਤੀ ਹੈ।੪।੧੧੧।

ਗਉੜੀ ਮਹਲਾ ੫ ॥ ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ ॥ ਚਰਨ ਕਮਲ ਗੁਰ ਰਿਦੈ ਵਸਾਇਆ ॥੧॥ (ਜਦ ਅਸੀਂ) ਗੁਰੂ ਦੇ ਚਰਨਾਂ ਕਮਲਾਂ ਨੂੰ ਹਿਰਦੇ ਵਿਚ ਵਸਾਇਆ।(ਤਾਂ ਪ੍ਰਭੂ ਨੂੰ) ਮਨ ਤਨ ਤੇ ਬਾਣੀ ਕਰਕੇ ਸਿਮਰ ਸਿਮਰ ਕੇ ਸੁਖ ਪਾ ਲਿਆ ਹੈ।੧।

ਗੁਰ ਗੋਬਿੰਦੁ ਪਾਰਬ੍ਰਹਮੁ ਪੂਰਾ ॥ ਤਿਸਹਿ ਅਰਾਧਿ ਮੇਰਾ ਮਨੁ ਧੀਰਾ ॥ਰਹਾਉ॥ (ਹੇ ਭਾਈ!) ਗੁਰੂ ਕਰਤਾਰ ਰੂਪ ਹੈ ਅਤੇ ਕਰਤਾਰ (ਗੁਣਾਂ ਕਰਕੇ) ਪੂਰਾ ਹੈ।ਉਸ ਕਰਤਾਰ ਨੂੰ ਸਿਮਰ ਕੇ ਮੇਰਾ ਮਨ ਧੀਰਜ ਵਾਲਾ ਹੋ ਗਿਆ ਹੈ (ਡੋਲਦਾ ਨਹੀਂ)।ਰਹਾਉ।

ਅਨਦਿਨ ਜਪਉ ਗੁਰੂ ਗੁਰ ਨਾਮ ॥ ਤਾ ਤੇ ਸਿਧਿ ਭਏ ਸਗਲ ਕਾਂਮ ॥੨॥ (ਮੈਂ) ਹਰ ਰੋਜ ਗੁਰੂ ਗੁਰ ਤੇ (ਉਸ ਦਾ ਬਖਸ਼ਿਆ) ਨਾਮ ਜਪਦਾ ਹਾਂ।ਉਸ (ਨਾਮ ਜਪਣ) ਤੋਂ ਸਾਰੇ ਕੰਮ ਸਫਲ ਹੋ ਗਏ ਹਨ।੨।

ਦਰਸਨ ਦੇਖਿ ਸੀਤਲ ਮਨ ਭਏ ॥ ਜਨਮ ਜਨਮ ਕੇ ਕਿਲਬਿਖ ਗਏ ॥੩॥ (ਗੁਰੂ ਦਾ) ਦਰਸ਼ਨ ਦੇਖ ਕੇ (ਸਾਡੇ) ਮਨ ਸ਼ਾਂਤ ਹੋ ਗਏ ਹਨ।(ਦਰਸ਼ਨ ਕਰਕੇ ਸਾਡੇ) ਜਨਮਾਂ ਜਨਮਾਂਤਰਾਂ ਦੇ ਪਾਪ ਨਾਸ਼ ਹੋ ਗਏ ਹਨ।੩।

ਕਹੁ ਨਾਨਕ ਕਹਾ ਭੈ ਭਾਈ ॥ ਅਪਨੇ ਸੇਵਕ ਕੀ ਆਪਿ ਪੈਜ ਰਖਾਈ ॥੪॥੧੧੨॥ ਗੁਰੂ ਜੀ ਆਖਦੇ ਹਨ, ਹੇ ਭਾਈ! (ਹੁਣ) ਭੈ ਕਾਹਦਾ ਹੈ? (ਕਿਉਂਕਿ) ਅਪਣੇ ਸੇਵਕ ਦੀ ਇੱਜਤ ਪ੍ਰਭੂ ਨੇ ਆਪ ਰਖਾਈ ਹੈ।੪।੧੧੨।

ਪਦਾਰਥ = ਸਿਮਰਿ–ਸਿਮਰ ਕੇ।ਰਿਦੈ–ਹਿਰਦੇ ਵਿਚ।੧।ਗੋਬਿੰਦੁ–ਗਿਆਨ ਰਾਹੀਂ ਪ੍ਰਾਪਤ ਹੋਣ ਯੋਗ ਵਾਹਿਗੁਰੂ; ਪ੍ਰਿਥਵੀ ਪਾਲਕ ਵਾਹਿਗੁਰੂ।ਤਿਸਹਿ–ਉਸ (ਕਰਤਾਰ) ਨੂੰ।ਧੀਰਾ–ਧੀਰਜ ਵਾਲਾ।ਰਹਾਉ।ਅਨਦਿਨ–ਹਰ ਰੋਜ਼।ਤਾ ਤੇ–ਉਸ ਤੋਂ।ਸਿਧਿ ਭਏ–ਸਫਲ ਹੋ ਗਏ।ਕਾਂਮ–ਕੰਮ।੨।ਸੀਤਲ–ਸ਼ਾਂਤ; ਠੰਢੇ ਠਾਰ।ਭਏ–ਹੋ ਗਏ।ਕਿਲਵਿਖ–ਪਾਪ।੩।ਭੈ–ਡਰ।ਪੈਜ–ਇੱਜਤ।੪।੧੧੨।

ਗਉੜੀ ਮਹਲਾ ੫ ॥ ਅਪਨੇ ਸੇਵਕ ਕਉ ਆਪਿ ਸਹਾਈ ॥ ਨਿਤ ਪ੍ਰਤਿਪਾਰੈ ਬਾਪ ਜੈਸੇ ਮਾਈ ॥੧॥ (ਪ੍ਰਭੂ) ਆਪਣੇ ਸੇਵਕਾਂ ਤਾਂਈਂ

All Rights Reserved by Harjinder Singh Gyani | www.GuruGranthVakhyaan.org

ਆਪ ਸਹਾਈ ਹੁੰਦਾ ਹੈ। ਜਿਵੇਂ ਮਾਂ ਬਾਪ (ਬੱਚਿਆਂ ਨੂੰ ਪਾਲਦੇ ਹਨ, ਤਿਵੇਂ ਉਹ ਸੇਵਕਾਂ ਦੀ) ਨਿਤ ਪਾਲਣਾ ਕਰਦਾ ਹੈ।੧।

ਪ੍ਰਭ ਕੀ ਸਰਨਿ ਉਬਰੈ ਸਭ ਕੋਇ ॥ ਕਰਨ ਕਰਾਵਨ ਪੂਰਨ ਸਚੁ ਸੋਇ ॥ਰਹਾਉ॥ ਪ੍ਰਭੂ ਦੀ ਸ਼ਰਨ ਵਿਚ ਪੈ ਕੇ ਸਭ ਕੋਈ (ਸੰਸਾਰ ਸਮੁੰਦਰ ਤੋਂ) ਤਰ ਜਾਂਦਾ ਹੈ; (ਜਮਕਾਲ ਤੋਂ) ਬਚ ਜਾਂਦਾ ਹੈ। (ਕਿਉਂਕਿ ਸੇਵਕ ਨੂੰ ਗਿਆਨ ਹੋ ਜਾਂਦਾ ਹੈ ਕਿ) ਉਹ ਸਰਬ ਵਿਆਪਕ ਸੱਚ ਸਰੂਪ ਵਾਹਿਗੁਰੂ (ਸਭ ਕੁਛ) ਕਰਨ ਵਾਲਾ ਹੈ ਤੇ (ਜੀਵਾਂ ਤੋਂ ਸਭ ਕੁਛ) ਕਰਾਉਣ ਵਾਲਾ ਹੈ। ਰਹਾਉ।

ਅਬ ਮਨਿ ਬਸਿਆ ਕਰਨੈਹਾਰਾ ॥ ਭੈ ਬਿਨਸੇ ਆਤਮ ਸੁਖ ਸਾਰਾ ॥੨॥ ਹੁਣ (ਮੇਰੇ) ਮਨ ਵਿਚ ਰਚਣਹਾਰ ਵਾਹਿਗੁਰੂ ਵਸ ਗਿਆ ਹੈ। (ਜਿਸ ਕਰਕੇ ਲੋਕ ਪ੍ਰਲੋਕ ਦੇ) ਡਰ ਨਾਸ਼ ਹੋ ਗਏ ਹਨ ਤੇ ਸੰਪੂਰਨ ਆਤਮਕ ਸੁਖ ਪ੍ਰਾਪਤ ਹੋ ਗਿਆ ਹੈ।੨।

ਕਰਿ ਕਿਰਪਾ ਅਪਨੇ ਜਨ ਰਾਖੇ ॥ ਜਨਮ ਜਨਮ ਕੇ ਕਿਲਬਿਖ ਲਾਥੇ ॥੩॥ (ਪ੍ਰਭੂ ਨੇ) ਕਿਰਪਾ ਕਰ ਕੇ ਅਪਣੇ ਸੇਵਕ (ਬਣਾ ਕੇ ਸਾਨੂੰ) ਰੱਖ (ਬਚਾ) ਲਿਆ ਹੈ। (ਉਸਦੀ ਕ੍ਰਿਪਾ ਨਾਲ) ਜਨਮਾਂ ਜਨਮਾਂਤਰਾਂ ਦੇ ਪਾਪ ਲਹਿ ਗਏ ਹਨ।੩।

ਕਹਨੁ ਨ ਜਾਇ ਪ੍ਰਭ ਕੀ ਵਡਿਆਈ ॥ ਨਾਨਕ ਦਾਸ ਸਦਾ ਸਰਨਾਈ ॥੪॥੧੧੩॥ ਪ੍ਰਭੂ ਦੀ ਵਡਿਆਈ (ਬੇਅੰਤ) ਹੈ, ਕਥਨ ਨਹੀ ਕੀਤੀ ਜਾ ਸਕਦੀ। ਦਾਸ ਨਾਨਕ ਸਦਾ (ਪ੍ਰਭੂ ਦੀ) ਸ਼ਰਣ ਵਿਚ ਰਹਿੰਦਾ ਹੈ।੪।੧੧੩।

ਪਦਾਰਥ = ਕਉ–ਨੂੰ; ਤਾਂਈਂ। ਸਹਾਈ–ਸਹਾਇਤਾ ਕਰਨ ਵਾਲਾ। ਨਿਤ–ਰੋਜ; ਸਦਾ। ਪ੍ਰਤਿਪਾਰੈ–ਪਾਲਣਾ ਕਰਦਾ ਹੈ। ਮਾਈ–ਮਾਂ।੧। ਉਬਰੈ–ਤਰ ਜਾਂਦਾ ਹੈ; ਬਚ ਜਾਂਦਾ ਹੈ। ਪੂਰਨ–ਸਰਬ ਵਿਆਪਕ। ਸੋਇ–ਉਹ। ਰਹਾਉ। ਅਬ–ਹੁਣ। ਕਰਨੈਹਾਰਾ–ਰਚਨਾ ਕਰਨ ਵਾਲਾ ਵਾਹਿਗੁਰੂ। ਭੈ–ਡਰ। ਬਿਨਸੇ–ਨਾਸ ਹੋ ਗਏ। ਸਾਰਾ–ਪੂਰਾ; ਸੰਪੂਰਨ।੨। ਕਰਿ–ਕਰ ਕੇ। ਰਾਖੇ–ਰੱਖ (ਬਚਾ) ਲਿਆ। ਕਿਲ ਬਿਖ–ਪਾਪ। ਲਾਥੇ–ਲਹਿ ਗਏ।੩। ਕਹਨੁ–ਕਥਨ; ਬਿਆਨ। ਦਾਸ–ਸੇਵਕ।੪।੧੧੩।

ਰਾਗੁ ਗਉੜੀ ਚੇਤੀ ਮਹਲਾ ੫ ਦੁਪਦੇ ੧ੴ ਸਤਿਗੁਰ ਪ੍ਰਸਾਦਿ ॥

ਰਾਮ ਕੋ ਬਲੁ ਪੂਰਨ ਭਾਈ ॥ ਤਾ ਤੇ ਬ੍ਰਿਥਾ ਨ ਬਿਆਪੈ ਕਾਈ ॥੧॥ਰਹਾਉ॥ ਹੇ ਭਾਈ! ਪ੍ਰਮਾਤਮਾ ਦਾ ਬਲ (ਸਭ ਜਗ੍ਹਾ ਤੇ) ਪੂਰਨ ਹੈ ਭਾਵ ਉਸਦੀ ਤਾਕਤ ਸਭ ਥਾਂਵਾਂ ਤੇ ਮੌਜੂਦ ਹੈ। ਉਸ (ਬਲ) ਤੋਂ ਕੋਈ ਦੁਖ ਦਰਦ ਨਹੀਂ ਵਿਆਪਦਾ।੧। ਰਹਾਉ।

ਅੰਗ ੨੦੨ = ਜੋ ਜੋ ਚਿਤਵੈ ਦਾਸੁ ਹਰਿ ਮਾਈ ॥ ਸੋ ਸੋ ਕਰਤਾ ਆਪਿ ਕਰਾਈ ॥੧॥ ਹੇ ਮਾਈ! ਜੋ ਜੋ (ਸੰਕਲਪ) ਹਰੀ ਦਾ ਦਾਸ (ਮਨ ਵਿਚ) ਚਿਤਵਦਾ ਹੈ। ਉਹੋ ਉਹੋ (ਸੰਕਲਪ ਦਾਸ ਦੀ ਬੇਨਤੀ ਮੰਨ ਕੇ) ਕਰਤਾਰ ਆਪ ਪੂਰਾ ਕਰਵਾ ਦੇਂਦਾ ਹੈ।੧।

ਨਿੰਦਕ ਕੀ ਪ੍ਰਭਿ ਪਤਿ ਗਵਾਈ ॥ ਨਾਨਕ ਹਰਿ ਗੁਣ ਨਿਰਭਉ ਗਾਈ ॥੨॥੧੧੪॥ ਪ੍ਰਭੂ ਨੇ (ਦਾਸਾਂ ਦੇ) ਨਿੰਦਕਾਂ ਦੀ ਇੱਜਤ ਗੁਆ ਦਿਤੀ ਹੈ। ਹੇ ਨਾਨਕ! (ਇਸ ਕਰਕੇ ਦਾਸ) ਨਿਰਭੈ ਹੋ ਕੇ ਹਰੀ ਦੇ ਗੁਣ ਗਾਉਂਦੇ ਰਹਿੰਦੇ ਹਨ।੨।੧੧੪।

ਪਦਾਰਥ = ਕੋ–ਦਾ। ਬਲੁ–ਸ਼ਕਤੀ। ਪੂਰਨ–ਹਰ ਥਾਂ ਮੌਜੂਦ। ਭਾਈ–ਹੇ ਭਾਈ। ਤਾ ਤੇ–ਉਸ ਤੋਂ। ਬ੍ਰਿਥਾ–ਦੁਖ; ਪੀੜਾ। ਨ ਬਿਆਪੈ–ਨਹੀਂ ਲਗਦਾ। ਕਾਈ–ਕੋਈ।੧। ਰਹਾਉ। ਚਿਤਵੈ–ਸੋਚਦਾ ਹੈ; ਖਿਆਲ ਕਰਦਾ ਹੈ। ਮਾਈ–ਹੇ ਮਾਈ। ਸੋ–ਉਹ। ਕਰਤਾ–ਕਰਤਾਰ।੧। ਪਤਿ–ਇੱਜਤ। ਗਵਾਈ–ਗੁਆ (ਖਰਾਬ ਕਰ) ਦਿਤੀ। ਗਾਈ–ਗਾਈ ਜਾਂਦੇ ਹਨ।੨।੧੧੪।

ਗਉੜੀ ਮਹਲਾ ੫ ॥ ਭੁਜ ਬਲ ਬੀਰ ਬ੍ਰਹਮ ਸੁਖ ਸਾਗਰ, ਗਰਤ ਪਰਤ ਗਹਿ ਲੇਹੁ ਅੰਗੁਰੀਆ ॥੧॥ਰਹਾਉ॥ ਹੇ ਬਲਵਾਨ ਬਾਹਾਂ ਵਾਲੇ ਸੂਰਮੇ ਵਾਹਿਗੁਰੂ! ਹੇ ਸੁੱਖਾਂ ਦੇ ਸਾਗਰ ਵਾਹਿਗੁਰੂ! (ਮੈਨੂੰ ਸੰਸਾਰ ਰੂਪ) ਟੋਏ ਵਿਚ ਡਿਗਦੇ ਨੂੰ (ਬੁੱਧੀ ਰੂਪ) ਉਂਗਲੀ ਤੋਂ ਫੜ ਲੈ ਭਾਵ ਬਚਾ ਲੈ।੧। ਰਹਾਉ।

ਸ੍ਰਵਨਿ ਨ ਸੁਰਤਿ ਨੈਨ ਸੁੰਦਰ ਨਹੀ, ਆਰਤ ਦੁਆਰਿ ਰਟਤ ਪਿੰਗੁਰੀਆ ॥੧॥ ਨਾ (ਮੇਰੇ) ਕੰਨਾਂ ਵਿਚ ਸੁਣਨ ਵਾਲੀ ਸ਼ਕਤੀ ਹੈ, (ਰੂਪ ਦੇਖਣ ਕਰਕੇ ਮੇਰੀਆਂ) ਅੱਖਾਂ ਵੀ ਸੁੰਦਰ ਨਹੀਂ ਹਨ, ਮੈਂ ਦੁਖੀ ਪਿੰਗਲਾ ਤੇਰੇ ਦੁਆਰੇ ਤੇ ਪੁਕਾਰ ਕਰਦਾ ਹਾਂ।੧।

ਦੀਨਾ ਨਾਥ ਅਨਾਥ ਕਰੁਣਾਮੈ, ਸਾਜਨ ਮੀਤ ਪਿਤਾ ਮਹਤਰੀਆ ॥ ਚਰਨ ਕਵਲ ਹਿਰਦੈ ਗਹਿ ਨਾਨਕ, ਭੈ ਸਾਗਰ ਸੰਤ ਪਾਰਿ ਉਤਰੀਆ ॥੨॥੨॥੧੧੫॥ ਹੇ ਗਰੀਬਾਂ ਦੇ ਮਾਲਕ! ਹੇ ਮੇਹਰਵਾਨ! ਮੈਂ ਅਨਾਥ ਦਾ ਸੱਜਣ ਮਿਤ੍ਰ ਤੇ ਮਾਂ ਬਾਪ ਆਪ ਜੀ ਹੀ ਹੋ (ਸੰ.ਸ.; ਫ.ਸ.); ਗੁਰੂ ਜੀ ਆਖਦੇ ਹਨ, ਹੇ ਗਰੀਬਾਂ ਦੇ ਮਾਲਕ! ਹੇ ਅਨਾਥਾਂ ਤੇ ਤਰਸ ਕਰਨ ਵਾਲੇ! ਹੇ ਸੱਜਣ ਮਿਤ੍ਰ! ਹੇ ਪਿਤਾ, ਹੇ ਮਾਤਾ! (ਸ਼ਬਦਾਰਥ)। ਸੰਤ ਤੇਰੇ ਚਰਨ ਕਮਲ ਹਿਰਦੇ ਵਿਚ ਗ੍ਰਹਿਣ ਕਰਕੇ ਭਵ ਸਾਗਰ ਤੋਂ ਪਾਰ ਲੰਘ ਗਏ ਹਨ (ਮੇਰੀ ਅਰਦਾਸ

All Rights Reserved by Harjinder Singh Gyani | www.GuruGranthVakhyaan.org

ਹੈ ਕਿ ਮੈਨੂੰ ਵੀ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦੇ)।੨।੨।੧੧੫।

ਪਦਾਰਥ = ਭੁਜ-ਬਾਂਹ।ਬਲ-ਤਾਕਤ (ਸ਼ਕਤੀ)।ਭੁਜ ਬਲ-ਹੇ ਬਲਵਾਨ ਬਾਹਾਂ ਵਾਲੇ।ਬੀਰ-ਸੂਰਮਾ।ਸੁਖ ਸਾਗਰ-ਸੁੱਖਾਂ ਦਾ ਸਮੁੰਦਰ।ਗਰਤ-ਟੋਆ।ਪਰਤ-ਪੈਂਦੇ (ਡਿਗਦੇ) ਨੂੰ।ਗਹਿ ਲੇਹੁ-ਫੜ ਲੈ।ਅੰਗੁਰੀਆ-ਉਂਗਲੀ।੧।ਸ੍ਰਵਨਿ-ਕੰਨਾਂ ਵਿਚ।ਸੁਰਤਿ-ਸੁਣਨ ਦੀ ਸ਼ਕਤੀ।ਨੈਨ-ਅੱਖਾਂ।ਆਰਤ-ਦੁਖੀ।ਦੁਆਰਿ-ਦਰ ਤੇ।ਰਟਤ-ਪੁਕਾਰਦਾ ਹਾਂ।ਪਿੰਗੁਰੀਆ-ਪਿੰਗਲਾ।੧।ਦੀਨਾ-ਗਰੀਬਾਂ ਦੇ।ਨਾਥ-ਮਾਲਕ।ਕਰੁਣਾਮੈ-ਕਰੁਣਾਮਈ-ਮੇਹਰਵਾਨ।ਮੀਤ-ਮਿੱਤ੍ਰ।ਮਹਤਰੀਆ-ਮਾਂ।ਗਹਿ-ਫੜ (ਟਿਕਾ) ਕੇ।ਭੈ ਸਾਗਰ-ਸੰਸਾਰ ਸਮੁੰਦਰ; ਡਰਾਉਣਾ ਸਮੁੰਦਰ।ਪਾਰਿ ਉਤਰੀਆ-ਪਾਰ ਲੰਘ ਗਏ; ਪਾਰ ਲੰਘਣ ਵਾਲਾ (ਮ.ਕੋ.)।੨।੨।੧੧੫।

ਰਾਗੁ ਗਉੜੀ ਬੈਰਾਗਣਿ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥

ਦਯ ਗੁਸਾਈ ਮੀਤੁਲਾ, ਤੂੰ ਸੰਗਿ ਹਮਾਰੈ ਬਾਸੁ ਜੀਉ ॥੧॥ਰਹਾਉ॥ ਹੇ ਮੇਹਰਾਂ ਕਰਨ ਵਾਲੇ ਸ੍ਰਿਸਟੀ ਦੇ ਮਾਲਕ ਮਿਤ੍ਰ ਵਾਹਿਗੁਰੂ ਜੀਓ! ਤੂੰ ਸਾਡੇ ਨਾਲ (ਅੰਗ ਸੰਗ ਪ੍ਰਤੱਖ ਹੋ ਕੇ) ਵੱਸ (ਵਸਦਾ ਤਾਂ ਨਾਲ ਹੀ ਹੈ, ਪਰ ਸਾਨੂੰ ਸਮਝ ਨਹੀਂ)।੧।ਰਹਾਉ।

ਤੁਝ ਬਿਨੁ ਘਰੀ ਨ ਜੀਵਨਾ, ਧ੍ਰਿਗੁ ਰਹਣਾ ਸੰਸਾਰਿ ॥ ਜੀਅ ਪ੍ਰਾਣ ਸੁਖ ਦਾਤਿਆ, ਨਿਮਖ ਨਿਮਖ ਬਲਿਹਾਰਿ ਜੀ ॥੧॥ ਤੈਥੋਂ ਬਿਨਾਂ ਇਕ ਘੜੀ ਵੀ ਨਹੀਂ ਜੀਵਿਆ ਜਾਂਦਾ, (ਤੈਥੋਂ ਵਿਛੜ ਕੇ) ਸੰਸਾਰ ਵਿਚ ਰਹਿਣਾ ਫਿਟਕਾਰ ਯੋਗ ਹੈ।ਹੇ ਜੀਵਾਂ ਨੂੰ ਪ੍ਰਾਣ ਦੇਣ ਵਾਲੇ ਦਾਤੇ! ਹੇ ਸੁਖ ਦੇਣ ਵਾਲੇ ਵਾਹਿਗੁਰੂ! (ਮੈਂ ਤੈਥੋਂ) ਹਰੇਕ ਪਲ ਬਲਹਾਰ ਜਾਂਦਾ ਹਾਂ।੧।

ਹਸਤ ਅਲੰਬਨੁ ਦੇਹੁ ਪ੍ਰਭ, ਗਰਤਹੁ ਉਧਰੁ ਗੋਪਾਲ ॥ ਮੋਹਿ ਨਿਰਗੁਨ ਮਤਿ ਥੋਰੀਆ, ਤੂੰ ਸਦ ਹੀ ਦੀਨ ਦਇਆਲ ॥੨॥ ਹੇ ਪ੍ਰਭੂ! (ਮੈਨੂੰ ਅਪਣੇ) ਹੱਥਾਂ ਦਾ ਸਹਾਰਾ ਦੇਹ, ਹੇ ਗੋਪਾਲ! (ਮੈਨੂੰ ਸੰਸਾਰ ਰੂਪ) ਟੋਏ ਵਿਚੋਂ ਬਾਹਰ ਕੱਢ ਲੈ।ਮੈਂ ਗੁਣ ਹੀਣ ਹਾਂ ਤੇ (ਮੇਰੀ) ਮੱਤ ਥੋੜੀ ਹੈ (ਗੁਣਵਾਨ ਬਣਨ ਵਾਲੀ ਅਕਲ ਨਹੀਂ) ਅਤੇ ਤੂੰ ਸਦਾ ਹੀ ਗਰੀਬਾਂ ਉਪਰ ਦਇਆ ਕਰਨ ਵਾਲਾ ਹੈਂ।੨।

ਕਿਆ ਸੁਖ ਤੇਰੇ ਸੰਮਲਾ, ਕਵਨ ਬਿਧੀ ਬੀਚਾਰ ॥ ਸਰਣਿ ਸਮਾਈ ਦਾਸ ਹਿਤ, ਊਚੇ ਅਗਮ ਅਪਾਰ ॥੩॥ ਹੇ ਸਭ ਤੋਂ ਉਚੇ ਅਪਹੁੰਚ ਤੇ ਬੇਅੰਤ ਵਾਹਿਗੁਰੂ! ਹੇ ਸ਼ਰਣ ਵਿਚ ਆਇਆਂ ਨੂੰ ਸਹਾਰਾ ਦੇਣ ਵਾਲੇ ਵਾਹਿਗੁਰੂ! ਹੇ (ਅਪਣੇ) ਸੇਵਕਾਂ ਦੇ ਪਿਆਰੇ ਵਾਹਿਗੁਰੂ! ਤੇਰੇ (ਦਿਤੇ ਹੋਏ ਮੈਂ) ਕਿਹੜੇ ਕਿਹੜੇ ਸੁਖ ਯਾਦ ਕਰਾਂ? ਕਿਸ ਤਰੀਕੇ ਨਾਲ (ਉਨ੍ਹਾਂ ਸੁੱਖਾਂ ਦੀ) ਵਿਚਾਰ ਕਰਾਂ।੩।

ਸਗਲ ਪਦਾਰਥ ਅਸਟ ਸਿਧਿ, ਨਾਮ ਮਹਾ ਰਸ ਮਾਹਿ ॥ ਸੁਪ੍ਰਸੰਨ ਭਏ ਕੇਸਵਾ, ਸੇ ਜਨ ਹਰਿ ਗੁਣ ਗਾਹਿ ॥੪॥ (ਹੇ ਭਾਈ! ਦੁਨੀਆਂ ਦੇ) ਸਾਰੇ ਪਦਾਰਥ ਤੇ ਅੱਠ ਸਿੱਧੀਆਂ ਨਾਮ ਦੇ ਮਹਾਨ ਰਸ ਵਿਚ (ਮੌਜੂਦ) ਹਨ।(ਜਿਨ੍ਹਾਂ ਉਤੇ) ਕੇਸਵ ਵਾਹਿਗੁਰੂ ਚੰਗੀ ਤਰ੍ਹਾਂ ਪ੍ਰਸੰਨ ਹੁੰਦਾ ਹੈ, ਉਹ ਪੁਰਖ ਹੀ ਹਰੀ ਦੇ ਗੁਣ ਗਾਉਂਦੇ ਹਨ।੪।

ਮਾਤ ਪਿਤਾ ਸੁਤ ਬੰਧਪੋ, ਤੂੰ ਮੇਰੇ ਪ੍ਰਾਣ ਅਧਾਰ ॥ ਸਾਧ ਸੰਗਿ ਨਾਨਕੁ ਭਜੈ, ਬਿਖੁ ਤਰਿਆ ਸੰਸਾਰੁ ॥੫॥੧॥੧੧੬॥ (ਹੇ ਵਾਹਿਗੁਰੂ!) ਮਾਤਾ ਪਿਤਾ, ਪੁਤ੍ਰ, ਰਿਸ਼ਤੇਦਾਰ ਅਤੇ ਮੇਰੇ ਪ੍ਰਾਣਾਂ ਦਾ ਆਸਰਾ (ਸਭ ਕੁਛ) ਤੂੰ ਹੀ ਹੈਂ।ਸਾਧ ਸੰਗਤ ਵਿਚ ਨਾਨਕ (ਤੈਨੂੰ) ਜਪਦਾ ਹੈ, (ਕਿਉਂਕਿ ਜਿਸ ਨੇ ਤੈਨੂੰ ਜਪਿਆ ਹੈ, ਉਹ) ਵਿਖ ਰੂਪ ਸੰਸਾਰ ਸਮੁੰਦਰ ਤੋਂ ਤਰ ਗਿਆ ਹੈ।੫।੧।੧੧੬।

ਪਦਾਰਥ = ਦਯ-(ਦੈ ਬੋਲੋ) ਹੇ ਮੇਹਰ ਕਰਨ ਵਾਲੇ ਵਾਹਿਗੁਰੂ।ਗੁਸਾਈ-ਜਗਤ ਦਾ ਮਾਲਕ।ਮੀਤੁਲਾ-ਹੇ ਮਿਤ੍ਰ।ਬਾਸੁ-ਵੱਸ।੧। ਰਹਾਉ।ਘਰੀ-ਇਕ ਘੜੀ।ਧ੍ਰਿਗੁ-ਫਿਟਕਾਰ ਯੋਗ।ਨਿਮਖ-ਅੱਖ ਝਮਕਣ ਜਿੰਨਾ ਸਮਾਂ।ਬਲਿਹਾਰਿ-ਕੁਰਬਾਨ ਜਾਂਦਾ ਹਾਂ।੧।ਹਸਤ -ਹੱਥਾਂ ਦਾ।ਅਲੰਬਨ-ਆਸਰਾ।ਗਰਤਹੁ-ਟੋਏ ਵਿਚੋਂ।ਉਧਰੁ-(ਬਾਹਰ) ਕੱਢ ਲੈ; ਬਚਾ ਲੈ।ਮੋਹਿ-ਮੇਰੀ।ਨਿਰਗੁਨ-ਗੁਣ ਹੀਣ। ਮਤਿ-ਅਕਲ।ਥੋਰੀਆ-ਥੋੜੀ।ਦੀਨ ਦਇਆਲ-ਗਰੀਬਾਂ ਉਤੇ ਦਇਆ ਕਰਨ ਵਾਲਾ।੨।ਸੰਮਲਾ-ਯਾਦ ਕਰਾਂ।ਕਵਨ ਬਿਧੀ-ਕਿਸ ਤਰੀਕੇ ਨਾਲ।ਸਰਣਿ ਸਮਾਈ-ਸ਼ਰਣ ਵਿਚ ਆਉਣ ਵਾਲਿਆਂ ਨੂੰ ਨਾਲ ਮਿਲਾ ਲੈਣ ਵਾਲਾ; ਸਰਣਿ ਵਿਚ ਆਇਆਂ ਨੂੰ ਪਨਾਹ ਦੇਣ ਵਾਲਾ।ਦਾਸ ਹਿਤ-ਸੇਵਕਾਂ ਦਾ ਪਿਆਰਾ।ਅਗਮ-ਮਨ ਤੇ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ।ਅਪਾਰ-ਬੇਅੰਤ।੩।ਅਸਟ ਸਿਧਿ-ਅੱਠ ਸਿਧੀਆਂ (ਅਲੌਕਿਕ ਸ਼ਕਤੀਆਂ)।ਮਾਹਿ-ਵਿਚ।ਸੁਪ੍ਰਸੰਨ-ਬਹੁਤ ਖੁਸ਼।ਭਏ-ਹੁੰਦਾ ਹੈ।ਕੇਸਵਾ-ਲੰਬੇ ਕੇਸਾਂ ਵਾਲਾ ਹਰੀ।ਸੇ ਜਨ-ਉਹ ਪੁਰਖ।ਗਾਹਿ-ਗਾਉਂਦੇ ਹਨ।੪।ਸੁਤ-ਪੁਤ੍ਰ।ਬੰਧਪੋ-ਰਿਸਤੇਦਾਰ।ਭਜੈ-ਜਪਦਾ ਹੈ।ਬਿਖੁ-ਵਿਹੁ।੫।੧।੧੧੬।

ਗਉੜੀ ਬੈਰਾਗਣਿ ਰਹੋਏ ਕੇ ਛੰਤ ਕੇ ਘਰਿ ਮਃ ੫ ੧ੴ ਸਤਿਗੁਰ ਪ੍ਰਸਾਦਿ ॥

All Rights Reserved by Harjinder Singh Gyani | www.GuruGranthVakhyaan.org

ਹੈ ਕੋਈ ਰਾਮ ਪਿਆਰੋ ਗਾਵੈ ॥ ਸਰਬ ਕਲਿਆਣ ਸੂਖ ਸਚੁ ਪਾਵੈ ॥੧॥ਰਹਾਉ॥ ਕੋਈ ਰਾਮ ਦਾ ਪਿਆਰਾ ਹੈ? (ਜੋ ਉਸ ਨੂੰ) ਗਾਉਂਦਾ ਹੈ।(ਉਹ ਪੁਰਖ) ਸਾਰੇ ਸੁਖ ਅਨੰਦ ਮਾਣਦਾ ਹੈ ਅਤੇ (ਉਸ ਨੂੰ) ਸੱਚਾ ਪ੍ਰਭੂ ਪ੍ਰਾਪਤ ਹੋ ਜਾਂਦਾ ਹੈ।੧।ਰਹਾਉ।

ਬਨੁ ਬਨੁ ਖੋਜਤ ਫਿਰਤ ਬੈਰਾਗੀ ॥ ਬਿਰਲੇ ਕਾਹੂ ਏਕ ਲਿਵ ਲਾਗੀ ॥ ਜਿਨਿ ਹਰਿ ਪਾਇਆ ਸੇ ਵਡਭਾਗੀ ॥੧॥ (ਕਈ) ਵੈਰਾਗ ਵਾਨ ਹੋ ਕੇ (ਵਾਹਿਗੁਰੂ ਨੂੰ) ਜੰਗਲ ਜੰਗਲ ਲੱਭਦੇ ਫਿਰਦੇ ਹਨ।(ਪਰ) ਕਿਸੇ ਬਿਰਲੇ ਮਨੁੱਖ ਦੀ ਇਕ ਵਾਹਿਗੁਰੂ ਨਾਲ ਲਿਵ ਲੱਗੀ ਹੈ।(ਇਨ੍ਹਾਂ ਲਿਵ ਵਾਲਿਆਂ ਵਿਚੋਂ) ਜਿਨ੍ਹਾਂ ਨੇ ਹਰੀ ਨੂੰ ਪਾਇਆ ਹੈ, ਉਹ ਵੱਡੇ ਭਾਗਾਂ ਵਾਲੇ (ਪੁਰਖ) ਹਨ।੧।

ਬ੍ਰਹਮਾਦਿਕ ਸਨਕਾਦਿਕ ਚਾਹੈ ॥ ਜੋਗੀ ਜਤੀ ਸਿਧ ਹਰਿ ਆਹੈ ॥ ਜਿਸਹਿ ਪਰਾਪਤਿ ਸੋ ਹਰਿ ਗੁਣ ਗਾਹੈ ॥੨॥ ਬ੍ਰਹਮਾ ਆਦਿ ਸਾਰੇ ਦੇਵਤੇ ਅਤੇ ਸਨਕ ਆਦਿਕ ਚਾਰੇ ਭਾਈ (ਹਰੀ ਨੂੰ ਮਿਲਣਾ) ਚਾਹੁੰਦੇ ਹਨ।ਜੋਗੀ, ਜਤੀ ਅਤੇ ਚੁਰਾਸੀ ਸਿਧ ਵਾਹਿਗੁਰੂ (ਨੂੰ ਪ੍ਰਾਪਤ ਕਰਨਾ) ਲੋਚਦੇ ਹਨ।(ਪਰ) ਹਰੀ ਦੇ ਗੁਣ ਉਹ (ਮਨੁੱਖ) ਹੀ ਗਾਉਂਦਾ ਹੈ, ਜਿਸ ਨੂੰ (ਇਹ ਦਾਤ ਧੁਰੋਂ) ਪ੍ਰਾਪਤ ਹੋਈ ਹੈ (ਸੰ.ਪੋ.); ਹਰੀ ਦੇ ਗੁਣ ਉਹ ਮਨੁੱਖ ਗਾਉਂਦਾ ਹੈ, ਜਿਸ ਨੂੰ ਪੂਰਨ ਗੁਰੂ ਪ੍ਰਾਪਤ ਹੋਇਆ ਹੈ (ਸੰ.ਸ.; ਫ.ਸ.)।੨।

ਤਾ ਕੀ ਸਰਣਿ ਜਿਨ ਬਿਸਰਤ ਨਾਹੀ ॥ ਵਡਭਾਗੀ ਹਰਿ ਸੰਤ ਮਿਲਾਹੀ ॥ ਜਨਮ ਮਰਣ ਤਿਹ ਮੂਲੇ ਨਾਹੀ ॥੩॥ (ਹੇ ਭਾਈ!) ਉਨ੍ਹਾਂ ਦੀ ਸ਼ਰਣ ਵਿਚ ਆ ਜਾ, ਜਿਨ੍ਹਾਂ (ਸੰਤਾਂ ਨੂੰ ਵਾਹਿਗੁਰੂ) ਭੁਲਦਾ ਨਹੀਂ।(ਅਜੇਹੇ) ਸੰਤਾਂ ਨੂੰ ਵੱਡੇ ਭਾਗਾਂ ਵਾਲੇ (ਪੁਰਖ) ਹੀ ਮਿਲਦੇ ਹਨ।(ਕਿਉਂਕਿ) ਉਨ੍ਹਾਂ ਸੰਤਾਂ ਨੂੰ ਜਨਮ ਮਰਣ ਬਿਲਕੁਲ ਹੀ ਨਹੀਂ ਹੁੰਦਾ।੩।

ਕਰਿ ਕਿਰਪਾ ਮਿਲੁ ਪ੍ਰੀਤਮ ਪਿਆਰੇ ॥ ਬਿਨਉ ਸੁਨਹੁ ਪ੍ਰਭ ਊਚ ਅਪਾਰੇ ॥ ਨਾਨਕੁ ਮਾਂਗਤੁ ਨਾਮੁ ਅਧਾਰੇ ॥੪॥੧॥੧੧੭॥ ਹੇ ਪਿਆਰੇ ਪ੍ਰੀਤਮ ਪ੍ਰਭੂ! ਕ੍ਰਿਪਾ ਕਰ ਕੇ (ਮੈਨੂੰ) ਮਿਲ।ਹੇ ਸਭ ਤੋਂ ਉਚੇ ਤੇ ਬੇਅੰਤ ਪ੍ਰਭੂ! (ਮੇਰੀ) ਬੇਨਤੀ ਸੁਣ।ਨਾਨਕ (ਤੈਥੋਂ ਜੀਵਨ ਦਾ) ਆਸਰਾ ਨਾਮ ਮੰਗਦਾ ਹੈ।੪।੧।੧੧੭।

ਪਦਾਰਥ = ਸਰਬ-ਸਾਰੇ।ਕਲਿਆਣ-ਅਨੰਦ।ਸਚੁ-ਸੱਚ ਰੂਪ ਪ੍ਰਭੂ।੧।ਰਹਾਉ।ਬਨੁ ਬਨੁ-ਜੰਗਲ ਜੰਗਲ।ਬੈਰਾਗੀ-ਵੈਰਾਗਵਾਨ (ਜਗਤ ਦੇ ਪਦਾਰਥਾਂ ਨਾਲ ਜਿਸ ਦਾ ਪ੍ਰੇਮ ਨਹੀਂ)।ਕਾਹੂ-ਕਿਸੇ ਦੀ।੧।ਬ੍ਰਹਮਾਦਿਕ-ਬ੍ਰਹਮਾ ਤੇ ਹੋਰ ਦੇਵਤੇ।ਸਨਕਾਦਿਕ-ਸਨਤ, ਸਨੰਦਨ, ਸਨਾਤਨ ਤੇ ਸਨਤ ਕੁਮਾਰ (ਬ੍ਰਹਮਾ ਦੇ ਚਾਰੇ ਪੁਤ੍ਰ)।ਆਹੈ-ਚਾਹੁੰਦੇ ਹਨ।ਗਾਹੈ-ਗਾਉਂਦਾ ਹੈ।੨।ਤਾ ਕੀ-ਉਨ੍ਹਾਂ ਦੀ। ਮਿਲਾਹੀ-ਮਿਲਦੇ ਹਨ।ਤਿਹ-ਉਨ੍ਹਾਂ ਨੂੰ।ਮੂਲੇ-ਬਿਲਕੁਲ।੩।ਬਿਨਉ-ਬੇਨਤੀ।ਪ੍ਰਭ ਅਪਾਰੇ-ਹੇ ਬੇਅੰਤ ਪ੍ਰਭੂ।੪।੧।੧੧੬।

ਰਹੋਏ ਕੇ ਛੰਤ ਕੇ ਘਰਿ = ਇਹ ਵੀ ਇਕ ਵੈਸੀ ਸੂਚਨਾ ਹੈ, ਜਿਵੇਂ 'ਏਕੁ ਸੁਆਨ ਕੈ ਘਰਿ ਗਾਵਣਾ' ਅਤੇ 'ਪਹਰਿਆ ਕੈ ਘਰਿ ਗਾਵਣਾ' ਲਿਖਿਆ ਹੋਇਆ ਹੈ।ਪਰ ਗੁਰੂ ਗ੍ਰੰਥ ਸਾਹਿਬ ਵਿਚ 'ਰਹੋਏ ਕੇ ਛੰਤ' ਕਿਤੇ ਨਹੀਂ ਲਿਖੇ ਹੋਏ।ਪੁਰਾਣੇ ਸਮਿਆਂ ਵਿਚ ਪੰਜਾਬੀ ਇਸਤ੍ਰੀਆਂ ਸੰਗੀਤ ਵਿਦਿਆ ਵਿਚ ਨਿਪੁੰਨ ਹੁੰਦੀਆਂ ਸਨ।ਜਿਨਾਂ ਦੇ ਬਣਾਏ ਘੋੜੀਆਂ, ਸੁਹਾਗ ਅਤੇ ਵੈਣ ਆਦਿ ਅਜ ਵੀ ਉਨ੍ਹਾਂ ਹੀ ਲੈ ਤਾਲਾਂ ਵਿਚ ਗਾਏ ਜਾਂਦੇ ਹਨ, ਜਿਨ੍ਹਾਂ ਵਿਚ ਰਚੇ ਗਏ ਸਨ।ਕਿਸੇ ਤਰ੍ਹਾਂ ਵੀ ਤਾਲ ਬਦਲੇ ਨਹੀਂ ਗਏ, ਉਨ੍ਹਾਂ ਗੀਤਾਂ ਦੀ ਲੈ ਤਾਲ ਅਜ ਕਲ੍ਹ ਵੀ ਸੀਨਾ ਬਸੀਨਾ ਉਸੇ ਤਰ੍ਹਾਂ ਚਲੀ ਆ ਰਹੀ ਹੈ, ਜਿਵੇਂ ਪੁਰਾਣੇ ਸਮੇਂ ਵਿਚ ਗਾਈ ਜਾਂਦੀ ਸੀ (ਸੰ.ਪੋ.)।ਰਹੋਆ ਛੰਦ ਲੰਬੀ ਹੇਕ ਨਾਲ ਰਹਿ ਰਹਿ (ਟਿਕਾ ਟਿਕਾ) ਕੇ ਗਾਉਣ ਵਾਲੀ ਧਾਰਨਾ ਹੈ, ਜੋ ਵਿਆਹਾਂ ਸਮੇਂ, ਬੱਚੇ ਨੂੰ ਲੋਰੀ ਦੇਣ ਸਮੇਂ ਅਤੇ ਦੇਵ ਮੰਦਰਾਂ ਵਿਚ ਗਾਇਆ ਜਾਂਦਾ ਹੈ।ਇਸ ਛੰਦ ਵਿਚ ਲੰਬੀ ਹੇਕ ਤੋਂ ਇਲਾਵਾ ਟੇਕ ਵਾਲੀ ਤੁਕ ਵਾਰ ਵਾਰ ਗਾਈ ਜਾਂਦੀ ਹੈ।ਇਸ ਸ਼ਬਦ ਨੂੰ ਰਹੋਏ ਵਾਲੇ ਛੰਦ ਦੇ ਸੁਰ ਤਾਲ ਵਿਚ ਗਾਉਣ ਦੀ ਹਦਾਇਤ ਹੈ।

ਅੰਗ ੨੦੪ = ਰਾਗੁ ਗਉੜੀ ਪੂਰਬੀ ਮਹਲਾ ੫ ੴ ਸਤਿਗੁਰ ਪ੍ਰਸਾਦਿ ॥ ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ ॥੧॥ਰਹਾਉ॥ ਹੇ ਮੇਰੀ ਮਾਈ! (ਮੈਂ) ਕਿਹੜੇ ਗੁਣਾਂ ਕਰਕੇ ਅਪਣੇ ਪ੍ਰਾਣਾਂ ਦੇ ਮਾਲਕ ਵਾਹਿਗੁਰੂ ਨੂੰ ਮਿਲ ਸਕਾਂ?।੧।ਰਹਾਉ।

ਰੂਪ ਹੀਨ ਬੁਧਿ ਬਲ ਹੀਨੀ, ਮੋਹਿ ਪਰਦੇਸਨਿ ਦੂਰ ਤੇ ਆਈ ॥੧॥ (ਮੈਂ) ਸੁੰਦਰਤਾ ਤੋਂ ਹੀਣ ਹਾਂ, ਅਕਲ ਤੇ ਤਾਕਤ (ਜਾਂ ਬੁੱਧੀ ਦੇ ਬਲ) ਤੋਂ ਵੀ ਹੀਣ ਹਾਂ, ਮੈਂ ਪ੍ਰਦੇਸਣ ਹਾਂ ਤੇ ਦੂਰ ਤੋਂ ਚਲ ਕੇ ਆਈ ਹਾਂ।੧।

ਨਾਹਿਨ ਦਰਬੁ ਨ ਜੋਬਨ ਮਾਤੀ, ਮੋਹਿ ਅਨਾਥ ਕੀ ਕਰਹੁ ਸਮਾਈ ॥੨॥ (ਹੇ ਮੇਰੇ ਪ੍ਰਾਣਾਂ ਦੇ ਮਾਲਕ!) ਨਾ ਮੇਰੇ ਕੋਲ ਧਨ ਹੈ (ਜੋ ਮੈਂ ਭੇਟ ਕਰ ਸਕਾਂ) ਨਾ ਹੀ ਜੋਬਨ ਦੀ ਮਸਤੀ ਹੈ, ਮੈਂ ਅਨਾਥ ਦੀ (ਅਪਣੇ ਵਿਚ) ਲੀਨਤਾ ਕਰ ਲਵੋ ਜੀ ।੨।

All Rights Reserved by Harjinder Singh Gyani | www.GuruGranthVakhyaan.org

ਖੋਜਤ ਖੋਜਤ ਭਈ ਬੈਰਾਗਨਿ, ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ ॥੩॥ (ਪ੍ਰਭੂ ਨੂੰ ਮੈਂ) ਲੱਭਦੀ ਲੱਭਦੀ ਬੈਰਾਗਣ ਹੋ ਗਈ ਹਾਂ, ਪ੍ਰਭੂ ਦੇ ਦਰਸ਼ਨਾਂ ਨੂੰ ਮੈਂ ਤਿਹਾਈ ਫਿਰ ਰਹੀ ਹਾਂ (ਪ੍ਰਭੂ ਨੂੰ ਮਿਲ ਕੇ ਮਨ ਨੂੰ ਸ਼ਾਂਤ ਕਰਨਾ ਚਾਹੁੰਦੀ ਹਾਂ)।੩।

ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ, ਸਾਧ ਸੰਗਿ ਮੇਰੀ ਜਲਨਿ ਬੁਝਾਈ ॥੪॥੧॥੧੧੮॥ ਗੁਰੂ ਜੀ ਆਖਦੇ ਹਨ, ਕ੍ਰਿਪਾਲੂ ਪ੍ਰਭੂ ਗਰੀਬਾਂ ਉਪਰ ਦਇਆ ਕਰਨ ਵਾਲਾ ਹੈ, (ਜਿਸ ਪ੍ਰਭੂ ਨੇ) ਸਾਧ ਸੰਗਤ ਦੁਆਰਾ ਮੇਰੀ ਜਲਨ ਬੁਝਾ ਦਿਤੀ ਹੈ।੪।੧।੧੧੮।

ਪਦਾਰਥ = ਕਵਨ–ਕਿਹੜੇ।ਪ੍ਰਾਨਪਤਿ–ਪ੍ਰਾਣਾਂ ਦਾ ਮਾਲਕ ਵਾਹਿਗੁਰੂ।ਮਾਈ–ਹੇ ਮਾਂ।੧।ਰੂਪ ਹੀਨ–(ਮਾਨਸਿਕ) ਸੁੰਦਰਤਾ ਤੋਂ ਖਾਲੀ।ਬਲ–(ਆਤਮਕ) ਤਾਕਤ।ਮੋਹਿ–ਮੈਂ।ਦੂਰ ਤੇ–ਦੂਰ ਤੋਂ (ਅਨੇਕਾਂ ਜੂਨਾਂ ਦੇ ਸਫਰ ਤੋਂ ਲੰਘ ਕੇ)।੧।ਨਾਹਿਨ–ਨਹੀਂ।ਦਰਬੁ–(ਨਾਮ) ਧਨ।ਮਾਤੀ–ਮਸਤੀ ਹੋਈ।ਅਨਾਥ ਕੀ–ਗਰੀਬ ਦੀ; ਯਤੀਮ ਦੀ।ਕਰਹੁ ਸਮਾਈ–ਲੀਨਤਾ ਕਰੋ (ਜੋੜ ਲਵੋ)।੨।ਭਈ–ਹੋਈ ਹਾਂ।ਬੈਰਾਗਨਿ–ਵੈਰਾਗ ਵਾਲੀ (ਸੰਸਾਰਕ ਮੋਹ ਦੀ ਤਿਆਗਣ)।ਕਉ–ਨੂੰ; ਵਾਸਤੇ।ਹਉ–ਮੈਂ।ਤਿਸਾਈ–ਪਿਆਸੀ।੩।ਦੀਨ –ਗਰੀਬ।ਜਲਨ–(ਵਿਛੋੜੇ ਦੇ ਦੁਖ ਦੀ) ਸੜਨ; ਤਪਤ।ਬੁਝਾਈ–ਬੁਝਾ ਦਿਤੀ (ਮਨ ਠੰਢਾ ਠਾਰ ਕਰ ਦਿਤਾ)।੪।੧।੧੧੮।

ਵਿਆਖਿਆ = ਜਿਵੇਂ ਪਤੀ ਤੋਂ ਵਿਛੜੀ ਜਵਾਨ ਲੜਕੀ ਅਪਣੀ ਬਿਰਧ ਮਾਂ ਨੂੰ ਪੁਛਦੀ ਹੈ ਕਿ ਮੈਂ ਪਤੀ ਨੂੰ ਕਿਨ੍ਹਾਂ ਗੁਣਾਂ ਨਾਲ ਮਿਲ ਸਕਦੀ ਹਾਂ? ਪਹਿਲੀ ਤੁਕ ਵਿਚ ਜਗਿਆਸੂ ਇਸਤ੍ਰੀ ਦੇ ਰੂਪ ਵਿਚ ਗੁਰੂ ਨੂੰ ਮਾਤਾ ਰੂਪ ਜਾਣ ਕੇ ਪੁਛਦਾ ਹੈ ਕਿ ਮੇਰੇ ਵਿਚ ਕੋਈ ਗੁਣ ਨਹੀਂ।ਸੁੰਦਰ ਰੂਪ ਤੇ ਚੰਗੀ ਅਕਲ ਕਰਕੇ ਪਤੀ ਖੁਸ਼ ਹੁੰਦਾ ਹੈ, ਭਰਾਵਾਂ ਦਾ ਬਲ ਕਰਕੇ ਵੀ ਪਤੀ ਆਦਰ ਕਰਦਾ ਹੈ।ਮੇਰਾ ਮਨ ਸੁੰਦਰ (ਸਾਫ) ਨਹੀਂ, ਮੇਰੇ ਵਿਚ ਪਤੀ ਦੀ ਸੇਵਾ ਕਰਨ ਵਾਲੀ ਬੁਧੀ ਵੀ ਨਹੀ ਅਤੇ ਦੈਵੀ ਗੁਣਾਂ ਰੂਪ ਭਰਾਵਾਂ ਦਾ ਬਲ ਵੀ ਮੇਰੇ ਅੰਦਰ ਨਹੀਂ।ਮੈਂ ਪ੍ਰਦੇਸਨ ਹਾਂ (ਪ੍ਰਦੇਸ ਵਿਚ ਜਾ ਕੇ ਮਨੁੱਖ ਦੀ ਹਾਲਤ ਡਾਵਾਂ ਡੋਲ ਹੁੰਦੀ ਹੈ) ਮੈਂ ਸੰਸਾਰ ਵਿਚ ਵਾਹਿਗੁਰੂ ਦੇ ਦੇਸ਼ ਤੋਂ ਦੂਰ ਜਾਂ ਵਾਹਿਗੁਰੂ ਤੋਂ ਭੁੱਲੀ ਹੋਈ ਚੁਰਾਸੀ ਲੱਖ ਜੋਨੀਆਂ ਵਿਚੋਂ ਭਟਕ ਕੇ ਮਨੁੱਖਾ ਦੇਹ ਵਿਚ ਆਈ ਹਾਂ।ਮਾਪਿਆਂ ਤੋਂ ਮਿਲੇ ਧਨ ਨਾਲ ਵੀ ਪਤੀ ਖੁਸ਼ ਹੋ ਜਾਂਦਾ ਹੈ, ਜਵਾਨੀ ਦੀ ਮਸਤ ਅਵਸਥਾ ਤੇ ਵੀ ਪਤੀ ਖੁਸ਼ ਹੋ ਜਾਂਦਾ ਹੈ।ਪਰ ਮੇਰੇ ਕੋਲ ਤਾਂ ਨਾਮ ਰੂਪ ਧਨ ਨਹੀਂ, ਨਾ ਪ੍ਰੇਮ ਰੂਪ ਜਵਾਨੀ ਦੀ ਮਸਤੀ ਹੈ।ਮੈ ਯਤੀਮ ਹਾਂ, ਖਿਮਾ ਰੂਪ ਮਾਂ ਤੇ ਸੰਤੋਖ ਰੂਪ ਪਿਤਾ ਤੋਂ ਬਾਂਝੀ ਹਾਂ, ਇਸ ਲਈ ਆਪ ਹੀ ਮੇਹਰ ਕਰਕੇ ਅਪਣੇ ਨਾਲ ਮਿਲਾ ਲਵੋ।ਪਤੀ ਪ੍ਰਭੂ ਦੇ ਦਰਸ਼ਨਾਂ ਦੀ ਪਿਆਸੀ ਧਰਮ ਗ੍ਰੰਥਾਂ, ਜੰਗਲਾਂ, ਤੀਰਥਾਂ ਅਤੇ ਮਨ ਵਿਚ ਖੋਜ ਕਰਦਿਆਂ ਮੈਂ ਵੈਰਾਗਣ ਹੋ ਗਈ ਹਾਂ।ਵਾਹਿਗੁਰੂ ਨੇ ਮੇਰੀ ਅਰਦਾਸ ਸੁਣੀ, ਮੇਰੇ ਅਨਾਥ ਉਤੇ ਉਸਨੂੰ ਤਰਸ ਆਇਆ, ਸਾਧ ਸੰਗਤ ਦੁਆਰਾ ਮੇਰੇ ਵਿਛੋੜੇ ਦੀ ਤਪਸ਼ ਬੁਝਾ ਦਿਤੀ।ਮੇਰਾ ਮਨ ਸ਼ਾਂਤ ਹੋ ਗਿਆ।(ਟਕਸਾਲ ਦੀ ਟੇਪ ਦਾ ਸਾਰੰਸ਼)।

ਗਉੜੀ ਮਹਲਾ ੫ ॥ ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ॥ ਪਾਇ ਲਗਉ ਮੋਹਿ ਕਰਉ ਬੇਨਤੀ, ਕੋਊ ਸੰਤੁ ਮਿਲੈ ਬਡਭਾਗੀ ॥੧॥ਰਹਾਉ॥ (ਹੇ ਭਾਈ! ਮੇਰੇ) ਮਨ ਵਿਚ ਪ੍ਰਭੂ ਨੂੰ ਮਿਲਣ ਲਈ ਪ੍ਰੀਤ ਲੱਗ ਗਈ ਹੈ।(ਜੇ ਮੈਨੂੰ) ਕੋਈ ਵੱਡੇ ਭਾਗਾਂ ਵਾਲਾ ਸੰਤ ਮਿਲ ਜਾਵੇ, (ਤਾਂ ਮੈ ਉਸ ਸੰਤ) ਦੇ ਚਰਨੀ ਲੱਗਾਂ ਤੇ ਮੈਂ ਬੇਨਤੀ ਕਰਾਂ (ਕਿ ਮੈਨੂੰ ਪ੍ਰਭੂ ਮਿਲਾ ਦਿਓ)।੧।ਰਹਾਉ।

ਮਨੁ ਅਰਪਉ ਧਨੁ ਰਾਖਉ ਆਗੈ, ਮਨ ਕੀ ਮਤਿ ਮੋਹਿ ਸਗਲ ਤਿਆਗੀ ॥ ਜੋ ਪ੍ਰਭ ਕੀ ਹਰਿ ਕਥਾ ਸੁਨਾਵੈ, ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ ॥੧॥ (ਸੰਤ ਗੁਰੂ ਦੀ ਸਿੱਖਿਆ ਲੈਣ ਲਈ) ਮੈਂ ਮਨ ਮੱਤ ਵੀ ਸਾਰੀ ਛਡ ਦਿਤੀ ਹੈ, (ਮਨ ਦੀ ਮੱਤ ਛਡ ਕੇ ਮੈਂ ਉਸ ਦੇ) ਅੱਗੇ ਮਨ ਅਰਪਣ ਕਰ ਦਿਆਂ, ਧਨ ਵੀ ਅੱਗੇ ਰੱਖ ਦਿਆਂ।ਜਿਹੜਾ (ਸੰਤ ਮੈਨੂੰ) ਹਰੀ ਦੀ ਕਥਾ ਸੁਣਾਵੇ, ਮੈਂ ਦਿਨ ਰਾਤ ਉਸ ਦੇ ਪਿੱਛੇ ਵੈਰਾਗ ਵਾਨ (ਉਪਰਾਮ) ਹੋ ਕੇ ਫਿਰਦੀ ਰਹਾਂ (ਉਸ ਦੇ ਦੱਸੇ ਰਸਤੇ ਤੇ ਚੱਲਾਂ)।੧।

ਪੂਰਬ ਕਰਮ ਅੰਕੁਰ ਜਬ ਪ੍ਰਗਟੇ, ਭੇਟਿਓ ਪੁਰਖੁ ਰਸਿਕ ਬੈਰਾਗੀ ॥ ਮਿਟਿਓ ਅੰਧੇਰੁ ਮਿਲਤ ਹਰਿ ਨਾਨਕ, ਜਨਮ ਜਨਮ ਕੀ ਸੋਈ ਜਾਗੀ ॥੨॥੨॥੧੧੯॥ ਜਦ ਪਿਛਲੇ ਜਨਮਾਂ ਦੇ ਸ਼ੁੱਭ ਕਰਮਾਂ ਦਾ ਅੰਗੁਰ ਪ੍ਰਗਟਿਆ (ਫੁੱਟਿਆ, ਭਾਗ ਜਾਗ ਪਏ, ਤਾਂ) ਰਸ ਮਾਨਣ ਵਾਲਾ ਨਿਰਲੇਪ ਗੁਰੂ ਪੁਰਖ ਮਿਲ ਗਿਆ।ਹੇ ਨਾਨਕ! (ਗੁਰੂ ਦੀ ਕ੍ਰਿਪਾ ਨਾਲ) ਹਰੀ ਦੇ ਮਿਲਦਿਆਂ ਹੀ ਅਗਿਆਨਤਾ ਦਾ ਹਨ੍ਹੇਰਾ ਮਿਟ ਗਿਆ ਤੇ ਜਨਮਾਂ ਜਨਮਾਂਤਰਾਂ ਦੀ ਮੈਂ ਸੁੱਤੀ ਹੋਈ (ਮਾਇਆ ਦੇ ਮੋਹ ਦੀ ਨੀਂਦ ਵਿਚੋਂ) ਜਾਗ ਪਈ ਹਾਂ।੨।੨।੧੧੯।

ਪਦਾਰਥ = ਮਿਲਬੇ ਕਉ–ਮਿਲਣ ਵਾਸਤੇ।ਲਾਗੀ–ਲਗ (ਪੈਦਾ ਹੋ) ਗਈ ਹੈ।ਪਾਇ–ਪੈਰੀਂ।ਲਗਉ–ਮੈਂ ਲੱਗਾਂ।ਮੋਹਿ–ਮੈਂ।ਕੋਊ–ਕੋਈ।੧।ਰਹਾਉ।ਅਰਪਉ–ਭੇਟ ਕਰ ਦਿਆਂ।ਮੋਹਿ–ਮੈਂ।ਵਿਰਾਗੀ–ਬੈਰਾਗਣ ਹੋ ਕੇ।੧।ਪੂਰਬ ਕਰਮ–ਪਿਛਲੇ ਜਨਮਾਂ ਵਿਚ ਕੀਤੇ

www.gurugranthvakhyaan.org

ਕਰਮਾਂ ਦੇ ਸੰਸਕਾਰ। ਅੰਕੁਰ–ਬੀਜ ਵਿਚੋਂ ਨਿਕਲੀ ਕਰੂੰਬਲ (ਭਾਗ; ਨਸੀਬ)। ਪ੍ਰਗਟੇ–ਫੁੱਟ ਪਏ (ਨਿਕਲੇ); ਜਾਗ ਪਏ। ਭੇਟਿਓ–ਮਿਲ ਗਿਆ। ਰਸਿਕ ਬੈਰਾਗੀ–(ਗ੍ਰਿਹਸਤ ਵਿਚ ਰਹਿ ਕੇ) ਰਸ ਮਾਨਣ ਵਾਲਾ ਨਿਰਲੇਪ (ਗੁਰੂ ਰਾਮਦਾਸ)। ਅੰਧੇਰੁ–(ਅਗਿਆਨ ਦਾ) ਹਨ੍ਹੇਰਾ। ਮਿਲਤ–ਮਿਲਦਿਆਂ। ਸੋਈ–ਸੁੱਤੀ ਹੋਈ। ਜਾਗੀ–ਜਾਗ ਪਈ (ਗਿਆਨ ਅਵਸਥਾ ਵਿਚ)।੨।੨।੧੧੯।

ਗਉੜੀ ਮਹਲਾ ੫ ॥ ਨਿਕਸੁ ਰੇ ਪੰਖੀ ਸਿਮਰਿ ਹਰਿ ਪਾਂਖ ॥ ਮਿਲਿ ਸਾਧੂ ਸਰਣਿ ਗਹੁ ਪੂਰਨ, ਰਾਮ ਰਤਨੁ ਹੀਅਰੇ ਸੰਗਿ ਰਾਖੁ ॥੧॥ਰਹਾਉ॥ ਹੇ ਜੀਵ ਰੂਪ ਪੰਛੀ! (ਤੂੰ) ਹਰੀ ਦਾ ਸਿਮਰਨ ਕਰ, (ਸਿਮਰਨ ਦੇ) ਖੰਭਾਂ ਦੀ ਮੱਦਦ ਨਾਲ (ਮੋਹ ਮਾਇਆ ਦੇ ਜਾਲ ਵਿਚੋਂ) ਨਿਕਲ ਜਾ। (ਇਸ ਜਾਲ ਵਿਚੋਂ ਨਿਕਲ ਕੇ) ਸਾਧੂ ਗੁਰੂ ਨੂੰ ਮਿਲ ਤੇ ਪਰੀ ਪੂਰਨ ਪ੍ਰਭੂ ਦੀ ਸ਼ਰਨ ਪਕੜ, ਪ੍ਰਮਾਤਮਾ ਦਾ ਨਾਮ ਰਤਨ ਹਿਰਦੇ ਨਾਲ (ਲਗਾ ਕੇ) ਰੱਖ।੧।ਰਹਾਉ।

ਭ੍ਰਮ ਕੀ ਕੂਈ ਤ੍ਰਿਸਨਾ ਰਸ ਪੰਕਜ, ਅਤਿ ਤੀਖ੍ਣ ਮੋਹ ਕੀ ਫਾਸ ॥ ਕਾਟਨਹਾਰ ਜਗਤ ਗੁਰ ਗੋਬਿਦ, ਚਰਨ ਕਵਲ ਤਾ ਕੇ ਕਰਹੁ ਨਿਵਾਸ ॥੧॥ (ਹੇ ਭਾਈ! ਸੰਸਾਰ) ਭਰਮ ਦੀ ਖੂਹੀ ਹੈ, (ਖੂਹੀ ਵਿਚ ਪਦਾਰਥਾਂ ਦੇ) ਸਵਾਦਾਂ ਦੀ ਤ੍ਰਿਸ਼ਨਾ ਚਿੱਕੜ ਹੈ ਅਤੇ ਮੋਹ ਦੀ ਫਾਹੀ ਬਹੁਤ ਤੇਜ ਹੈ। (ਮੋਹ ਦੀ ਫਾਹੀ ਨੂੰ) ਕੱਟਣਵਾਲਾ ਜਗਤ ਗੁਰੂ ਪ੍ਰਮਾਤਮਾ ਹੈ, ਉਸਦੇ ਚਰਨ ਕੰਵਲਾਂ ਵਿਚ ਨਿਵਾਸ ਕਰ।੧।

ਕਰਿ ਕਿਰਪਾ ਗੋਬਿੰਦ ਪ੍ਰਭ ਪ੍ਰੀਤਮ, ਦੀਨਾ ਨਾਥ ਸੁਨਹੁ ਅਰਦਾਸਿ ॥ ਕਰੁ ਗਹਿ ਲੇਹੁ ਨਾਨਕ ਕੇ ਸੁਆਮੀ, ਜੀਉ ਪਿੰਡੁ ਸਭੁ ਤੁਮਰੀ ਰਾਸਿ ॥੨॥੩॥੧੨੦॥ (ਹੁਣ ਜੀਵਾਂ ਵਾਸਤੇ ਅਰਦਾਸ ਕਰਦੇ ਹਨ) ਹੇ ਗੋਬਿੰਦ! ਹੇ ਪ੍ਰੀਤਮ ਪ੍ਰਭੂ! ਹੇ ਗਰੀਬਾਂ ਦੇ ਮਾਲਕ! ਕ੍ਰਿਪਾ ਕਰਕੇ (ਮੇਰੀ) ਅਰਦਾਸ ਸੁਣੋ ਜੀ। ਹੇ ਨਾਨਕ ਦੇ ਮਾਲਕ! ਮੇਰਾ ਸਰੀਰ ਤੇ ਜਿੰਦ (ਤੇਰੀ ਬਖਸ਼ੀ ਹੋਈ) ਪੂੰਜੀ ਹੈ, (ਮੇਰਾ ਮਨ ਰੂਪ) ਹੱਥ ਫੜ ਲੈ (ਇਸ ਨੂੰ ਮੋਹ ਦੇ ਚਿਕੜ ਵਿਚੋਂ ਬਾਹਰ ਕੱਢ ਲੈ)।੨।੩।੧੨੦।

ਪਦਾਰਥ = ਨਿਕਸੁ–(ਬਾਹਰ) ਨਿਕਲ। ਰੇ–ਹੇ। ਪਾਂਖ–ਖੰਭ। ਗਹੁ–ਪਕੜ।੧।ਰਹਾਉ। ਕੂਈ–ਛੋਟਾ ਖੂਹ (ਛੱਪੜ, ਜਿੱਥੇ ਪੰਛੀ ਆ ਉਤਰਦੇ ਹਨ)। ਰਸ–ਸਵਾਦ। ਪੰਕਜ–ਚਿਕੜ। ਅਤਿ–ਬਹੁਤ। ਤੀਖ੍ਣ–ਤੇਜ; ਪੱਕੀ (ਨਾ ਟੁੱਟਣ ਵਾਲੀ)। ਫਾਸ–ਫਾਹੀ; ਜਾਲ। ਤਾ ਕੇ –ਉਸ ਦੇ।੧। ਦੀਨਾ ਨਾਥ–ਗਰੀਬਾਂ ਦਾ ਮਾਲਕ। ਕਰੁ–ਹੱਥ। ਗਹਿ ਲੇਹੁ–ਫੜ ਲੈ। ਜੀਉ–ਜਿੰਦ। ਰਾਸਿ–ਪੂੰਜੀ।੨।੩।੧੨੦।

ਵਿਆਖਿਆ = ਇਸ ਸ਼ਬਦ ਰਾਹੀਂ ਬੇਸਮਝ ਮਨੁੱਖ ਨੂੰ ਉਪਦੇਸ਼ ਦਿਤਾ ਹੈ। ਇਕ ਨਦੀ ਦੇ ਲਾਗੇ ਨੀਵੀਂ ਥਾਂ ਤੇ ਛੱਪੜੀ ਹੈ, ਜਿਸ ਵਿਚ ਨਦੀ ਵਿਚੋਂ ਰਿਸ ਰਿਸ ਕੇ ਪਾਣੀ ਭਰ ਜਾਂਦਾ ਹੈ। ਛਪੜੀ ਦੇ ਦੁਆਲੇ ਚਿਕੜ ਵੀ ਕਾਫੀ ਹੈ, ਕੋਈ ਪੰਛੀ ਇਸ ਚਿਕੜ ਵਿਚੋਂ ਫਿਰ ਤੁਰ ਕੇ ਚੋਗ ਭਾਲਦਾ ਹੈ। ਇਥੇ ਫੰਧਕ ਨੇ ਪੰਛੀਆਂ ਨੂੰ ਫਸਾਉਣ ਲਈ ਜਾਲ ਵੀ ਲਾਇਆ ਹੋਇਆ ਹੈ। ਜੀਵ ਨੂੰ ਭਰਮ ਵਿਚ ਦੁਖੀ ਹੁੰਦਾ ਦੇਖ ਕੇ ਉਪਦੇਸ਼ ਦਿੰਦੇ ਹਨ ਕਿ ਤੈਨੂੰ ਪਦਾਰਥ ਸਦੀਵੀ ਦਿਸਦੇ ਹਨ, ਤੂੰ ਉਨ੍ਹਾਂ ਦੀ ਪ੍ਰਾਪਤੀ ਦੀ ਤ੍ਰਿਸ਼ਨਾ ਵਿਚ ਹੈਂ। ਪ੍ਰਵਾਰ ਦਾ ਵੀ ਮੋਹ ਹੈ, ਇਹ ਸਭ ਭਰਮ ਵਾਲੀ ਹਾਲਤ ਹੈ। ਨਾਮ ਦੇ ਖੰਭ ਲਾ ਕੇ ਭਰਮ ਦੇ ਜਾਲ ਵਿਚੋਂ ਨਿਕਲ ਜਾ। ਨਾਮ ਦੀ ਪ੍ਰਾਪਤ ਲਈ ਗੁਰੂ ਨੂੰ ਮਿਲ ਅਤੇ ਗੁਰੂ ਦੇ ਚਰਨਾਂ ਵਿਚ ਟਿਕਿਆ ਰਹੁ। ਅਖੀਰ ਵਿਚ ਜੀਵਾਂ ਲਈ ਅਰਦਾਸ ਕਰਦੇ ਹਨ ਕਿ ਹੇ ਵਾਹਿਗੁਰੂ! ਜੀਵ ਤੇਰੇ ਹਨ, ਸਰੀਰ ਵੀ ਤੇਰੇ ਹਨ, ਮੇਹਰ ਕਰਕੇ ਇਨ੍ਹਾਂ ਦਾ ਹੱਥ ਫੜ ਕੇ ਮੋਹ ਦੇ ਚਿਕੜ ਵਿਚ ਕੱਢ ਲੈ।

ਗਉੜੀ ਮਹਲਾ ੫ ॥ ਹਰਿ ਪੇਖਨ ਕਉ ਸਿਮਰਤ ਮਨੁ ਮੇਰਾ ॥ ਆਸ ਪਿਆਸੀ ਚਿਤਵਉ ਦਿਨੁ ਰੈਨੀ, ਹੈ ਕੋਈ ਸੰਤੁ ਮਿਲਾਵੈ ਨੇਰਾ ॥੧॥ਰਹਾਉ॥ ਹਰੀ ਦੇ ਦਰਸਨ ਕਰਨ ਵਾਸਤੇ ਮੇਰਾ ਮਨ (ਉਸ ਨੂੰ) ਸਿਮਰਦਾ ਹੈ। (ਦਰਸ਼ਨ ਦੀ) ਆਸ ਵਿਚ ਪਿਆਸੀ ਹੋਈ ਦਿਨ ਰਾਤ (ਹਰੀ ਨੂੰ) ਯਾਦ ਕਰਦੀ ਰਹਿੰਦੀ ਹਾਂ, ਕੋਈ ਸੰਤ ਹੈ? (ਜੋ ਹਰੀ ਨਾਲ) ਨੇੜਿਓਂ ਹੀ ਮਿਲਾ ਦੇਵੇ।੧।ਰਹਾਉ।

ਸੇਵਾ ਕਰਉ ਦਾਸ ਦਾਸਨ ਕੀ, ਅਨਿਕ ਭਾਂਤਿ ਤਿਸੁ ਕਰਉ ਨਿਹੋਰਾ ॥ ਤੁਲਾ ਧਾਰ ਤੋਲੇ ਸੁਖ ਸਗਲੇ, ਬਿਨੁ ਹਰਿ ਦਰਸ ਸਭੋ ਹੀ ਥੋਰਾ ॥੧॥ (ਜੇ ਐਸਾ ਸੰਤ ਮਿਲ ਜਾਵੇ ਤਾਂ ਮੈਂ ਉਸ ਦੇ) ਦਾਸਾਂ ਦੇ ਦਾਸਾਂ ਦੀ ਸੇਵਾ ਕਰਾਂ ਅਤੇ ਉਸ ਅੱਗੇ ਅਨੇਕਾਂ ਤਰ੍ਹਾਂ ਦੀਆਂ ਬੇਨਤੀਆਂ ਕਰਾਂ। (ਹੇ ਭਾਈ! ਮੈਂ ਬੁੱਧੀ ਰੂਪ) ਤੱਕੜੀ ਉਤੇ ਧਰ ਕੇ (ਵਿਚਾਰ ਰੂਪ ਵੱਟੇ ਨਾਲ) ਸਾਰੇ ਸੁਖ ਤੋਲੇ ਹਨ, (ਬਿਬੇਕ ਬੁੱਧੀ ਨਾਲ ਵਿਚਾਰ ਕੇ ਦੇਖ ਲਏ ਹਨ, ਪਰ) ਸਾਰੇ ਸੁਖ ਵਾਹਿਗੁਰੂ ਦੇ ਦਰਸ਼ਨ ਤੋਂ ਬਿਨਾ ਥੋੜੇ (ਤੁੱਛ) ਹਨ।੧।

ਸੰਤ ਪ੍ਰਸਾਦਿ ਗਾਏ ਗੁਨ ਸਾਗਰ, ਜਨਮ ਜਨਮ ਕੋ ਜਾਤ ਬਹੋਰਾ ॥ ਆਨਦ ਸੂਖ ਭੇਟਤ ਹਰਿ ਨਾਨਕ, ਜਨਮੁ ਕ੍ਰਿਤਾਰਥੁ ਸਫਲੁ ਸਵੇਰਾ ॥੨॥੪॥੧੨੧॥ (ਜਦ ਮੈਂ) ਸੰਤਾਂ ਦੀ ਕ੍ਰਿਪਾ ਨਾਲ ਗੁਣਾਂ ਦੇ ਸਮੁੰਦਰ ਪ੍ਰਭੂ ਦੇ ਗੁਣ ਗਾਏ, (ਤਾਂ ਪ੍ਰਭੂ ਨੇ) ਜਨਮ ਜਨਮ ਦੇ

ਗੇੜ ਵਿਚ ਜਾਂਦੇ ਨੂੰ ਮੋੜ ਲਿਆਂਦਾ (ਜਨਮ ਮਰਨ ਤੋਂ ਬਚਾ ਲਿਆ)। ਹੇ ਨਾਨਕ! ਹਰੀ ਨੂੰ ਮਿਲਦਿਆਂ ਹੀ ਅਨੰਦ ਤੇ ਸੁਖ ਮਿਲ ਗਏ ਅਤੇ ਮਨੁੱਖਾ ਜਨਮ ਦਾ ਮਨੋਰਥ ਪੂਰਨ ਤੇ ਸਮੇਂ ਸਿਰ ਸਫਲ ਹੋ ਗਿਆ।੨।੪।੧੨੧।

ਪਦਾਰਥ = ਪੇਖਨ ਕਉ-ਦੇਖਣ (ਦਰਸ਼ਨ ਕਰਨ) ਵਾਸਤੇ। ਚਿਤਵਉ-ਯਾਦ ਕਰਦੀ ਹਾਂ। ਰੈਨੀ-ਰਾਤ। ਨੇਰਾ-ਨੇੜਿਓਂ ਹੀ।੧। ਕਰਉ -ਮੈਂ ਕਰਾਂ। ਨਿਹੋਰਾ-ਤਰਲੇ ਭਰੀ ਪ੍ਰਾਰਥਨਾ; ਅਹਿਸਾਨ। ਤੁਲਾ-ਤੱਕੜੀ। ਧਾਰਿ-ਰੱਖ ਕੇ। ਸਗਲੇ-ਸਾਰੇ। ਥੋਰਾ-ਤੁੱਛ; ਘੱਟ; ਹੌਲੇ।੧ ।ਗੁਨ ਸਾਗਰ-ਗੁਣਾਂ ਦਾ ਸਮੁੰਦਰ ਪ੍ਰਭੂ। ਜਾਤ-ਜਾਂਦਾ। ਬਹੋਰਾ-ਮੋੜ ਲਿਆਂਦਾ। ਭੇਟਤ-ਮਿਲਿਆਂ। ਕ੍ਰਿਤਾਰਥੁ-ਮਨੋਰਥ ਪੂਰਾ ਹੋ ਗਿਆ। ਸਵੇਰਾ-ਸਮੇਂ ਸਿਰ; ਸੋਹਣਾ ਵੇਲਾ; ਸ਼ੁੱਭ ਸਮੇਂ।੨।੪।੧੨੧।

ਰਾਗੁ ਗਉੜੀ ਪੂਰਬੀ ਮਹਲਾ ੫ ੴ ਸਤਿਗੁਰ ਪ੍ਰਸਾਦਿ ॥ ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥ ਕੋਈ ਐਸਾ ਸੰਤੁ ਸਹਜ ਸੁਖ ਦਾਤਾ, ਮੋਹਿ ਮਾਰਗੁ ਦੇਇ ਬਤਾਈ ॥੧॥ਰਹਾਉ॥ (ਹੇ ਸੰਤ ਜੀ!) ਮੇਰਾ ਪ੍ਰਭੂ ਮਾਲਕ ਕਿਨ੍ਹਾਂ ਤਰੀਕਿਆਂ ਨਾਲ ਮਿਲ ਸਕਦਾ ਹੈ? ਆਤਮ ਸੁਖ ਦਾ ਦਾਤਾ ਕੋਈ ਐਸਾ ਸੰਤ ਹੋਵੇ, ਜੋ ਮੈਨੂੰ (ਪ੍ਰਭੂ ਮਿਲਣ ਦਾ) ਰਸਤਾ ਦਸ ਦੇਵੇ।੧।ਰਹਾਉ।

ਅੰਗ ੨੦੫ = ਅੰਤਰਿ ਅਲਖੁ ਨ ਜਾਈ ਲਖਿਆ, ਵਿਚਿ ਪੜਦਾ ਹਉਮੈ ਪਾਈ ॥ ਮਾਇਆ ਮੋਹਿ ਸਭੋ ਜਗੁ ਸੋਇਆ, ਇਹੁ ਭਰਮੁ ਕਹਹੁ ਕਿਉ ਜਾਈ ॥੧॥ ਅਦ੍ਰਿਸਟ ਵਾਹਿਗੁਰੂ (ਹਰੇਕ ਜੀਵ ਦੇ) ਅੰਦਰ ਹੀ ਵਸਦਾ ਹੈ, (ਪਰ ਜੀਵਾਂ ਪਾਸੋਂ) ਜਾਣਿਆ ਨਹੀਂ ਜਾਂਦਾ, (ਕਿਉਂਕਿ ਜੀਵ ਤੇ ਪ੍ਰਭੂ ਦੇ) ਵਿਚਾਲੇ ਹਉਮੈ ਦਾ ਪੜਦਾ ਪਿਆ ਹੋਇਆ ਹੈ; (ਜੀਵ ਦੇ ਅੰਦਰ ਜੋ) ਹਉਮੈ ਪਾਈ ਹੈ, ਉਹ ਪੜਦਾ ਹੈ (ਜਿਸ ਕਰਕੇ ਜੀਵ ਪ੍ਰਭੂ ਨੂੰ ਜਾਣ ਨਹੀਂ ਸਕਦਾ)। ਮਾਇਆ ਦੇ ਮੋਹ ਵਿਚ ਸਾਰਾ ਜਗਤ ਸੁੱਤਾ ਪਿਆ ਹੈ, (ਪ੍ਰਸ਼ਨ = ਹੇ ਸੰਤ ਰੂਪ ਗੁਰੂ ਜੀ!) ਦੱਸੋ ਇਹ ਭਰਮ ਕਿਵੇਂ ਜਾਵੇ (ਦੂਰ ਹੋਵੇ)?।੧।

ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ, ਮਿਲਿ ਬਾਤ ਨ ਕਰਤੇ ਭਾਈ ॥ ਏਕ ਬਸਤੁ ਬਿਨੁ ਪੰਚ ਦੁਹੇਲੇ, ਓਹ ਬਸਤੁ ਅਗੋਚਰ ਠਾਈ ॥੨॥ ਜੀਵਾਤਮਾ ਤੇ ਪ੍ਰਮਾਤਮਾ ਦੀ ਇਕੋ ਸੰਗਤ ਹੈ ਅਤੇ ਇਕ ਹੀ ਸਰੀਰ ਵਿਚ ਵਸਦੇ ਹਨ, ਪਰ ਹੇ ਭਾਈ! ਉਹ ਆਪਸ ਵਿਚ ਗਲ ਨਹੀਂ ਕਰਦੇ (ਕਿਉਂਕਿ ਦੋਹਾਂ ਵਿਚਾਲੇ ਹਉਮੈ ਦਾ ਪੜਦਾ ਹੈ); ਇਕ ਚੇਤਨ ਸੱਤਾ ਦੀ ਸੰਗਤ ਨਾਲ ਇੰਦ੍ਰੇ ਕੰਮ ਕਰਦੇ ਹਨ (ਚੇਤਨ ਦੀ ਸੱਤਾ ਤੋਂ ਬਿਨਾ ਇੰਦ੍ਰੇ ਜੜ੍ਹ ਹਨ), ਇਕ ਹੀ ਸਰੀਰ ਵਿਚ ਵਸਦੇ ਹਨ, ਪਰ ਚੇਤਨ ਨਾਲ ਮਿਲਣ ਦੀ ਗੱਲ ਨਹੀਂ ਕਰਦੇ, ਕਿਉਂਕਿ ਆਪੋ ਅਪਣੇ ਵਿਸ਼ਿਆਂ ਵਿਚ ਲੱਗੇ ਹੋਏ ਹਨ (ਸੰ.ਸ.; ਫ.ਸ.; ਟਕਸਾਲ)। ਇਕ ਨਾਮ ਵਸਤੂ ਤੋਂ ਬਿਨਾ (ਜੀਵ ਦੇ) ਪੰਜੇ ਗਿਆਨ ਇੰਦ੍ਰੇ ਦੁਖੀ ਰਹਿੰਦੇ ਹਨ, (ਕਿਉਂਕਿ) ਉਹ ਨਾਮ ਵਸਤੂ ਅਜੇਹੀ ਥਾਂ ਤੇ ਪਈ ਹੈ, (ਜਿਥੇ) ਇੰਦਰਿਆਂ ਦੀ ਪਹੁੰਚ ਨਹੀਂ।੨।

ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ, ਕੁੰਜੀ ਗੁਰ ਸਉਪਾਈ ॥ ਅਨਿਕ ਉਪਾਵ ਕਰੇ ਨਹੀ ਪਾਵੈ, ਬਿਨੁ ਸਤਿਗੁਰ ਸਰਣਾਈ ॥੩॥ ਜਿਸ ਹਰੀ ਦਾ ਰਚਿਆ ਇਹ ਸਰੀਰ ਘਰ ਹੈ, ਉਸ ਨੇ ਭਰਮ ਰੂਪ ਜਿੰਦਾ ਲਗਾ ਦਿਤਾ ਹੈ (ਅਤੇ ਜਿੰਦੇ ਨੂੰ ਖੋਲ੍ਹਣ ਦੀ) ਚਾਬੀ ਗੁਰੂ ਨੂੰ ਸੌਂਪੀ ਹੋਈ ਹੈ।(ਜੀਵ ਭਾਵੇਂ ਕਰਮ ਕਾਂਡ ਦੇ) ਅਨੇਕਾਂ ਜਤਨ ਕਰਦਾ ਰਹੇ, ਸਤਿਗੁਰੂ ਦੀ ਸ਼ਰਣ ਲਏ ਬਿਨਾ (ਉਹ ਕੁੰਜੀ ਜਾਂ ਨਾਮ ਰੂਪ ਵਸਤੂ) ਨਹੀਂ ਪਾ ਸਕਦਾ।੩। ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ, ਗੁਰੁ ਪੂਰੈ ਭਾਗਿ ਮਿਲਾਵਣਿਆ।(੧੨੪)

ਜਿਨ ਕੇ ਬੰਧਨ ਕਾਟੇ ਸਤਿਗੁਰ, ਤਿਨ ਸਾਧ ਸੰਗਤਿ ਲਿਵ ਲਾਈ ॥ ਪੰਚ ਜਨਾ ਮਿਲਿ ਮੰਗਲੁ ਗਾਇਆ, ਹਰਿ ਨਾਨਕ ਭੇਦੁ ਨ ਭਾਈ ॥੪॥ ਜਿਨ੍ਹਾਂ (ਪੁਰਖਾਂ) ਦੇ ਬੰਧਨ ਸਤਿਗੁਰੂ ਨੇ ਕੱਟ ਦਿਤੇ ਹਨ, ਉਨ੍ਹਾਂ ਨੇ ਸਾਧ ਸੰਗਤ ਦੁਆਰਾ (ਪ੍ਰਭੂ ਨਾਲ) ਲਿਵ ਲਾਈ ਹੈ। ਗੁਰੂ ਜੀ ਆਖਦੇ ਹਨ, (ਉਨ੍ਹਾਂ ਦੇ) ਪੰਜੇ ਗਿਆਨ ਇੰਦ੍ਰੀਆਂ ਨੇ ਮਿਲ ਕੇ ਪ੍ਰਭੂ ਦਾ ਜਸ ਗਾਇਆ (ਕਿਉਂਕਿ ਦੁਖੀ ਇੰਦ੍ਰੇ ਸੁਖੀ ਹੋ ਗਏ ਹਨ); ਉਨ੍ਹਾਂ ਨੇ ਸੰਤ ਜਨਾਂ ਨਾਲ ਮਿਲ ਕੇ ਮੰਗਲ ਮਈ ਗੀਤ ਗਾਇਆ ਭਾਵ ਪ੍ਰਭੂ ਦਾ ਕੀਰਤਨ ਕੀਤਾ (ਸੰ.ਸ.; ਫ.ਸ.), ਹੇ ਭਾਈ! ਉਨ੍ਹਾਂ ਵਿਚ ਤੇ ਹਰੀ ਵਿਚ ਕੋਈ ਭਿੰਨ ਭੇਦ ਨਹੀਂ ਰਿਹਾ।੪।

ਮੇਰੇ ਰਾਮ ਰਾਇ, ਇਨ ਬਿਧਿ ਮਿਲੈ ਗੁਸਾਈ ॥ ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ, ਮਿਲਿ ਜੋਤੀ ਜੋਤਿ ਸਮਾਈ ॥੧॥ਰਹਾਉ ਦੂਜਾ॥੧॥੧੨੨॥ (ਹੇ ਭਾਈ!) ਇਸ ਪ੍ਰਕਾਰ ਮੇਰੇ ਮਾਲਕ ਪ੍ਰਭੂ ਪਾਤਸ਼ਾਹ ਮਿਲੇ ਹਨ। ਹੁਣ ਸਹਿਜ ਅਵਸਥਾ ਪ੍ਰਾਪਤ ਹੋ ਗਈ, ਭਰਮ ਛਿਨ ਵਿਚ ਹੀ ਨੱਠ ਗਿਆ ਤੇ ਮਨੁੱਖ ਦੀ ਆਤਮ ਜੋਤ ਪ੍ਰਭੂ ਦੀ ਜੋਤ ਨਾਲ ਇਕ ਮਿਕ ਹੋ ਗਈ।੧।ਰਹਾਉ ਦੂਜਾ।੧।੧੨੨। (ਪਹਿਲੇ ਰਹਾਉ ਦੇ ਪ੍ਰਸ਼ਨ ਦਾ ਉਤਰ ਰਹਾਉ ਦੂਜਾ ਵਿਚ ਦਿਤਾ ਗਿਆ ਹੈ)।

All Rights Reserved by Harjinder Singh Gyani | www.GuruGranthVakhyaan.org

ਪਦਾਰਥ = ਕਿਨ ਬਿਧਿ–ਕਿਨ੍ਹਾਂ ਤਰੀਕਿਆਂ ਨਾਲ।ਗੁਸਾਈ–ਸ੍ਰਿਸ਼ਟੀ ਦਾ ਮਾਲਕ।ਰਾਮ ਰਾਇ–ਪ੍ਰਭੂ ਪਾਤਸ਼ਾਹ।ਸਹਜ ਸੁਖ–ਆਤਮ ਸੁਖ।ਮੋਹਿ–ਮੈਨੂੰ।ਦੇਇ ਬਤਾਈ–ਦੱਸ ਦੇਵੇ।੧।ਰਹਾਉ।ਅੰਤਰਿ–(ਜੀਵ ਦੇ) ਅੰਦਰ।ਅਲਖ–ਅਦ੍ਰਿਸ਼ਟ ਪ੍ਰਭੂ।ਪਾਈ–ਪਾਇਆ ਹੈ।ਮੋਹਿ–ਮੋਹ ਵਿਚ।ਕਹਹੁ–ਦੱਸੋ।੧।ਏਕਾ ਸੰਗਤਿ–ਇਕ ਹੀ ਸੰਗਤ ਵਿਚ ਭਾਵ ਇਕੱਠੇ; ਮਨ ਤੇ ਇੰਦ੍ਰੀਆਂ ਨੂੰ ਇਕ ਚੇਤਨ ਸੱਤਾ ਦੀ ਸੰਗਤ ਹੈ।ਇਕਤੁ ਗ੍ਰਿਹਿ–ਇਕੋ ਸਰੀਰ ਘਰ ਵਿਚ।ਬਸਤੇ–ਵਸਦੇ ਹਨ।ਭਾਈ–ਹੇ ਭਾਈ!।ਪੰਚ–ਪੰਜ ਗਿਆਨ ਇੰਦ੍ਰੇ।ਦੁਹੇਲੇ–ਦੁਖੀ।ਅਗੋਚਰ–ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ।ਠਾਈ–ਥਾਂ।੨।ਤਾਲਾ–ਜਿੰਦਾ (ਅਗਿਆਨ; ਭਰਮ; ਮੋਹ ਦਾ)।ਸਉਪਾਈ–ਸੌਂਪੀ ਹੈ।ਉਪਾਵ–ਜਤਨ।੩।ਪੰਚ ਜਨਾ–ਪੰਜੇ ਗਿਆਨ ਇੰਦਰਿਆਂ ਨੇ।ਮੰਗਲੁ–ਖੁਸ਼ੀ ਦਾ ਗੀਤ (ਜਸ)।ਭੇਦੁ–ਵਿੱਥ; ਫਰਕ। ਭਾਈ–ਹੇ ਭਾਈ!।੪।ਇਨ ਬਿਧਿ–ਇਨ੍ਹਾਂ ਤਰੀਕਿਆਂ ਨਾਲ।ਸਹਜੁ–ਸਹਿਜ ਅਵਸਥਾ; ਗਿਆਨ।ਨਾਠਾ–ਨੱਸ ਗਿਆ।ਜੋਤੀ–ਪ੍ਰਮਾਤਮਾ ਨਾਲ।ਜੋਤਿ–ਆਤਮ ਜੋਤ।ਸਮਾਈ–ਲੀਨ ਹੋ ਗਈ।੧।ਰਹਾਉ ਦੂਜਾ।੧।੧੨੨।

ਓਹ ਬਸਤੁ ਅਗੋਚਰ ਠਾਈ = ਉਹ ਅਗੋਚਰ ਵਸਤੂ ਹਿਰਦੇ ਰੂਪ ਥਾਂ ਵਿਚ ਵਸਦੀ ਹੈ (ਬਾ.ਪ੍ਰ.)।

ਨੋਟ = ਇਸ ਸ਼ਬਦ ਦੇ ਸਿਰਲੇਖ 'ਪੂਰਬੀ' ਦੇ ਹੇਠ ਛੋਟਾ ਅੰਕ ੧ ਲੱਗਾ ਹੋਇਆ ਹੈ ਜੋ ਘਰ ਦਾ ਸੂਚਕ ਹੈ।

ਵਿਆਖਿਆ = ਇਸ ਸ਼ਬਦ ਦੇ ਪਹਿਲੇ ਪਦੇ ਵਿਚ ਪ੍ਰਸ਼ਨ ਹੈ ਕਿ ਵਾਹਿਗੁਰੂ ਕਿਵੇਂ ਮਿਲੇ? ਉਤਰ ਦੇਂਦੇ ਹੋਏ ਸਮਝਾਉਂਦੇ ਹਨ ਕਿ ਸਰੀਰ ਵਿਚ ਆਤਮਾ ਤੇ ਪ੍ਰਮਾਤਮਾ ਇਕੱਠੇ ਹੀ ਵਸਦੇ ਹਨ, ਆਤਮਾ ਤੇ ਪ੍ਰਮਾਤਮਾ ਵਿਚਾਲੇ ਹਉਮੈ ਦਾ ਪੜਦਾ ਹੈ, ਜਿਸ ਕਰਕੇ ਆਤਮਾ ਭਰਮ ਵਿਚ ਹੈ।ਭਰਮ ਵਸ ਹੋਣ ਕਰਕੇ ਆਤਮਾ ਪ੍ਰਮਾਤਮਾ ਨੂੰ ਨਹੀ ਅਨੁਭਵ ਕਰਦੀ।ਭਰਮ ਦੇ ਕਾਰਣ ਜੀਵ ਮਾਇਆ ਨੂੰ ਸੁਖ ਦਾਈ ਜਾਣਦਾ ਹੈ, ਮਾਇਆ ਦੇ ਮੋਹ ਦੀ ਪ੍ਰੇਰਣਾ ਕਰਕੇ ਇਸਦੇ ਗਿਆਨ ਇੰਦ੍ਰੇ ਬਾਹਰ ਦੌੜਦੇ ਹਨ, ਜੋ ਜੀਵ ਨੂੰ ਦੁੱਖਾਂ ਵਿਚ ਪਾ ਦੇਂਦੇ ਹਨ।ਇਸ ਲਈ ਹਉਮੈ ਦੇ ਪੜਦੇ ਕੱਟਣ ਦੀ ਬਿਧੀ ਚਾਹੀਦੀ ਹੈ।ਉਹ ਪ੍ਰਭੂ ਅਗੋਚਰ ਹੈ, ਉਸ ਅਗੋਚਰ ਦੇ ਟਿਕਾਣੇ ਨੂੰ ਜਿੰਦਾ ਲੱਗਾ ਹੋਇਆ ਹੈ।ਕਰਤਾਰ ਨੇ ਇਸ ਦੀ ਕੁੰਜੀ ਸਤਿਗੁਰੂ ਦੇ ਹੱਥ ਸੌਂਪੀ ਹੈ, ਗੁਰੂ ਨੂੰ ਮਿਲ ਕੇ ਕੁੰਜੀ ਹਾਸਲ ਕੀਤੀ ਜਾ ਸਕਦੀ ਹੈ।{ਗੁਰ ਕੁੰਜੀ ਪਾਹੁ ਨਿਵਲ....੧੨੩੭}।ਗੁਰੂ ਪ੍ਰਭੂ ਨਾਲ ਲਿਵ ਲੁਆ ਦੇਂਦਾ ਹੈ, ਜਿਸ ਨਾਲ ਹਉਮੈ ਤੇ ਮਾਇਆ ਦੇ ਬੰਧਨ ਕੱਟੇ ਜਾਂਦੇ ਹਨ ਤੇ ਸਹਿਜ ਅਵਸਥਾ ਪ੍ਰਾਪਤ ਹੋ ਜਾਂਦੀ ਹੈ।ਇਸ ਤਰੀਕੇ ਨਾਲ ਭਰਮ ਦੂਰ ਹੋ ਕੇ ਹਰੀ ਨਾਲ ਮੇਲ ਹੋ ਜਾਂਦਾ ਹੈ।

ਗਉੜੀ ਮਹਲਾ ੫ ॥ ਐਸੋ ਪਰਚਉ ਪਾਇਓ ॥ ਕਰੀ ਕ੍ਰਿਪਾ ਦਇਆਲ ਬੀਠੁਲੈ, ਸਤਿਗੁਰ ਮੁਝਹਿ ਬਤਾਇਓ ॥੧॥ਰਹਾਉ॥ (ਪ੍ਰਭੂ ਨਾਲ ਮੇਰੀ) ਅਜੇਹੀ ਵਾਕਫੀ ਪੈ ਗਈ ਕਿ ਦਿਆਲੂ ਪ੍ਰਭੂ ਨੇ (ਮੇਰੇ ਉਤੇ) ਕ੍ਰਿਪਾ ਕੀਤੀ, ਮੈਨੂੰ ਸਤਿਗੁਰੂ ਦਾ ਪਤਾ ਦਸ ਦਿਤਾ ਭਾਵ ਮਿਲਾ ਦਿਤਾ।(ਇਸ ਤੋਂ ਅੱਗੇ ਦਸਦੇ ਹਨ ਕਿ ਗੁਰੂ ਦੇ ਮਿਲਣ ਨਾਲ ਕੀ ਕੀ ਭੇਦ ਖੁਲ੍ਹੇ?) (ਸ਼ਬਦਾਰਥ)।੧।ਰਹਾਉ।

ਦੂਜਾ ਅਰਥ = ਦਿਆਲੂ ਪ੍ਰਭੂ ਨੇ (ਮੇਰੇ ਉਤੇ) ਕ੍ਰਿਪਾ ਕੀਤੀ, ਮੈਨੂੰ ਸਤਿਗੁਰੂ ਦਾ ਪਤਾ ਦਸ ਦਿਤਾ, (ਜਿਸ ਗੁਰੂ ਤੋਂ ਮੈਂ) ਐਸਾ ਉਪਦੇਸ਼ ਪ੍ਰਾਪਤ ਕੀਤਾ; (ਜਿਸ ਕਰਕੇ ਪ੍ਰਭੂ ਨਾਲ) ਇਹੋ ਜਿਹੀ ਵਾਕਫੀ ਪੈ ਗਈ ਕਿ (ਅਗਲੀਆਂ ਤੁਕਾਂ ਵਿਚ ਦਸਦੇ ਹਨ)।

ਜਤ ਕਤ ਦੇਖਉ ਤਤ ਤਤ ਤੁਮਹੀ, ਮੋਹਿ ਇਹੁ ਬਿਸੁਆਸੁ ਹੋਇ ਆਇਓ ॥ ਕੈ ਪਹਿ ਕਰਉ ਅਰਦਾਸਿ ਬੇਨਤੀ, ਜਉ ਸੁਨਤੋ ਹੈ ਰਘੁਰਾਇਓ ॥੧॥ ਮੈਨੂੰ ਇਹ ਭਰੋਸਾ ਹੋ ਆਇਆ ਹੈ, ਜਿਥੇ ਕਿਥੇ ਮੈਂ ਦੇਖਦਾ ਹਾਂ, ਉਥੇ ਉਥੇ (ਹੇ ਪ੍ਰਭੂ!) ਤੁਸੀਂ ਹੀ ਦਿਖਾਈ ਦਿੰਦੇ ਹੋ।(ਪ੍ਰਭੂ ਤੋਂ ਬਿਨਾ) ਮੈਂ ਕਿਸ ਪਾਸ ਅਰਦਾਸ ਬੇਨਤੀ ਕਰਾਂ? ਜਦ ਕਿ ਪ੍ਰਭੂ (ਆਪ ਹੀ ਸਭ ਕੁਝ) ਸੁਣ ਰਿਹਾ ਹੈ।੧।

ਲਹਿਓ ਸਹਸਾ ਬੰਧਨ ਗੁਰਿ ਤੋਰੇ, ਤਾਂ ਸਦਾ ਸਹਜ ਸੁਖੁ ਪਾਇਓ ॥ ਹੋਣਾ ਸਾ ਸੋਈ ਫੁਨਿ ਹੋਸੀ, ਸੁਖੁ ਦੁਖੁ ਕਹਾ ਦਿਖਾਇਓ ॥੨॥ (ਹੇ ਭਾਈ! ਜਦ ਮੇਰੇ ਸਾਰੇ) ਬੰਧਨ) ਗੁਰੂ ਨੇ ਤੋੜ ਦਿਤੇ ਤਾਂ ਸੰਸਾ ਦੂਰ ਹੋ ਗਿਆ ਅਤੇ ਸਹਿਜ ਅਵਸਥਾ ਦਾ ਸਦੀਵੀ ਸੁਖ ਪਾ ਲਿਆ।(ਗੁਰੂ ਦੀ ਕ੍ਰਿਪਾ ਨਾਲ ਨਿਸਚਾ ਹੋ ਗਿਆ ਕਿ ਜੋ ਹੋਇਆ ਹੈ, ਉਹ) ਹੋਣਾ ਹੀ ਸੀ, ਉਹ ਹੀ ਫਿਰ ਹੋਵੇਗਾ (ਜੋ ਰੱਬ ਨੂੰ ਚੰਗਾ ਲਗੇਗਾ), ਤਾਂ ਸੁਖ ਦੁਖ ਕਿਥੇ ਦਿਸੇ? (ਜਦ ਭਾਣਾ ਮੰਨ ਲਿਆ ਤਾਂ ਸੁਖ ਦੁਖ ਅਪਣਾ ਰੂਪ ਦਿਖਾਉਂਦਾ ਹੀ ਨਹੀਂ ਭਾਵ ਦੁਖ ਸੁਖ ਵਾਲੀ ਹਾਲਤ ਤੋਂ ਉਪਰ ਉਠ ਗਿਆ ਹਾਂ)।੨।

ਖੰਡ ਬ੍ਰਹਮੰਡ ਕਾ ਏਕੋ ਠਾਣਾ, ਗੁਰਿ ਪਰਦਾ ਖੋਲਿ ਦਿਖਾਇਓ ॥ ਨਉ ਨਿਧਿ ਨਾਮੁ ਨਿਧਾਨੁ ਇਕ ਠਾਈ, ਤਉ ਬਾਹਰਿ ਕੈਠੈ ਜਾਇਓ ॥੩॥ ਸਾਰੇ ਖੰਡਾਂ ਬ੍ਰਹਮੰਡਾਂ (ਸਾਰੀ ਰਚਨਾ) ਦਾ ਟਿਕਾਣਾ ਇਕ ਵਾਹਿਗੁਰੂ ਹੀ ਹੈ (ਵਾਹਿਗੁਰੂ ਦੇ ਆਸਰੇ ਅਪਣੇ ਅਪਣੇ ਟਿਕਾਣੇ ਤੇ

All Rights Reserved by Harjinder Singh Gyani | www.GuruGranthVakhyaan.org

ਟਿਕੇ ਹੋਏ ਹਨ), ਗੁਰੂ ਨੇ ਹਉਮੈ ਦਾ ਪੜਦਾ ਖੋਲ੍ਹ ਕੇ (ਮੈਨੂੰ ਵਾਹਿਗੁਰੂ ਦਾ ਸਰੂਪ) ਦਿਖਾ ਦਿਤਾ ਹੈ। ਨੌਂ ਨਿਧੀਆਂ ਦਾ ਖਜਾਨਾ ਨਾਮ ਇਕ ਹਿਰਦੇ ਦੇ ਟਿਕਾਣੇ ਵਿਚ ਹੈ, ਤਾਂ ਬਾਹਰ ਕਿਹੜੀ ਥਾਂ ਤੇ ਲੱਭਣ ਜਾਵਾਂ? (ਬਾਹਰ ਜਾਣ ਦੀ ਲੋੜ ਨਹੀਂ)।੩।

ਏਕੈ ਕਨਿਕ ਅਨਿਕ ਭਾਤਿ ਸਾਜੀ, ਬਹੁ ਪਰਕਾਰ ਰਚਾਇਓ ॥ ਕਹੁ ਨਾਨਕ ਭਰਮੁ ਗੁਰਿ ਖੋਈ ਹੈ, ਇਵ ਤਤੈ ਤਤੁ ਮਿਲਾਇਓ ॥੪॥੨॥੧੨੩॥ ਜਿਵੇਂ ਸੋਨਾ ਇਕੋ ਹੁੰਦਾ ਹੈ, (ਉਸ ਤੋਂ ਸੁਨਿਆਰ ਨੇ ਗਹਿਣੇ) ਅਨੇਕਾਂ ਭਾਂਤ ਦੇ ਬਣਾਏ ਹਨ, (ਤਿਵੇਂ ਵਾਹਿਗੁਰੂ ਨੇ ਅਪਣੇ ਤੋਂ) ਬਹੁਤ ਪ੍ਰਕਾਰ ਦੀ ਜਗਤ ਰਚਨਾ ਰਚ ਦਿਤੀ ਹੈ (ਜਿਵੇਂ ਸੋਨੇ ਦੇ ਗਹਿਣੇ ਸੋਨਾ ਦਾ ਰੂਪ ਹੁੰਦੇ ਹਨ, ਤਿਵੇਂ ਸਾਰਾ ਪ੍ਰਪੰਚ ਵਾਹਿਗੁਰੂ ਦਾ ਰੂਪ ਹੈ)। ਗੁਰੂ ਜੀ ਆਖਦੇ ਹਨ ਕਿ ਗੁਰੂ ਨੇ (ਜੀਵ ਤੇ ਵਾਹਿਗੁਰੂ ਦੀ ਭਿੰਨਤਾ ਵਾਲਾ) ਭਰਮ ਦੂਰ ਕਰ ਦਿਤਾ ਹੈ ਅਤੇ ਇਉਂ (ਮੇਰੇ) ਆਤਮ ਤੱਤ ਨੂੰ ਪ੍ਰਮਾਤਮ ਤੱਤ ਵਿਚ ਮਿਲਾ ਦਿਤਾ ਹੈ।੪।੨।੧੨੩।

ਪਦਾਰਥ = ਪਰਚਉ–(ਪਰੀਚੈ) ਵਾਕਫੀ; ਜਾਣ ਪਛਾਣ; ਉਪਦੇਸ਼; ਪ੍ਰੇਮ; ਗਿਆਨ। ਬੀਠੁਲੈ–ਵਾਹਿਗੁਰੂ ਨੇ। ਮੁਝਹਿ–ਮੈਨੂੰ। ਬਤਾਇਓ –ਦੱਸ ਦਿਤਾ।੧। ਰਹਾਉ। ਜਤ ਕਤ–ਜਿਥੇ ਕਿਥੇ। ਤਤ ਤਤ–ਉਥੇ ਉਥੇ। ਮੋਹਿ–ਮੈਨੂੰ। ਬਿਸੁਆਸੁ–ਵਿਸ਼ਵਾਸ। ਹੋਇ ਆਇਓ–ਹੋ ਗਿਆ ਹੈ। ਕੈ ਪਹਿ–ਕਿਸ ਪਾਸ। ਜਉ–ਜਦ। ਰਘੁਰਾਇਓ–ਰਘੂ ਵੰਸ਼ ਦਾ ਰਾਜਾ ਭਾਵ ਵਾਹਿਗੁਰੂ।੧। ਲਹਿਓ–ਲਹਿ (ਦੂਰ ਹੋ) ਗਿਆ। ਸਹਸਾ–ਸ਼ੱਕ; ਭਰਮ। ਗੁਰਿ–ਗੁਰੂ ਨੇ। ਤੋਰੇ–ਤੋੜ ਦਿਤੇ। ਸਹਜ ਸੁਖੁ–ਕੁਦਰਤੀ ਸੁਭਾਵਕ ਸੁਖ। ਹੋਣਾ ਸਾ–ਜੋ ਹੋਣਾ ਸੀ। ਸੋਈ–ਉਹ ਹੀ। ਹੋਸੀ–ਹੋਵੇਗਾ। ਕਹਾ–ਕਿਥੇ; ਕੀ।੨। ਠਾਣਾ–ਟਿਕਾਣਾ; ਥਾਂ। ਨਉ ਨਿਧਿ–ਨੌਂ ਖਜਾਨੇ। ਨਿਧਾਨੁ–ਖਜਾਨਾ। ਇਕ ਠਾਈ–ਇਕੋ ਥਾਂ ਵਿਚ। ਕੈਠੈ–ਕਿਹੜੀ ਥਾਂ ਤੇ; ਕਿਥੇ।੩। ਕਨਿਕ–ਸੋਨਾ। ਸਾਜੀ–ਬਣਾਈ। ਇਵ–ਇਉਂ। ਤਤੈ–ਤੱਤ ਵਿਚ।੧।੨।੧੨੩।

ਗਉੜੀ ਮਹਲਾ ੫ ॥ ਅਉਧ ਘਟੈ ਦਿਨਸੁ ਰੈਨਾਰੇ ॥ ਮਨ ਗੁਰ ਮਿਲਿ ਕਾਜ ਸਵਾਰੇ ॥੧॥ਰਹਾਉ॥ ਹੇ ਮੇਰੇ ਮਨ! ਗੁਰੂ ਨੂੰ ਮਿਲ ਕੇ (ਤੂੰ ਮਨੁੱਖਾ ਜਨਮ ਨੂੰ ਸਫਲ ਕਰਨ ਦਾ) ਕਾਰਜ ਸੁਆਰ ਲੈ, (ਕਿਉਂਕਿ) ਦਿਨ ਤੇ ਰਾਤ ਬੀਤਦੇ ਜਾ ਰਹੇ ਹਨ (ਇਉਂ ਤੇਰੀ) ਉਮਰ ਘਟਦੀ ਜਾ ਰਹੀ ਹੈ।੧। ਰਹਾਉ।

ਕਰਉ ਬੇਨੰਤੀ ਸੁਨਹੁ ਮੇਰੇ ਮੀਤਾ, ਸੰਤ ਟਹਲ ਕੀ ਬੇਲਾ ॥ ਈਹਾ ਖਾਟਿ ਚਲਹੁ ਹਰਿ ਲਾਹਾ, ਆਗੈ ਬਸਨੁ ਸੁਹੇਲਾ ॥੧॥ ਹੇ ਮੇਰੇ (ਸਤਿ ਸੰਗੀ) ਮਿਤ੍ਰੋ! ਸੁਣੋ, ਮੈਂ ਬੇਨਤੀ ਕਰਦਾ ਹਾਂ ਕਿ (ਇਹ ਮਨੁੱਖਾ ਜਨਮ) ਸੰਤਾਂ ਦੀ ਸੇਵਾ ਕਰਨ ਦਾ ਵੇਲਾ ਹੈ।

ਦੂਜਾ ਅਰਥ = ਹੇ ਮੇਰੇ ਮਿਤ੍ਰੋ! (ਇਹ ਮਨੁੱਖਾ ਜਨਮ) ਸੰਤਾਂ ਦੀ ਸੇਵਾ ਕਰਨ ਦਾ ਸਮਾਂ ਹੈ, (ਸੰਤਾਂ ਦੀ ਸੰਗਤ ਵਿਚ ਬੈਠ ਕੇ) ਵਾਹਿਗੁਰੂ ਅੱਗੇ ਬੇਨਤੀ ਕਰੋ ਤੇ ਵਾਹਿਗੁਰੂ ਦਾ ਜਸ ਸੁਣੋ (ਮੇਰਾ ਖਿਆਲ)। ਇਥੇ ਸੰਸਾਰ ਵਿਚ ਵਾਹਿਗੁਰੂ ਨਾਮ ਸਿਮਰਨ ਦਾ ਲਾਹਾ ਖਟ ਕੇ ਲੈ ਚਲੋ ਤਾਂ ਅੱਗੇ ਪ੍ਰਲੋਕ ਵਿਚ ਵਸਣਾ ਸੌਖਾ ਹੋ ਜਾਵੇਗਾ।੧।

ਇਹੁ ਸੰਸਾਰੁ ਬਿਕਾਰੁ ਸਹਸੇ ਮਹਿ, ਤਰਿਓ ਬ੍ਰਹਮ ਗਿਆਨੀ ॥ ਜਿਸਹਿ ਜਗਾਇ ਪੀਆਏ ਹਰਿ ਰਸੁ ਅਕਥ ਕਥਾ ਤਿਨਿ ਜਾਨੀ ॥੨॥ ਇਹ ਸੰਸਾਰ ਵਿਕਾਰ ਰੂਪ ਹੈ ਤੇ ਸੰਸਿਆਂ ਦੇ ਸਮੁੰਦਰ ਵਿਚ ਡੁਬਿਆ ਹੋਇਆ ਹੈ (ਵਿਕਾਰਾਂ ਤੇ ਸੰਸਿਆਂ ਨਾਲ ਭਰੇ ਸੰਸਾਰ ਸਮੁੰਦਰ ਵਿਚੋਂ) ਕੋਈ ਬ੍ਰਹਮ ਗਿਆਨੀ ਹੀ ਤਰਿਆ ਹੈ। ਜਿਸ ਮਨੁੱਖ ਨੂੰ (ਵਾਹਿਗੁਰੂ ਮੋਹ ਮਾਇਆ ਦੀ ਨੀਂਦ ਵਿਚੋਂ) ਜਗਾ ਕੇ ਹਰਿ ਨਾਮ ਰਸ ਪਿਲਾਉਂਦਾ ਹੈ, ਅਕੱਥ ਨਿਰੰਕਾਰ ਦੀ ਕਥਾ ਉਸ ਮਨੁੱਖ ਨੇ ਹੀ ਜਾਣੀ ਹੈ ਭਾਵ ਉਸੇ ਨੇ ਅਨੁਭਵ ਕੀਤੀ ਹੈ।੨।

ਜਾ ਕਉ ਆਏ ਸੋਈ ਬਿਹਾਝਹੁ ,ਹਰਿ ਗੁਰ ਤੇ ਮਨਹਿ ਬਸੇਰਾ ॥ ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ, ਬਹੁਰਿ ਨ ਹੋਇਗੋ ਫੇਰਾ ॥੩॥ (ਹੇ ਭਾਈ!) ਜਿਸ (ਨਾਮ ਰੂਪ ਸੌਦੇ ਨੂੰ ਤੁਸੀਂ ਲੈਣ) ਲਈ ਜਗਤ ਵਿਚ ਆਏ ਹੋ ਭਾਵ ਜਨਮ ਲਿਆ ਹੈ, ਉਹ ਹੀ ਖ੍ਰੀਦੋ, (ਫਿਰ) ਗੁਰੂ ਦੀ ਕ੍ਰਿਪਾ ਨਾਲ ਹਰੀ ਮਨ ਵਿਚ ਆ ਨਿਵਾਸ ਕਰੇਗਾ। (ਫਿਰ ਤੁਸੀਂ) ਅਪਣੇ ਆਤਮ ਸਰੂਪ ਵਿਚ ਨਿਵਾਸ ਪਾ ਲਵੋਗੇ ਅਤੇ ਉਸਦਾ ਸੁਖ ਵੀ ਸੁਭਾਵਕ ਹੀ ਪਾ ਲਵੋਗੇ। (ਸੰਸਾਰ ਵਿਚ ਤੁਹਾਡਾ) ਮੁੜ ਜਨਮ ਮਰਨ ਦਾ ਚੱਕਰ ਨਹੀਂ ਹੋਵੇਗਾ।੩।

ਅੰਤਰਜਾਮੀ ਪੁਰਖ ਬਿਧਾਤੇ, ਸਰਧਾ ਮਨ ਕੀ ਪੂਰੇ ॥ ਨਾਨਕੁ ਦਾਸੁ ਇਹੀ ਸੁਖੁ ਮਾਗੈ, ਮੋ ਕਉ ਕਰਿ ਸੰਤਨ ਕੀ ਧੂਰੇ ॥੪॥੩॥੧੨੪॥ (ਹਰੀ ਅੱਗੇ ਇਉਂ ਅਰਦਾਸ ਕਰੋ) ਹੇ ਦਿਲਾਂ ਦੀਆਂ ਜਾਨਣ ਵਾਲੇ! ਜੀਵਾਂ ਨੂੰ ਕਰਮਾਂ ਅਨੁਸਾਰ ਫਲ ਦੇਣ ਵਾਲੇ ਹੇ ਹਰੀ! (ਸਾਡੇ) ਮਨ ਦੀ ਸ਼ਰਧਾ ਪੂਰੀ ਕਰ। ਦਾਸ ਨਾਨਕ ਤੈਥੋਂ ਇਹੀ ਸੁਖ ਮੰਗਦਾ ਹੈ ਕਿ ਮੈਨੂੰ ਸੰਤਾਂ ਦੇ ਚਰਨਾਂ ਦੀ ਧੂੜ ਬਣਾ ਦੇ।੪।੩।੧੨੪।

ਪਦਾਰਥ = ਅਉਧ–ਉਮਰ। ਰੈਨਾਰੇ–ਰਾਤ। ਸਵਾਰੇ–ਸਵਾਰ ਲੈ।੧। ਰਹਾਉ। ਮੀਤਾ–ਹੇ ਮਿਤ੍ਰ!। ਟਹਲ–ਸੇਵਾ। ਬੇਲਾ–ਸਮਾਂ। ਈਹਾ–

All Rights Reserved by Harjinder Singh Gyani | www.GuruGranthVakhyaan.org

ਇਥੇ (ਇਸ ਲੋਕ ਵਿਚ)।ਆਗੈ–ਅੱਗੇ ਪ੍ਰਲੋਕ ਵਿਚ।ਬਸਨੁ–ਵਾਸਾ।ਸੁਹੇਲਾ–ਸੌਖਾ।੧।ਸਹਸੇ ਮਹਿ–ਸ਼ੱਕ ਵਿਚ; ਭਰਮ ਵਿਚ। ਜਿਸਹਿ–ਜਿਸ (ਮਨੁੱਖ) ਨੂੰ।ਪੀਆਏ–ਪਿਲਾਉਂਦਾ ਹੈ।ਅਕਥ ਕਥਾ–ਉਹ ਕਥਾ ਜੋ ਬਿਆਨ ਨਾ ਕੀਤੀ ਜਾ ਸਕੇ; ਨਾ ਕਥੇ ਜਾਣ ਵਾਲੇ ਨਿਰੰਕਾਰ ਦਾ ਜਸ।ਤਿਨਿ–ਉਸ (ਮਨੁੱਖ) ਨੇ।ਜਾਨੀ–ਸਮਝੀ; ਅਨੁਭਵ ਕੀਤੀ।੨।ਜਾ ਕਉ–ਜਿਸ (ਸੌਦੇ) ਲਈ।ਸੋਈ–ਉਹ ਹੀ।ਵਿਹਾਝਹੁ–ਖਰੀਦੋ।ਤੇ–ਤੋਂ।ਮਨਹਿ–ਮਨ ਵਿਚ।ਬਸੇਰਾ–ਨਿਵਾਸ।ਨਿਜ ਘਰਿ–ਅਪਨੇ ਆਤਮ ਸਰੂਪ ਵਿਚ।ਸੁਖ ਸਹਜੇ–ਨਿਰਯਤਨ ਸੁਖ।ਬਹੁਰਿ–ਮੁੜ ਦੁਬਾਰਾ।ਫੇਰਾ–ਜਨਮ ਮਰਨ ਦਾ ਗੇੜਾ।੩।ਪੁਰਖ–ਸਰਬ ਵਿਆਪਕ ਕਰਤਾਰ।ਬਿਧਾਤੇ–(ਜੀਵਾਂ ਨੂੰ) ਕਰਮਾਂ ਅਨੁਸਾਰ ਫਲ ਦੇਣ ਵਾਲਾ ਕਰਤਾਰ।ਪੂਰੇ–ਪੂਰੀ ਕਰ।ਮੋ ਕਉ–ਮੈਨੂੰ।ਕਰਿ–ਕਰ ਦੇ; ਬਣਾ ਦੇ।੪।੩।੧੨੪।

ਨੋਟ = ਸੋਹਿਲੇ ਵਾਲੇ ਸ਼ਬਦ ਵਿਚ ਹੋਰ ਅਰਥ ਤੇ ਵਿਆਖਿਆ ਦੇਖੀ ਜਾ ਸਕਦੀ ਹੈ।ਇਹ ਸ਼ਬਦ ਪਿਛੇ ੧੩ ਅੰਗ ਤੇ ਵੀ ਆ ਚੁੱਕਾ ਹੈ।ਪਰ ਇਸ ਸ਼ਬਦ ਤੇ ਉਸ ਸੋਹਿਲੇ ਵਾਲੇ ਸ਼ਬਦ ਦੇ ਪਾਠਾਂ ਵਿਚ ਥੋੜਾ ਥੋੜਾ ਫਰਕ ਹੈ।ਸੋਹਿਲੇ ਵਾਲਾ ਸ਼ਬਦ 'ਕਰਉ ਬੇਨੰਤੀ ਸੁਣਹੁ ਮੇਰੇ ਮੀਤਾ' ਵਾਲੀ ਤੁਕ ਤੋਂ ਸ਼ੁਰੂ ਹੁੰਦਾ ਹੈ, ਪਰ ਇਥੇ 'ਅਉਧ ਘਟੈ ਦਿਨਸੁ ਰੈਨਾਰੇ' ਵਾਲੀ ਤੁਕ ਤੋਂ ਸ਼ੁਰੂ ਹੁੰਦਾ ਹੈ।ਸੋਹਿਲੇ ਵਾਲੇ ਸ਼ਬਦ ਦਾ ਸਿਰਲੇਖ 'ਰਾਗੁ ਗਉੜੀ ਪੂਰਬੀ ਮਹਲਾ ੫' ਹੈ, ਪਰ ਇਥੇ 'ਗਉੜੀ ਮਹਲਾ ੫' ਹੈ।ਇਸ ਸ਼ਬਦ ਦੇ ਸਿਰਲੇਖ ਪਦ 'ਗਉੜੀ' ਹੇਠ ਬਰੀਕ ਅੰਕ ੨ ਲੱਗਾ ਹੋਇਆ ਹੈ, ਜੋ 'ਘਰ ੨' ਦਾ ਲਖਾਇਕ ਹੈ।

ਗਉੜੀ ਮਹਲਾ ੫ ॥ ਰਾਖੁ ਪਿਤਾ ਪ੍ਰਭ ਮੇਰੇ ॥ ਮੋਹਿ ਨਿਰਗੁਨੁ ਸਭ ਗੁਨ ਤੇਰੇ ॥੧॥ਰਹਾਉ॥ ਹੇ ਮੇਰੇ ਪ੍ਰਭੂ ਪਿਤਾ! ਮੇਰੀ ਰੱਖਿਆ ਕਰੋ।ਮੈਂ ਗੁਣ ਹੀਣ ਹਾਂ ਭਾਵ ਮੇਰੇ ਵਿਚ ਕੋਈ ਗੁਣ ਨਹੀਂ ਅਤੇ ਸਾਰੇ ਗੁਣ ਤੇਰੇ (ਪਾਸ) ਹਨ।੧।ਰਹਾਉ।

ਅੰਗ ੨੦੬ = ਪੰਚ ਬਿਖਾਦੀ ਏਕੁ ਗਰੀਬਾ, ਰਾਖਹੁ ਰਾਖਨਹਾਰੇ ॥ ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ, ਆਇਓ ਸਰਨਿ ਤੁਹਾਰੇ ॥੧॥ (ਮੈਨੂੰ) ਦੁਖ ਦੇਣ ਵਾਲੇ ਕਾਮਾਦਿਕ ਪੰਜ ਹਨ ਅਤੇ (ਇਨ੍ਹਾਂ ਦੇ ਮੁਕਾਬਲੇ ਵਿਚ ਮੈਂ) ਗਰੀਬ ਇਕ ਹਾਂ, ਹੇ ਰੱਖਿਆ ਕਰਨ ਵਾਲੇ ਪ੍ਰਭੂ! (ਮੇਰੀ) ਰੱਖਿਆ ਕਰੋ।(ਇਹ ਮੈਨੂੰ) ਦੁਖ ਦੇਂਦੇ ਹਨ ਤੇ ਬਹੁਤ ਸਤਾਉਂਦੇ ਹਨ, (ਇਸ ਲਈ ਇਨ੍ਹਾਂ ਤੋਂ ਬਚਣ ਲਈ ਮੈਂ) ਤੁਹਾਡੀ ਸ਼ਰਣ ਵਿਚ ਆਇਆ ਹਾਂ।੧।

ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ, ਛੋਡਹਿ ਕਤਹੂੰ ਨਾਹੀ ॥ ਏਕ ਬਾਤ ਸੁਨਿ ਤਾਕੀ ਓਟਾ, ਸਾਧ ਸੰਗਿ ਮਿਟਿ ਜਾਹੀ ॥੨॥ (ਹੇ ਪ੍ਰਭੂ! ਮੈਂ) ਅਨੇਕਾਂ ਪ੍ਰਕਾਰ ਦੇ ਬਹੁਤ ਜਤਨ ਕਰ ਕਰ ਕੇ ਹਾਰ (ਥੱਕ) ਗਿਆ ਹਾਂ, (ਪਰ ਇਹ ਪੰਜੇ ਕਾਮਾਦਿਕ ਮੇਰਾ) ਕਿਤੇ ਵੀ ਪਿੱਛਾ ਨਹੀਂ ਛਡਦੇ (ਅਨੇਕਾਂ ਪ੍ਰਕਾਰ ਦੇ ਕਰਮ ਕੀਤੇ, ਬੇਦ ਸ਼ਾਸਤ੍ਰ ਆਦਿ ਪੜ੍ਹੇ ਤੇ ਗੁਫਾਵਾਂ ਵਿਚ ਲੁਕ ਕੇ ਬੈਠੇ, ਫਿਰ ਵੀ ਪਿੱਛਾ ਨਹੀਂ ਛਡਦੇ।ਇਸ ਲਈ ਮੈਂ) ਇਕ ਗੱਲ ਸੁਣ ਕੇ ਤੇਰੀ ਓਟ ਤੱਕੀ ਹੈ, ਕਿ ਸਾਧ ਸੰਗਤ ਵਿਚ (ਗਿਆਂ ਇਹ) ਮਿਟ ਜਾਂਦੇ ਹਨ।੨।

ਕਰਿ ਕਿਰਪਾ ਸੰਤ ਮਿਲੇ, ਮੋਹਿ ਤਿਨ ਤੇ ਧੀਰਜੁ ਪਾਇਆ ॥ ਸੰਤੀ ਮੰਤੁ ਦੀਓ ਮੋਹਿ ਨਿਰਭਉ ,ਗੁਰ ਕਾ ਸਬਦੁ ਕਮਾਇਆ ॥੩॥ (ਅਰਦਾਸ ਸੁਣ ਕੇ ਪ੍ਰਭੂ ਨੇ) ਕਿਰਪਾ ਕੀਤੀ, (ਸਾਧ ਸੰਗਤ ਵਿਚੋਂ) ਸੰਤ ਮਿਲੇ, (ਉਨ੍ਹਾਂ ਤੋਂ) ਮੈਨੂੰ ਧੀਰਜ ਪ੍ਰਾਪਤ ਹੋਇਆ।ਸੰਤਾਂ ਨੇ ਮੈਨੂੰ ਉਪਦੇਸ਼ ਦਿਤਾ ਤੇ ਮੈਂ ਗੁਰੂ ਦਾ ਸ਼ਬਦ ਕਮਾਇਆ, (ਜਿਸ ਕਰਕੇ ਮੈਂ ਕਾਮਾਦਿਕਾਂ ਤੋਂ) ਨਿਰਭੈ ਹੋ ਗਿਆ; ਸੰਤਾਂ ਨੇ ਮੈਨੂੰ ਨਿਰਭੈ ਵਾਹਿਗੁਰੂ ਦਾ ਨਾਮ ਮੰਤ੍ਰ ਦਿਤਾ ਅਤੇ (ਮੈਂ) ਗੁਰੂ ਦੇ ਸ਼ਬਦ ਨੂੰ ਵੀ ਕਮਾਇਆ (ਨਾਮ ਮੰਤ੍ਰ ਤੇ ਗੁਰ ਸ਼ਬਦ ਦਾ ਅਭਿਆਸ ਕੀਤਾ, ਜਿਸ ਦਾ ਫਲ ਅਗਲੇ ਪਦੇ ਵਿਚ ਮਿਲਿਆ ਦਸਿਆ ਹੈ)।੩।

ਜੀਤਿ ਲਏ ਓਇ ਮਹਾ ਬਿਖਾਦੀ, ਸਹਜ ਸੁਹੇਲੀ ਬਾਣੀ ॥ ਕਹੁ ਨਾਨਕ ਮਨਿ ਭਇਆ ਪਰਗਾਸਾ, ਪਾਇਆ ਪਦੁ ਨਿਰਬਾਣੀ ॥੪॥ ੪॥੧੨੫॥ ਸਹਜ ਅਵਸਥਾ ਤੇ ਸੁਖ ਦੇਣ ਵਾਲੀ ਗੁਰੂ ਦੀ ਬਾਣੀ ਦੁਆਰਾ ਮੈਂ ਉਹ ਫਸਾਦੀ ਕਾਮਾਦਿਕ ਜਿੱਤ ਲਏ ਹਨ।ਗੁਰੂ ਜੀ ਆਖਦੇ ਹਨ ਕਿ ਮੇਰੇ ਮਨ ਵਿਚ ਗਿਆਨ ਦਾ ਪ੍ਰਕਾਸ਼ ਹੋ ਗਿਆ ਤੇ ਮੁਕਤੀ ਵਾਲਾ ਪਦ ਪ੍ਰਾਪਤ ਕਰ ਲਿਆ।੪।੪।੧੨੫।

ਪਦਾਰਥ = ਰਾਖੁ–ਰੱਖ ਲਵੋ।ਮੋਹਿ–ਮੈਂ।ਨਿਰਗੁਨੁ–ਗੁਣ ਹੀਣ।੧।ਪੰਚ–ਪੰਜ (ਕਾਮ ਆਦਿਕ)।ਬਿਖਾਦੀ–ਫਸਾਦੀ; ਝਗੜਾਲੂ; ਦੁਖ ਦੇਣ ਵਾਲੇ।ਗਰੀਬਾ–ਗਰੀਬ; ਲਾਚਾਰ।ਖੇਦੁ ਕਰਹਿ–ਦੁਖ ਦੇਂਦੇ ਹਨ।ਅਰੁ–ਅਤੇ।ਤੁਹਾਰੇ–ਤੇਰੀ।੧।ਹਾਰਿਓ–ਹਾਰ (ਥੱਕ) ਗਿਆ; ਕਮਜ਼ੋਰ ਪੈ ਗਿਆ।ਬਹੁ ਭਾਤੀ–ਬਹੁਤ ਪ੍ਰਕਾਰ ਦੇ।ਕਤਹੂੰ–ਕਦੇ ਵੀ; ਕਿਸੇ ਥਾਂ ਵੀ; ਕਿਸੇ ਤਰ੍ਹਾਂ ਵੀ।ਤਾਕੀ–ਤੱਕੀ ਹੈ; ਲਈ ਹੈ।ਮਿਟਿ ਜਾਹੀ–ਮਿਟ (ਦੂਰ ਹੋ) ਜਾਂਦੇ ਹਨ।੨।ਤਿਨ ਤੇ–ਉਨ੍ਹਾਂ (ਸੰਤਾਂ) ਤੋਂ।ਸੰਤੀ–ਸੰਤਾਂ ਨੇ।ਮੰਤੁ–(ਕਾਮਾਦਿਕਾਂ ਤੋਂ ਬਚਣ ਵਾਲਾ)

All Rights Reserved by Harjinder Singh Gyani | www.GuruGranthVakhyaan.org

ਉਪਦੇਸ਼।ਸਬਦੁ ਕਮਾਇਆ–ਸਬਦ ਨੂੰ ਕਮਾਇਆ (ਅਭਿਆਸ ਕੀਤਾ)।੩।ਓਇ–ਉਹ।ਮਹਾ–ਵੱਡੇ।ਸਹਜ ਸੁਹੇਲੀ–ਸੁਖ ਤੇ ਸਹਜ ਅਵਸਥਾ ਤੇ ਦੇਣ ਵਾਲੀ।ਭਇਆ–ਹੋਇਆ।ਪਦੁ ਨਿਰਬਾਣੀ–ਮੁਕਤੀ ਦਾ ਪਦ; ਦੁਖ ਰਹਿਤ ਅਵਸਥਾ।੪।੪।੧੨੫।

ਗਉੜੀ ਮਹਲਾ ੫ ॥ ਓਹੁ ਅਬਿਨਾਸੀ ਰਾਇਆ ॥ ਨਿਰਭਉ ਸੰਗਿ ਤੁਮਾਰੈ ਬਸਤੇ, ਇਹੁ ਡਰਨੁ ਕਹਾ ਤੇ ਆਇਆ ॥੧॥ਰਹਾਉ॥ (ਹੇ ਭਾਈ!) ਉਹ ਪ੍ਰਭੂ ਨਾਸ਼ ਰਹਿਤ ਰਾਜਾ ਹੈ; ਉਹ ਪ੍ਰਕਾਸ਼ ਸਰੂਪ ਪ੍ਰਭੂ ਨਾਸ਼ ਰਹਿਤ ਹੈ।(ਹੇ ਪ੍ਰਭੂ! ਜਿਹੜੇ ਪੁਰਖ) ਤੇਰੇ ਨਾਲ ਵਸਦੇ ਹਨ, ਉਹ ਭੈ ਤੋਂ ਰਹਿਤ ਹਨ, (ਫਿਰ) ਇਹ ਡਰ ਕਿਥੋਂ ਆਇਆ ਹੈ? (ਤੈਥੋਂ ਟੁੱਟਿਆਂ ਮਨੁੱਖਾਂ ਨੂੰ ਡਰ ਲਗਦਾ ਹੈ, ਇਹ ਅਗਿਆਨਤਾ ਦੇ ਕਾਰਣ ਮਨ ਦਾ ਹੀ ਡਰ ਹੈ)।੧।ਰਹਾਉ।(ਅੱਗੇ ਪ੍ਰਭੂ ਨੂੰ ਅਨੇਕ ਰੂਪ ਹੋ ਕੇ ਵਰਤ ਰਿਹਾ ਦਸਦੇ ਹਨ)

ਏਕ ਮਹਲਿ ਤੂੰ ਹੋਹਿ ਅਫਾਰੋ, ਏਕ ਮਹਲਿ ਨਿਮਾਨੋ ॥ ਏਕ ਮਹਲਿ ਤੂੰ ਆਪੇ ਆਪੇ, ਏਕ ਮਹਲਿ ਗਰੀਬਾਨੋ ॥੧॥ (ਹੇ ਪ੍ਰਭੂ! ਤੇਰੇ ਨਾਲ ਵਸਣ ਵਾਲਿਆਂ ਨੂੰ ਗਿਆਨ ਹੈ ਕਿ ਜੀਵਾਂ ਦੇ) ਇਕ ਸਰੀਰ ਵਿਚ ਤੂੰ ਹੰਕਾਰੀ ਹੋ ਰਿਹਾ ਹੈ ਤੇ ਇਕ ਸਰੀਰ ਵਿਚ ਨਿਮਾਣਾ ਹੈਂ।ਇਕ ਸਰੀਰ ਵਿਚ ਤੂੰ (ਸਭ ਕੁਝ) ਆਪੇ ਆਪ ਹੈਂ ਤੇ ਇਕ ਸਰੀਰ ਵਿਚ ਗਰੀਬੀ ਵਾਲਾ (ਹੋ ਕੇ ਵਰਤ ਰਿਹਾ) ਹੈਂ।੧।

ਏਕ ਮਹਲਿ ਤੂੰ ਪੰਡਿਤੁ ਬਕਤਾ, ਏਕ ਮਹਲਿ ਖਲੁ ਹੋਤਾ ॥ ਏਕ ਮਹਲਿ ਤੂੰ ਸਭੁ ਕਿਛੁ ਗ੍ਰਾਹਜੁ ,ਏਕ ਮਹਲਿ ਕਛੂ ਨ ਲੇਤਾ ॥੨॥ ਇਕ ਸਰੀਰ ਵਿਚ ਤੂੰ ਵਖਿਆਨ ਕਰਨ ਵਾਲਾ ਵਿਦਵਾਨ ਹੈਂ ਅਤੇ ਇਕ ਸਰੀਰ ਵਿਚ ਮੂਰਖ ਬਣਿਆ ਹੋਇਆ ਹੈਂ।ਇਕ ਸਰੀਰ ਵਿਚ ਤੂੰ ਸਭ ਕੁਝ ਇਕੱਠਾ ਕਰਨ ਵਾਲਾ (ਗ੍ਰਿਹਸਤੀ) ਹੈਂ ਅਤੇ ਇਕ ਸਰੀਰ ਵਿਚ ਕੁਛ ਵੀ ਨਹੀਂ ਲੈਂਦਾ (ਤਿਆਗੀ ਹੈਂ)।੨।

ਕਾਠ ਕੀ ਪੁਤਰੀ ਕਹਾ ਕਰੈ ਬਪੁਰੀ, ਖਿਲਾਵਨਹਾਰੋ ਜਾਨੈ ॥ ਜੈਸਾ ਭੇਖੁ ਕਰਾਵੈ ਬਾਜੀਗਰੁ ,ਓਹੁ ਤੈਸੋ ਹੀ ਸਾਜੁ ਆਨੈ ॥੩॥ (ਇਹ ਜੀਵ) ਵਿਚਾਰਾ ਕਾਠ ਦੀ ਪੁਤਲੀ ਹੈ, (ਇਹ ਅਪਣੇ ਆਪ) ਕੀ ਕਰ ਸਕਦੀ ਹੈ? (ਇਸ ਦੇ ਵਸ ਵਿਚ ਕੀ ਹੈ? ਜੋ ਕੁਛ ਇਹ ਕਰਦੀ ਹੈ) ਖਿਡਾਉਣ ਵਾਲਾ ਪ੍ਰਭੂ ਹੀ ਜਾਣਦਾ ਹੈ।(ਬਾਜੀ ਖਿਡਾਉਣ ਵਾਲਾ) ਬਾਜੀਗਰ ਪ੍ਰਭੂ ਜਿਹੋ ਜਿਹਾ ਉਸਦਾ ਸਾਂਗ ਕਰਾਉਂਦਾ ਹੈ, ਤੇਹੋ ਜਿਹਾ ਸਾਂਗ ਉਹ (ਜੀਵ ਰੂਪ ਪੁਤਲੀ) ਰਚਾ ਆਂਉਂਦੀ ਹੈ ਭਾਵ ਬਣਾ ਲੈਂਦੀ ਹੈ।੩।

ਅਨਿਕ ਕੋਠਰੀ ਬਹੁਤੁ ਭਾਤਿ ਕਰੀਆ, ਆਪਿ ਹੋਆ ਰਖਵਾਰਾ ॥ ਜੈਸੇ ਮਹਲਿ ਰਾਖੈ ਤੈਸੇ ਰਹਨਾ, ਕਿਆ ਇਹੁ ਕਰੈ ਬਿਚਾਰਾ ॥੪॥ (ਚਾਰ ਖਾਣੀਆਂ ਵਿਚ) ਬਹੁਤ ਕਿਸਮ ਦੀਆਂ ਅਨੇਕਾਂ (ਸਰੀਰ ਰੂਪ) ਕੋਠੜੀਆਂ (ਰੱਬ ਨੇ) ਪੈਦਾ ਕੀਤੀਆਂ ਹਨ ਅਤੇ ਆਪ ਹੀ (ਉਨ੍ਹਾਂ ਦਾ) ਰਖਵਾਲਾ ਬਣਿਆ ਹੋਇਆ ਹੈ।ਇਹ ਵਿਚਾਰਾ (ਜੀਵ ਅਪਣੇ ਆਪ) ਕੀ ਕਰ ਸਕਦਾ ਹੈ? ਜਿਹੋ ਜਿਹੇ ਸਰੀਰ ਵਿਚ (ਪ੍ਰਭੂ ਜੀਵ ਨੂੰ) ਰਖਦਾ ਹੈ, ਉਹੋ ਜਿਹੇ (ਸਰੀਰ ਵਿਚ ਇਸ ਨੂੰ) ਰਹਿਣਾ ਪੈਂਦਾ ਹੈ।੪।

ਜਿਨਿ ਕਿਛੁ ਕੀਆ ਸੋਈ ਜਾਨੈ, ਜਿਨਿ ਇਹ ਸਭ ਬਿਧਿ ਸਾਜੀ ॥ ਕਹੁ ਨਾਨਕ ਅਪਰੰਪਰ ਸੁਆਮੀ, ਕੀਮਤਿ ਅਪੁਨੇ ਕਾਜੀ ॥੫॥ ੫॥੧੨੬॥ ਜਿਸ ਪ੍ਰਭੂ ਨੇ ਇਹ ਸਭ ਕੁਛ ਪੈਦਾ ਕੀਤਾ ਹੈ, ਜਿਸ ਪ੍ਰਭੂ ਨੇ ਸਾਰੀ ਰਚਨਾ ਸਾਜੀ ਹੈ, ਉਹ ਹੀ (ਇਸ ਰਚਨਾ ਨੂੰ) ਜਾਣਦਾ ਹੈ (ਹੋਰ ਕੋਈ ਨਹੀਂ ਜਾਣ ਸਕਦਾ)।ਗੁਰੂ ਜੀ ਆਖਦੇ ਹਨ ਕਿ ਉਹ ਮਾਲਕ ਪ੍ਰਭੂ ਪਰੇ ਤੋਂ ਪਰੇ ਹੈ ਅਤੇ ਅਪਣੇ ਕੰਮਾਂ ਦੀ ਕੀਮਤ ਆਪੇ ਜਾਣਦਾ ਹੈ।੫।੫।੧੨੬।

ਪਦਾਰਥ = ਅਬਿਨਾਸੀ–ਨਾਸ਼ ਰਹਿਤ।ਰਾਇਆ–ਪ੍ਰਕਾਸ਼ ਸਰੂਪ; ਰਾਜਾ।ਬਸਤੇ–ਵਸਦੇ ਹਨ।ਡਰਨੁ–ਡਰ।ਕਹਾ ਤੇ–ਕਿਥੋਂ।੧। ਰਹਾਉ।ਮਹਲਿ–ਸਰੀਰ ਵਿਚ; ਜਗ੍ਹਾ; ਅਵਸਥਾ ਵਿਚ।ਅਫਾਰੋ–ਹੰਕਾਰੀ; ਅਮੋੜ; ਅੜਬ।ਨਿਮਾਨੋ–ਮਾਣ (ਹੰਕਾਰ) ਰਹਿਤ; ਸਨ ਮਾਨ ਰਹਿਤ।ਆਪੇ ਆਪ–ਪੂਰਾ ਮਾਲਕ (ਖੁਦ ਮੁਖਤਿਆਰ); ਦੂਜੇ ਦੀ ਸਹਾਇਤਾ ਤੋਂ ਬਿਨਾ; ਅਭਿਮਾਨੀ।ਗਰੀਬਾਨੋ–ਗਰੀਬੀ ਵਾਲਾ।੧।ਬਕਤਾ–ਬੁਲਾਰਾ (ਬੋਲਣ ਵਾਲਾ)।ਖਲੁ–ਮੂਰਖ।ਹੋਤਾ–ਹੁੰਦਾ ਹੈਂ।ਗ੍ਰਾਹਜੁ–ਗ੍ਰਹਿਣ (ਇਕੱਠਾ) ਕਰਨ ਵਾਲਾ।ਨ ਲੇਤਾ– ਨਹੀਂ ਲੈਂਦਾ।੨।ਕਾਠ–ਲੱਕੜ।ਪੁਤਰੀ–ਪੁਤਲੀ (ਖਿਡੌਣਾ)।ਕਹਾ ਕਰੈ–ਕੀ ਕਰ ਸਕਦੀ ਹੈ?।ਭੇਖੁ–ਸ੍ਵਾਂਗ।ਖਿਲਾਵਨਹਾਰੋ–(ਨਟ; ਬਾਜੀਗਰ) ਖਿਡਾਉਣ ਵਾਲਾ।ਸਾਜੁ ਆਨੈ–ਬਣਾ ਆਉਂਦੀ ਹੈ; ਰੂਪ ਧਾਰ ਆਉਂਦੀ ਹੈ।੩।ਕੋਠਰੀ–(ਸਰੀਰ ਰੂਪ) ਕੋਠੜੀਆਂ।ਭਾਤਿ –ਕਿਸਮ ਦੀਆਂ।ਕਰੀਆ–ਬਣਾਈਆਂ (ਪੈਦਾ ਕੀਤੀਆਂ) ਹਨ।ਰਖਵਾਰਾ–ਰਖਵਾਲਾ।ਜੈਸੇ–ਜਿਹੋ ਜਿਹੇ।ਤੈਸੇ–ਉਹੋ ਜਿਹੇ।ਇਹੁ– ਇਹ (ਜੀਵ)।੪।ਜਿਨਿ–ਜਿਸ ਨੇ।ਕੀਆ–ਪੈਦਾ ਕੀਤਾ।ਸੋਈ–ਉਹ ਹੀ।ਬਿਧਿ–ਰਚਨਾ।ਸਾਜੀ–ਰਚੀ ਹੈ।ਅਪਰੰਪਰ–ਪਰੇ ਤੋਂ ਪਰੇ ;ਬੇ ਹੱਦ।ਕਾਜੀ–ਕੰਮਾਂ ਦੀ।੫।੫।੧੨੬।

All Rights Reserved by Harjinder Singh Gyani | www.GuruGranthVakhyaan.org

ਵਿਆਖਿਆ = ਜਦ ਤੇਰੇ ਨਾਲ ਨਿਰਭਉ ਪ੍ਰਭੂ ਰਾਜਾ ਵਸਦਾ ਹੈ ਤਾਂ ਡਰ ਕਿਥੋਂ ਆ ਗਿਆ? ਨਿਰਭੈ ਦੇ ਸੰਗ ਵਿਚ ਭੈ ਨਹੀਂ ਆਉਂਦਾ, ਜੇ ਭੈ ਆਉਂਦਾ ਹੈ ਤਾਂ ਤੂੰ ਨਿਰਭੈ ਦੇ ਨਾਲ ਨਹੀਂ ਵਸਦਾ। ਉਹ ਤਾਂ ਸਰਬ ਵਿਆਪੀ ਹੈ, ਸਭ ਦੇ ਨਾਲ ਹੈ, ਤਾਂ ਫਿਰ ਡਰ ਕਿਉਂ ਆਉਂਦਾ ਹੈ? ਮਨੁੱਖ ਰੱਬ ਨੂੰ ਭੁੱਲਿਆ ਹੋਇਆ ਹੈ, ਇਸੇ ਕਰਕੇ ਡਰਦਾ ਹੈ, ਭੁੱਲ ਦਾ ਕਾਰਣ ਹਉਂ ਹੈ। ਜਿਸ ਕਰਕੇ ਪਦਾਰਥਾਂ ਤੇ ਸਬੰਧੀਆਂ ਨਾਲ ਪ੍ਰੇਮ ਹੈ, ਜੇ ਮਨ ਕਰਕੇ ਅਬਿਨਾਸੀ ਰੱਬ ਦੇ ਨਾਲ ਵਸੇ ਤਾਂ ਮਨੁੱਖ ਵੀ ਰੱਬ ਰੂਪ ਹੋ ਕੇ ਅਬਿਨਾਸੀ ਪਦ ਪਾ ਸਕਦਾ ਹੈ। ਸੁਰਤ ਦੀਆਂ ਹਾਲਤਾਂ ਸਰੀਰ ਦੇ ਅੰਦਰ ਦੇ ਟਿਕਾਣੇ ਹਨ। ਜਿਸ ਤਰ੍ਹਾਂ ਦਾ ਭਾਵ ਸੁਰਤ ਤੇ ਛਾ ਜਾਂਦਾ ਹੈ, ਉਸੇ ਤਰ੍ਹਾਂ ਦਾ ਸੁਭਾਵ ਬਣ ਜਾਂਦਾ ਹੈ। ਸਰੀਰ ਇਕ ਕੋਠੜੀ ਹੈ, ਸਰੀਰ ਦੇ ਅੰਦਰ ਹੋਰ ਕੋਠੜੀਆਂ ਸੁਰਤ ਦੇ ਟਿਕਾਣੇ ਹਨ। ਭੈ, ਹੰਕਾਰ ਤੇ ਨਿਮ੍ਰਤਾ ਆਦਿ ਸਭ ਸੁਰਤ ਦੀਆਂ ਹਾਲਤਾਂ ਹਨ। ਇਸ ਲਈ ਮਨੁੱਖ ਦੇ ਵਸ ਵਿਚ ਕੀ ਹੈ? ਇਹ ਵਿਚਾਰਾ ਕੀ ਕਰ ਸਕਦਾ ਹੈ। ਪ੍ਰਭੂ ਰਖਵਾਲਾ ਵੀ ਹੈ, ਜਿਵੇਂ ਉਹ ਰੱਖੇ, ਉਵੇਂ ਹੀ ਰਹਿਣਾ ਪੈਂਦਾ ਹੈ। {ਜੋ ਭਾਵੈ ਸੋ ਕਾਰ ਕਰਾਵੈ। ਨਾਨਕ ਦ੍ਰਿਸਟੀ ਅਵਰੁ ਨ ਆਵੈ। ...ਜੋ ਤਿਸੁ ਭਾਵੈ ਸੋਈ ਕਰਾਵੈ ੨੭੭}। ਭੈ, ਹੰਕਾਰ, ਨਿਮ੍ਰਤਾ ਆਦਿ ਜੋ ਅਨੇਕਾਂ ਭਾਵ ਵਾਪਰਦੇ ਹਨ, ਇਹ ਜਿਵੇਂ ਖਿਡਾਉਣ ਵਾਲਾ ਜੀਵਾਂ ਨੂੰ ਖਿਡਾਉਂਦਾ ਹੈ, ਉਸ ਅਨੁਸਾਰ ਹੀ ਖੇਲ ਹੋ ਰਹੀ ਹੈ {ਨਾਨਾ ਰੂਪ ਜਿਉ ਸ੍ਵਾਗੀ ਦਿਖਾਵੈ। ਜਿਉ ਪ੍ਰਭ ਭਾਵੈ ਤਿਵੈ ਨਚਾਵੈ ੨੭੮}। ਪ੍ਰਸ਼ਨ ਹੈ ਇਹ, ਕਿ ਖੇਲ ਕਿਉ ਰਚੀ ਹੈ? ਉਤਰ ਇਹ ਹੈ ਕਿ ਜਿਸ ਪ੍ਰਭੂ ਨੇ ਇਹ ਖੇਲ ਰਚੀ ਹੈ, ਉਹ ਹੀ ਜਾਣਦਾ ਹੈ। ਉਸਦੇ ਰਚੇ ਹੋਏ ਜੀਵ ਰਚਣਹਾਰ ਦੇ ਆਸ਼ੇ ਨੂੰ ਨਹੀਂ ਜਾਣ ਸਕਦੇ। **(ਸੰ.ਪੋ. ਦਾ ਸਾਰੰਸ਼)**

ਕਬਹੂ ਊਚ ਨੀਚ ਮਹਿ ਬਸੈ। ਕਬਹੂੰ ਸੋਗ ਹਰਖ ਰੰਗਿ ਹਸੈ।
ਕਬਹੂ ਨਿੰਦ ਚਿੰਦ ਬਿਉਹਾਰ। ਕਬਹੂ ਊਭ ਅਕਾਸ ਪਇਆਲ। (੨੭੭)

ਗਉੜੀ ਮਹਲਾ ੫ ॥ਛੋਡਿ ਛੋਡਿ ਰੇ ਬਿਖਿਆ ਕੇ ਰਸੂਆ ॥ ਉਰਝਿ ਰਹਿਓ ਰੇ ਬਾਵਰ ਗਾਵਰ, ਜਿਉ ਕਿਰਖੈ ਹਰਿਆਇਓ ਪਸੂਆ ॥੧॥ਰਹਾਉ॥ ਹੇ ਭਾਈ! (ਤੂੰ) ਵਿਸ਼ਿਆਂ ਦੇ ਰਸਾਂ ਨੂੰ ਛਡ ਦੇ ਛਡ ਦੇ (ਬਿਮਾਰ ਜਾਂ ਸਰੀਰ ਕਮਜੋਰ ਹੋਣ ਤੇ ਵੀ ਛਡਣੇ ਹੀ ਪੈਣੇ ਹਨ)। ਹੇ ਝੱਲੇ! ਹੇ ਮੂਰਖ! (ਤੂੰ ਇਨ੍ਹਾਂ ਰਸਾਂ ਵਿਚ ਇਉਂ) ਉਲਝ ਰਿਹਾ ਹੈਂ, ਜਿਵੇਂ ਹਰਿਆਓ ਪਸ਼ੂ ਖੇਤ (ਦਾ ਚਾਰਾ ਖਾਣ) ਵਿਚ ਮਸਤ ਹੁੰਦਾ ਹੈ (ਵਿਸ਼ਿਆਂ ਵਲ ਦੌੜਦਾ ਹੈ, ਹਰਿਆਏ ਡੰਗਰ ਵਾਂਗ ਬਿਗਾਨਾ ਧਨ ਤੇ ਰੂਪ ਤੱਕਦਾ ਰਹਿੰਦਾ ਹੈਂ)।੧। ਰਹਾਉ।

ਜੋ ਜਾਨਹਿ ਤੂੰ ਅਪੁਨੇ ਕਾਜੈ, ਸੋ ਸੰਗਿ ਨ ਚਾਲੈ ਤੇਰੈ ਤਸੂਆ ॥ਨਾਗੋ ਆਇਓ ਨਾਗ ਸਿਧਾਸੀ, ਫੇਰਿ ਫਿਰਿਓ ਅਰੁ ਕਾਲਿ ਗਰਸੂਆ ॥੧॥ ਜਿਹੜੇ (ਪਦਾਰਥ) ਤੂੰ ਅਪਣੇ ਕੰਮ ਆਉਣ ਵਾਲੇ ਸਮਝਦਾ ਹੈਂ, ਉਹ (ਮਰਨ ਵੇਲੇ) ਥੋੜੀ ਜਿਹੀ ਦੂਰ ਤਕ ਵੀ ਤੇਰੇ ਨਾਲ ਨਹੀਂ ਜਾਣਗੇ। (ਤੂੰ ਸੰਸਾਰ ਵਿਚ) ਨੰਗਾ ਆਇਆ ਹੈਂ ਤੇ ਨੰਗਾ ਹੀ ਚਲਾ ਜਾਵੇਂਗਾ, (ਜਨਮ ਮਰਣ ਦੇ) ਗੇੜ ਵਿਚ ਫਿਰਦਾ ਰਿਹਾ ਹੈਂ ਅਤੇ (ਇਉਂ ਬਾਰ ਬਾਰ ਤੈਨੂੰ) ਕਾਲ ਨੇ ਖਾਧਾ ਹੈ; (ਹੁਣ ਵੀ ਤੈਨੂੰ) ਕਾਲ ਨੇ ਫੜਿਆ ਹੋਇਆ ਹੈ।੧।

ਪੇਖਿ ਪੇਖਿ ਰੇ ਕਸੁੰਭ ਕੀ ਲੀਲਾ, ਰਾਚਿ ਮਾਚਿ ਤਿਨਹੂੰ ਲਉ ਹਸੂਆ ॥ ਛੀਜਤ ਡੋਰਿ ਦਿਨਸੁ ਅਰੁ ਰੈਨੀ, ਜੀਅ ਕੋ ਕਾਜੁ ਨ ਕੀਨੋ ਕਛੂਆ ॥੨॥ ਓਇ ਮੂਰਖਾ! ਕਸੁੰਭੇ ਫੁੱਲ ਦੇ ਰੰਗ ਵਾਂਙ ਛੇਤੀ ਨਾਸ਼ ਹੋਣ ਵਾਲੀ ਮਾਇਆ ਦੀ ਖੇਡ ਦੇਖ ਦੇਖ ਕੇ ਅਤੇ ਉਨ੍ਹਾਂ (ਖੇਡਾਂ) ਵਿਚ ਰਚ ਮਿਚ ਕੇ ਖੁਸ਼ ਹੁੰਦਾ ਹੈਂ। (ਪਰ ਤੇਰੇ) ਸੁਆਸਾਂ ਦੀ ਡੋਰੀ ਦਿਨ ਰਾਤ ਕਰਕੇ ਨਾਸ਼ ਹੁੰਦੀ ਜਾ ਰਹੀ ਹੈ, (ਤੂੰ ਅਪਣੇ) ਜਿੰਦ ਦੇ ਉਧਾਰ ਲਈ ਕੁਛ ਕੰਮ ਨਹੀਂ ਕੀਤਾ (ਜੋ ਅੱਗੇ ਪ੍ਰਲੋਕ ਵਿਚ ਸਹਾਈ ਹੋ ਸਕੇ)।੨।

ਕਰਤ ਕਰਤ ਇਵ ਹੀ ਬਿਰਧਾਨੋ, ਹਾਰਿਓ ਉਕਤੇ ਤਨੁ ਖੀਨਸੂਆ ॥ ਜਿਉ ਮੋਹਿਓ ਉਨਿ ਮੋਹਨੀ ਬਾਲਾ, ਉਸ ਤੇ ਘਟੈ ਨਾਹੀ ਰੁਚ ਚਸੂਆ ॥੩॥ ਇਸੇ ਤਰ੍ਹਾਂ (ਦੁਨੀਆਂ ਦੇ ਵਿਹਾਰ) ਕਰਦਿਆਂ ਕਰਦਿਆਂ ਤੂੰ ਬੁੱਢਾ ਹੋ ਗਿਆ ਹੈਂ, ਬੋਲਣੋਂ ਰਹਿ ਗਿਆ ਤੇ ਸਰੀਰ ਵੀ ਕਮਜੋਰ ਹੋ ਗਿਆ ਹੈ। ਜਿਵੇਂ (ਤੈਨੂੰ ਜਵਾਨੀ) ਵਿਚ ਮੋਹ ਲੈਣ ਵਾਲੀ ਉਸ ਮਾਇਆ ਨੇ ਮੋਹਿਆ ਸੀ, ਉਸ ਤੋਂ (ਤੇਰੀ) ਪ੍ਰੀਤ ਰੱਤਾ ਭਰ ਵੀ ਨਹੀਂ ਘਟੀ (ਭਾਵੇਂ ਹੁਣ ਬੁੱਢਾ ਹੋ ਗਿਆ ਹੈਂ)।੩।

ਜਗੁ ਐਸਾ ਮੋਹਿ ਗੁਰਹਿ ਦਿਖਾਇਓ, ਤਉ ਸਰਣਿ ਪਰਿਓ ਤਜਿ ਗਰਬਸੂਆ ॥ ਮਾਰਗੁ ਪ੍ਰਭ ਕੋ ਸੰਤਿ ਬਤਾਇਓ, ਦ੍ਰਿੜੀ ਨਾਨਕ ਦਾਸ ਭਗਤਿ ਹਰਿ ਜਸੂਆ ॥੪॥੬॥੧੨੭॥ (ਹੇ ਭਾਈ! ਜਦ) ਗੁਰੂ ਨੇ ਮੈਨੂੰ ਦਿਖਾ ਦਿਤਾ ਹੈ ਕਿ ਜਗਤ ਇਹੋ ਜਿਹਾ ਹੈ, ਤਦ (ਮੈਂ

ਅਪਣੇ ਅੰਦਰੋਂ) ਹੰਕਾਰ ਤੇ ਈਰਖਾ ਛਡ ਕੇ (ਗੁਰੂ ਦੀ) ਸ਼ਰਣ ਪੈ ਗਿਆ ਹਾਂ।(ਜਦ ਮੈਨੂੰ) ਸੰਤ ਗੁਰੂ ਨੇ ਪ੍ਰਭੂ ਨੂੰ ਮਿਲਣ ਦਾ ਰਸਤਾ ਦਸ ਦਿਤਾ, (ਤਾਂ) ਦਾਸ ਨਾਨਕ ਨੇ ਹਰੀ ਦਾ ਜਸ ਕਰਨ ਵਾਲੀ ਭਗਤੀ ਦ੍ਰਿੜ ਕਰ ਲਈ ਹੈ; ਗੁਰੂ ਨਾਨਕ ਦੇਵ ਜੀ ਦੀ ਦੱਸੀ ਹੋਈ ਹਰੀ ਦੇ ਜਸ ਵਾਲੀ ਭਗਤੀ ਦਾਸ (ਗੁਰੂ ਅਰਜਨ ਦੇਵ ਜੀ) ਨੇ ਦ੍ਰਿੜ ਕਰ ਲਈ ਹੈ (ਸੰ.ਪੋ.)।੪।੬।੧੨੬।

ਪਦਾਰਥ = ਰੇ-ਹੇ ਭਾਈ!।ਬਿਖਿਆ ਕੇ-ਵਿਸ਼ਿਆਂ ਦੇ; ਮਾਇਆ ਦੇ।ਰਸੂਆ-ਸੁਆਦ; ਚਸਕੇ।ਉਰਝਿ ਰਹਿਓ-ਫਸ ਰਿਹਾ ਹੈਂ। ਬਾਵਰ-ਕਮਲਾ (ਝੱਲਾ)।ਗਾਵਰ-ਮੂਰਖ।ਕਿਰਖੈ-ਖੇਤ ਵਿਚ।ਹਰਿਆਓ-ਹਰਿਆਲੀ ਦੇਖ ਕੇ ਖੇਤ ਵੱਲ ਨੂੰ ਬਿਨਾ ਰੁਕੇ ਭੱਜਣ ਵਾਲਾ (ਡੰਗਰ); ਅਵਾਰਾ; ਅਮੋੜ; ਪਰਾਇਆ ਹੱਕ ਖਾਣ ਵਾਲਾ ਮਨੁੱਖ।੧।ਰਹਾਉ।ਅਪੁਨੇ ਕਾਜੈ-ਅਪਣੇ ਕੰਮ ਵਿਚ ਆਉਣ ਵਾਲੇ (ਪਦਾਰਥ)।ਸੋ-ਉਹ।ਤਸੂਆ-ਰੱਤਾ ਭਰ ਵੀ; ਗਜ ਦਾ ਚੌਬੀਵਾਂ ਹਿੱਸਾ।ਸਿਧਾਸੀ-ਚਲਾ ਜਾਵੇਂਗਾ।ਫੇਰਿ-(ਜਨਮ ਮਰਣ ਦੇ) ਗੇੜ ਵਿਚ।ਫਿਰਿਓ-ਫਿਰਦਾ ਰਿਹਾ ਹੈਂ।ਅਰੁ-ਅਤੇ।ਕਾਲਿ-ਕਾਲ (ਮੌਤ) ਨੇ।ਗਰਸੂਆ-ਖਾ ਲਿਆ ਹੈ; ਫੜਿਆ ਹੈ।੧।ਪੇਖਿ-ਦੇਖ ਕੇ।ਕਸੁੰਭ-ਕਸੁੰਭੇ ਦੇ ਫੁੱਲ ਵਾਂਗ ਥੋੜਾ ਚਿਰ ਰਹਿਣ ਵਾਲੀ ਮਾਇਆ।ਲੀਲਾ-ਖੇਡ।ਰਾਚਿ ਮਾਚਿ-ਰਚ ਮਿਚ ਕੇ।ਤਿਨ ਹੂੰ-ਉਨ੍ਹਾਂ।ਲਉ-ਨਾਲ; ਵਿਚ।ਹਸੂਆ-ਖੁਸ਼ ਹੁੰਦਾ ਹੈਂ।ਛੀਜਤ-ਨਾਸ਼ ਹੋ ਰਹੀ ਹੈ।ਡੋਰਿ-(ਸੁਆਸਾਂ ਦੀ) ਡੋਰੀ।ਰੈਨੀ-ਰਾਤ।ਜੀਅ ਕੋ-ਜਿੰਦ ਲਈ।ਕਾਜੁ-ਕੰਮ।ਕਛੂਆ-ਕੁਛ; ਕੋਈ।੨।ਕਰਤ ਕਰਤ-(ਮਾਇਆ ਦੇ ਧੰਦੇ; ਦੁਨੀਆਂ ਦੇ ਵਿਹਾਰ) ਕਰਦਿਆਂ ਹੋਇਆਂ। ਇਵ ਹੀ-ਇਸੇ ਤਰ੍ਹਾਂ।ਬਿਰਧਾਨੋ-ਬੁੱਢਾ ਹੋ ਗਿਆ।ਹਾਰਿਓ-ਰਹਿ ਗਿਆ।ਉਕਤੇ-ਬਚਨ ਬੋਲਣ ਤੋਂ।ਖੀਨਸੂਆ-ਕਮਜੋਰ ਹੋ ਗਿਆ।ਮੋਹਿਓ-ਮੋਹ ਲਿਆ।ਉਨਿ-ਉਸ ਨੇ।ਮੋਹਨੀ-ਮੋਹ ਲੈਣ ਵਾਲੀ।ਬਾਲਾ-ਇਸਤ੍ਰੀ (ਮਾਇਆ); ਜਵਾਨੀ।ਤੇ-ਤੋਂ।ਰੁਚ-ਰੁਚੀ; ਇੱਛਾ; ਪ੍ਰੇਮ।ਚਸੂਆ-ਚਸਾ ਭਰ (ਥੋੜੀ ਜਿਹੀ)।੩।ਮੋਹਿ-ਮੈਨੂੰ।ਗੁਰਹਿ-ਗੁਰੂ ਨੇ।ਤਉ-ਤਦ।ਪਰਿਓ-ਪਿਆ ਹਾਂ।ਤਜਿ-ਛਡ ਕੇ।ਗਰਬਸੂਆ-ਗਰਬ+ਅਸੂਆ-ਹੰਕਾਰ ਤੇ ਈਰਖਾ।ਕੋ-ਦਾ।ਦ੍ਰਿੜੀ-ਮਨ ਵਿਚ ਪੱਕੀ ਕੀਤੀ।ਜਸੂਆ-ਜਸ।੪।੬।੧੨੭।

ਗਉੜੀ ਮਹਲਾ ੫ ॥ ਤੁਝ ਬਿਨੁ ਕਵਨੁ ਹਮਾਰਾ ॥ ਮੇਰੇ ਪ੍ਰੀਤਮ ਪ੍ਰਾਨ ਅਧਾਰਾ ॥੧॥ਰਹਾਉ॥ ਹੇ ਮੇਰੇ ਪ੍ਰਾਣਾਂ ਦੇ ਆਸਰਾ ਪ੍ਰੀਤਮ! ਤੇਰੇ ਬਿਨਾ ਸਾਡਾ ਕੌਣ (ਸਹਾਈ) ਹੈ? ਭਾਵ ਹੋਰ ਕੋਈ ਸਹਾਈ ਨਹੀਂ।੧।ਰਹਾਉ।

ਅੰਤਰ ਕੀ ਬਿਧਿ ਤੁਮ ਹੀ ਜਾਨੀ, ਤੁਮ ਹੀ ਸਜਨ ਸੁਹੇਲੇ ॥ ਸਰਬ ਸੁਖਾ ਮੈ ਤੁਝ ਤੇ ਪਾਏ, ਮੇਰੇ ਠਾਕੁਰ ਅਗਹ ਅਤੋਲੇ ॥੧॥ (ਮੇਰੇ) ਅੰਦਰ ਦੀ ਹਾਲਤ ਤੁਸੀਂ ਹੀ ਜਾਣੀ ਹੈ ਅਤੇ ਤੁਸੀਂ ਹੀ (ਮੇਰੇ) ਸੁਖਦਾਈ ਸੱਜਣ ਹੋ।ਹੇ ਮੇਰੇ ਅਥਾਹ ਤੇ ਅਤੋਲ ਮਾਲਕ ਪ੍ਰਭੂ! ਮੈਂ ਸਾਰੇ ਸੁਖ ਤੇਰੇ ਤੋਂ ਹੀ ਪ੍ਰਾਪਤ ਕੀਤੇ ਹਨ।੧।

ਅੰਗ ੨੦੭ = ਬਰਨਿ ਨ ਸਾਕਉ ਤੁਮਰੇ ਰੰਗਾ, ਗੁਣ ਨਿਧਾਨ ਸੁਖ ਦਾਤੇ ॥ ਅਗਮ ਅਗੋਚਰ ਪ੍ਰਭ ਅਬਿਨਾਸੀ, ਪੂਰੇ ਗੁਰ ਤੇ ਜਾਤੇ ॥੨॥ ਹੇ ਗੁਣਾਂ ਦੇ ਖਜਾਨੇ! ਹੇ ਸੁੱਖਾਂ ਦੇ ਦਾਤੇ ਪ੍ਰਭੂ! (ਮੈਂ) ਤੁਹਾਡੇ ਕੌਤਕ ਵਰਨਣ ਨਹੀਂ ਕਰ ਸਕਦਾ।ਹੇ ਅਪਹੁੰਚ ਤੇ ਅਦ੍ਰਿਸਟ! ਹੇ ਨਾਸ਼ ਰਹਿਤ ਪ੍ਰਭੂ! (ਮੈਂ ਤੁਹਾਨੂੰ) ਪੂਰੇ ਗੁਰੂ ਤੋਂ ਜਾਣਿਆ ਹੈ।੨।

ਭ੍ਰਮ ਭਉ ਕਾਟਿ ਕੀਏ ਨਿਹਕੇਵਲ, ਜਬ ਤੇ ਹਉਮੈ ਮਾਰੀ ॥ ਜਨਮ ਮਰਣ ਕੋ ਚੂਕੋ ਸਹਸਾ, ਸਾਧ ਸੰਗਤਿ ਦਰਸਾਰੀ ॥੩॥ ਜਦ ਤੋਂ (ਗੁਰੂ ਨੇ ਸਾਡੀ) ਹਉਮੈ ਮਾਰ ਦਿਤੀ ਹੈ, ਭਰਮ ਤੇ ਡਰ ਕੱਟ ਕੇ (ਸਾਨੂੰ) ਪਵਿਤ੍ਰ ਜੀਵਨ ਵਾਲੇ ਕਰ ਦਿਤਾ ਹੈ।ਸਾਧ ਸੰਗਤ ਦਾ ਦਰਸ਼ਨ ਕਰਨ ਨਾਲ ਜਨਮ ਮਰਣ ਦਾ ਫਿਕਰ ਦੂਰ ਹੋ ਗਿਆ ਹੈ (ਚਿੰਤਾ ਸੀ ਕਿ ਜਨਮ ਮਰਣ ਵਿਚ ਪਿਆ ਰਹਾਂਗਾ)।੩।

ਚਰਣ ਪਖਾਰਿ ਕਰਉ ਗੁਰ ਸੇਵਾ, ਬਾਰਿ ਜਾਉ ਲਖ ਬਰੀਆ ॥ ਜਿਹ ਪ੍ਰਸਾਦਿ ਇਹੁ ਭਉਜਲੁ ਤਰਿਆ, ਜਨ ਨਾਨਕ ਪ੍ਰਿਅ ਸੰਗਿ ਮਿਰੀਆ ॥੪॥੭॥੧੨੮॥ (ਹੁਣ ਮੈਂ) ਗੁਰੂ ਦੇ ਚਰਣ ਧੋ ਕੇ ਸੇਵਾ ਕਰਦਾ ਹਾਂ ਅਤੇ ਲੱਖਾਂ ਬਾਰੀ ਸਦਕੇ ਜਾਂਦਾ ਹਾਂ।(ਕਿਉਂਕਿ) ਜਿਸ ਗੁਰੂ ਦੀ ਕ੍ਰਿਪਾ ਨਾਲ ਦਾਸ ਨਾਨਕ ਪਿਆਰੇ ਪ੍ਰਭੂ ਨਾਲ ਮਿਲਿਆ ਹੈ ਅਤੇ ਸੰਸਾਰ ਸਮੁੰਦਰ ਤੋਂ ਤਰ ਗਿਆ ਹੈ।੪।੭।੧੨੮।

ਪਦਾਰਥ = ਕਵਨੁ-ਕੌਣ।ਅਧਾਰਾ-ਆਸਰਾ।੧।ਰਹਾਉ।ਅੰਤਰ ਕੀ-(ਹਿਰਦੇ ਦੇ) ਅੰਦਰ ਦੀ।ਬਿਧਿ-ਹਾਲਤ।ਸੁਹੇਲੇ-ਸੁਖ ਦੇਣ ਵਾਲਾ।ਤੇ-ਤੋਂ।ਅਗਹ-ਅਥਾਹ; ਨਾ ਫੜਿਆ ਜਾਣ ਵਾਲਾ।ਅਤੋਲੇ-ਹੇ ਨਾ ਜਾਚੇ ਜਾਣ ਵਾਲੇ; ਹੇ ਅਦੁਤੀ!।੧।ਬਰਨਿ-ਵਰਨਣ ਕਰਨਾ।ਨ ਸਾਕਉ-ਨਹੀ ਸਕਦਾ।ਰੰਗਾ-ਚੋਜ; ਕੌਤਕ।ਗੁਣ ਨਿਧਾਨ-ਹੇ ਗੁਣਾਂ ਦੇ ਖਜਾਨੇ।ਅਗਮ-ਅਪਹੁੰਚ।ਅਗੋਚਰ-ਅਦ੍ਰਿਸਟ; ਇੰਦ੍ਰੀਆਂ ਦੀ ਪਹੁੰਚ ਤੋ ਪਰੇ।ਅਬਿਨਾਸੀ-ਨਾਸ਼ ਰਹਿਤ।ਜਾਤੇ-ਜਾਣਿਆ ਹੈ।੨।ਨਿਹਕੇਵਲ-ਪਵਿਤ੍ਰ ਜੀਵਨ ਵਾਲੇ; ਨਿਰਲੇਪ।

www.gurugranthvakhyaan.org

ਮੁਕਤ। ਜਬ ਤੇ-ਜਦ ਤੋਂ। ਕੋ-ਦਾ। ਚੂਕੋ-ਦੂਰ ਹੋ ਗਿਆ। ਸਹਸਾ-ਫਿਕਰ। ਦਰਸਾਰੀ-ਦਰਸ਼ਨ ਕਰਨ ਨਾਲ।੩। ਪਖਾਰਿ-ਧੋ ਕੇ। ਬਾਰਿ ਜਾਉ-ਸਦਕੇ ਜਾਂਦਾ ਹਾਂ। ਲਖ ਬਰੀਆ-ਲੱਖਾਂ ਵਾਰੀ। ਪ੍ਰਿਅ-ਪਿਆਰਾ ਪ੍ਰਭੂ। ਮਿਰੀਆ-ਮਿਲਿਆ ਹਾਂ।੪।੭।੧੨੮।

ਗਉੜੀ ਮਹਲਾ ੫ ॥ ਤੁਝ ਬਿਨੁ ਕਵਨੁ ਰੀਝਾਵੈ ਤੋਹੀ ॥ ਤੇਰੋ ਰੂਪੁ ਸਗਲ ਦੇਖਿ ਮੋਹੀ ॥੧॥ਰਹਾਉ॥ (ਹੇ ਵਾਹਿਗੁਰੂ!) ਤੇਰੇ ਬਿਨਾ ਤੈਨੂੰ ਕੌਣ ਪ੍ਰਸੰਨ ਕਰ ਸਕਦਾ ਹੈ? ਭਾਵ ਕੋਈ ਨਹੀਂ ਕਰ ਸਕਦਾ, ਕਿਉਂਕਿ ਤੇਰੀ ਪ੍ਰਸੰਨਤਾ ਤੇਰੇ ਹੱਥ ਵਿਚ ਹੈ, ਕਿਸੇ ਕਰਮ ਧਰਮ ਦੁਆਰਾ ਜਾਂ ਪਦਾਰਥ ਭੇਟ ਕਰਨ ਨਾਲ ਪ੍ਰਸੰਨ ਨਹੀਂ ਹੁੰਦਾ, ਕਿਉਂਕਿ ਸਾਰੇ ਪਦਾਰਥ ਤਾਂ ਉਸੇ ਦੇ ਬਖਸ਼ਿਸ਼ ਕੀਤੇ ਹੋਏ ਹਨ {ਧਰਤੀ ਚੀਜੀ ਕਿ ਕਰੇ, ਜਿਸੁ ਵਿਚਿ ਸਭੁ ਕਿਛੁ ਹੋਇ ੧੫੦}। ਤੇਰਾ ਸੁੰਦਰ ਰੂਪ ਦੇਖ ਕੇ ਸਾਰੀ ਦੁਨੀਆਂ ਮੋਹੀ ਗਈ ਹੈ।੧। ਰਹਾਉ।

ਸੁਰਗ ਪਇਆਲ ਮਿਰਤ ਭੂਅ ਮੰਡਲ, ਸਰਬ ਸਮਾਨੋ ਏਕੈ ਓਹੀ ॥ ਸਿਵ ਸਿਵ ਕਰਤ ਸਗਲ ਕਰ ਜੋਰਹਿ, ਸਰਬ ਮਇਆ ਠਾਕੁਰ ਤੇਰੀ ਦੋਹੀ ॥੧॥ ਸੁਰਗ, ਪਤਾਲ, ਮਾਤ ਲੋਕ ਤੇ ਧਰਤੀ ਆਦਿ ਮੰਡਲਾਂ ਵਿਚ, ਸਾਰਿਆਂ ਵਿਚ ਇਕ ਉਹ ਪ੍ਰਭੂ ਹੀ ਸਮਾ ਰਿਹਾ ਹੈ। ਸਾਰੇ ਜੀਵ ਵਾਹਿਗੁਰੂ ਵਾਹਿਗੁਰੂ ਕਰਦੇ ਹੋਏ (ਤੇਰੇ ਅੱਗੇ) ਹੱਥ ਜੋੜਦੇ ਹਨ, ਸਾਰਿਆਂ ਤੇ ਦਇਆ ਕਰਨ ਕਰਨ ਵਾਲੇ ਹੇ ਮਾਲਕ ਪ੍ਰਭੂ! ਸਾਰੇ (ਤੇਰੇ ਦਰ ਤੇ ਸਹਾਇਤਾ ਲਈ) ਪੁਕਾਰ ਕਰਦੇ ਹਨ; ਸਾਰੇ ਥਾਂਵਾਂ ਤੇ ਤੇਰਾ ਹੁਕਮ ਫਿਰ ਰਿਹਾ ਹੈ।੧।

ਪਤਿਤ ਪਾਵਨ ਠਾਕੁਰ ਨਾਮੁ ਤੁਮਰਾ, ਸੁਖਦਾਈ ਨਿਰਮਲ ਸੀਤਲੋਹੀ ॥ ਗਿਆਨ ਧਿਆਨ ਨਾਨਕ ਵਡਿਆਈ, ਸੰਤ ਤੇਰੇ ਸਿਉ ਗਾਲ ਗਲੋਹੀ ॥੨॥੮॥੧੨੯॥ ਹੇ ਮਾਲਕ ਪ੍ਰਭੂ! ਤੇਰਾ ਨਾਮ ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ ਹੈ, (ਦੁਖੀਆਂ ਨੂੰ) ਸੁਖ ਦੇਣ ਵਾਲਾ ਹੈ, (ਮੈਲਿਆਂ ਨੂੰ) ਨਿਰਮਲ ਤੇ (ਤਪਦੇ ਮਨਾਂ ਨੂੰ) ਸੀਤਲ ਕਰਨ ਵਾਲਾ ਹੈ। ਗੁਰੂ ਜੀ ਆਖਦੇ ਹਨ ਕਿ ਤੇਰੇ ਸੰਤਾਂ ਨਾਲ (ਪ੍ਰਭੂ ਦੀ ਸਿਫਤ ਸਲਾਹ ਵਾਲੇ) ਬਚਨ ਕਰਨੇ, (ਸੇਵਕਾਂ ਵਾਸਤੇ ਇਹੋ ਹੀ) ਗਿਆਨ, ਧਿਆਨ ਤੇ ਵਡਿਆਈ (ਇੱਜਤ) ਹੈ।੨।੮।੧੨੯।

ਪਦਾਰਥ = ਕਵਨੁ-ਕੌਣ। ਰੀਝਾਵੈ-ਪ੍ਰਸੰਨ ਕਰੇ। ਤੋਹੀ-ਤੈਨੂੰ। ਸਗਲ-ਸਾਰੀ (ਦੁਨੀਆਂ)। ਮੋਹੀ-ਮੋਹਿਤ ਹੋਈ ਹੈ।੧। ਰਹਾਉ। ਸੁਰਗ -ਸਵੱਰਗ। ਪਇਆਲ-ਪਤਾਲ। ਮਿਰਤ-ਮਾਤ ਲੋਕ। ਭੂਅ ਮੰਡਲ-ਪ੍ਰਿਥਵੀ ਮੰਡਲ (ਬ੍ਰਹਮੰਡ)। ਸਮਾਨੋ-ਵਿਆਪਕ ਹੋ ਰਿਹਾ ਹੈ; ਸਮਾਇਆ ਹੋਇਆ ਹੈ। ਏਕੈ ਓਹੀ-ਇਕ ਉਹ ਪ੍ਰਭੂ ਹੀ। ਸਿਵ-ਕਲਿਆਣ ਕਰਨ ਵਾਲਾ ਵਾਹਿਗੁਰੂ। ਕਰ-ਹੱਥ। ਜੋਰਹਿ-ਜੋੜਦੇ ਹਨ। ਮਇਆ-ਦਇਆ। ਦੋਹੀ-ਸਹਾਇਤਾ ਲਈ ਪੁਕਾਰ; ਹੁਕਮ।੧। ਪਤਿਤ-ਪਾਪੀ। ਪਾਵਨ-ਪਵਿਤ੍ਰ। ਸੁਖਦਾਈ-ਸੁਖ ਦੇਣ ਵਾਲਾ। ਸੀਤਲੋਹੀ-ਸੀਤਲ ਕਰਨ ਵਾਲਾ। ਸਿਉ-ਨਾਲ। ਗਾਲ ਗਲੋਹੀ-(ਸਿਫਤ ਸਲਾਹ ਦੀ) ਗਲਬਾਤ ਕਰਨੀ।੨।੮।੧੨੯।

ਵਿਆਖਿਆ = ਤੂੰ ਬੇਅੰਤ ਹੈਂ, ਸਭ ਤੈਨੂੰ ਦੇਖ ਮੋਹੀ ਗਈ ਹੈ। ਤੇਰੇ ਜੇਹਾ ਹੋਰ ਕੋਈ ਹੋਵੇ ਤਾਂ ਤੈਨੂੰ ਪ੍ਰਸੰਨ ਕਰ ਸਕੇ, ਪਰ ਕਿਉਂਕਿ ਨਹੀਂ ਹੈ, ਇਸ ਲਈ ਤੇਰੇ ਬਿਨਾ ਤੈਨੂੰ ਹੋਰ ਕੌਣ ਪ੍ਰਸੰਨ ਕਰੇ? (ਸ਼ਬਦਾਰਥ)। ਤੇਰੀ ਕਿਰਪਾ ਤੋਂ ਬਿਨਾ ਤੈਨੂੰ ਕੌਣ ਪ੍ਰਸੰਨ ਕਰ ਸਕਦਾ ਹੈ? (ਫ.ਸ.; ਦਰਪਣ ਨੇ ਇਸੇ ਤਰ੍ਹਾਂ ਦੇ ਅਰਥ ਕੀਤੇ ਹਨ)। ਕਿਸੇ ਦੀ ਸੁੰਦਰਤਾ ਤੇ ਵੀ ਉਹ ਖੁਸ਼ ਨਹੀਂ ਹੁੰਦਾ, ਕਿਉਂਕਿ ਉਹਦੇ ਨਾਲੋਂ ਜਿਆਦਾ ਸੁੰਦਰ ਕੋਈ ਨਹੀਂ। ਸਾਰੇ ਲੋਕ ਹੱਥ ਜੋੜ ਕੇ ਉਸ ਪ੍ਰਭੂ ਤੋਂ ਮੰਗਦੇ ਹਨ, ਉਹ ਸਾਰਿਆਂ ਤੇ ਦਇਆ ਕਰਦਾ ਹੈ, ਇਹ ਗੁਣ ਹੋਰ ਕਿਸੇ ਵਿਚ ਨਹੀਂ ਹੈ। ਫਿਰ ਜਿਨ੍ਹਾਂ ਤੇ ਦਇਆਲ ਹੋ ਜਾਂਦਾ ਹੈ, ਉਨ੍ਹਾਂ ਨੂੰ ਨਾਮ ਦੀ ਬਖਸ਼ਿਸ਼ ਕਰਦਾ ਹੈ। ਜੋ ਪਾਪੀਆਂ ਨੂੰ ਪਵਿਤ੍ਰ ਤੇ ਤਪਦੇ ਮਨਾਂ ਨੂੰ ਸੀਤਲ ਕਰ ਦਿੰਦਾ ਹੈ। ਜਦ ਇਹ ਗੁਣ ਸੇਵਕ ਵਿਚ ਆ ਜਾਣ ਤਾਂ ਸੇਵਕ ਤੇ ਪ੍ਰਸੰਨ ਹੋ ਜਾਂਦਾ ਹੈ।

ਗਉੜੀ ਮਹਲਾ ੫ ॥ ਮਿਲਹੁ ਪਿਆਰੇ ਜੀਆ ॥ ਪ੍ਰਭ ਕੀਆ ਤੁਮਾਰਾ ਥੀਆ ॥੧॥ਰਹਾਉ॥ ਹੇ ਮੇਰੇ ਦਿਲ ਦੇ ਪਿਆਰੇ ਪ੍ਰਭੂ! (ਮੈਨੂੰ) ਮਿਲ। (ਜਗਤ ਵਿਚ ਜੋ ਕੁਛ) ਹੁੰਦਾ ਹੈ, ਤੁਹਾਡਾ ਕੀਤਾ ਹੀ ਹੋ ਰਿਹਾ ਹੈ।੧। ਰਹਾਉ।

ਅਨਿਕ ਜਨਮ ਬਹੁ ਜੋਨੀ ਭ੍ਰਮਿਆ, ਬਹੁਰਿ ਬਹੁਰਿ ਦੁਖੁ ਪਾਇਆ ॥ ਤੁਮਰੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ, ਦੇਹੁ ਦਰਸੁ ਹਰਿ ਰਾਇਆ ॥੧॥ (ਇਹ ਜੀਵ) ਅਨੇਕਾਂ ਜਨਮ ਬਹੁਤ ਜੋਨੀਆਂ ਵਿਚ ਭਟਕਦਾ ਰਿਹਾ ਹੈ, ਮੁੜ ਮੁੜ (ਜੰਮ ਕੇ ਤੇ ਮਰ ਕੇ) ਦੁਖ ਹੀ ਪਾਇਆ ਹੈ। (ਹੁਣ) ਤੁਹਾਡੀ ਕ੍ਰਿਪਾ ਨਾਲ ਮਨੁੱਖਾ ਦੇਹ ਪਾਈ ਹੈ, ਹੇ ਹਰੀ ਰਾਜੇ! ਦਰਸ਼ਨ ਦੇਹ (ਤਾਂ ਕਿ ਮੁੜ ਨਾ ਭਟਕੇ)।੧।

ਸੋਈ ਹੋਆ ਜੋ ਤਿਸੁ ਭਾਣਾ, ਅਵਰੁ ਨ ਕਿਨਹੀ ਕੀਤਾ ॥ ਤੁਮਰੈ ਭਾਣੈ ਭਰਮਿ ਮੋਹਿ ਮੋਹਿਆ, ਜਾਗਤੁ ਨਾਹੀ ਸੂਤਾ ॥੨॥ ਉਹ ਹੀ ਕੁਛ ਹੋਇਆ ਹੈ. ਜੋ ਉਸ ਪ੍ਰਭੂ ਨੂੰ ਚੰਗਾ ਲੱਗਾ ਹੈ, (ਇਸ ਵਿਚ) ਹੋਰ ਕਿਸੇ ਨੇ ਕੁਛ ਨਹੀਂ ਕੀਤਾ। (ਹੇ ਪ੍ਰਭੂ!) ਤੇਰੇ ਭਾਣੇ ਵਿਚ ਹੀ (ਮਨੁੱਖ ਮਾਇਆ ਦੇ) ਮੋਹ ਵਿਚ ਤੇ ਭਰਮ ਵਿਚ ਮੋਹਿਆ ਹੋਇਆ ਹੈ, (ਅਤੇ ਅਗਿਆਨਤਾ ਦੀ ਨੀਂਦ ਵਿਚ ਅਜੇਹਾ) ਸੁੱਤਾ ਪਿਆ

All Rights Reserved by Harjinder Singh Gyani | www.GuruGranthVakhyaan.org

ਹੈ, (ਜੋ ਗਿਆਨ ਅਵਸਥਾ ਵਿਚ ਕਦੇ ਵੀ) ਜਾਗਦਾ ਹੀ ਨਹੀਂ।੨।

ਬਿਨਉ ਸੁਨਹੁ ਤੁਮ ਪ੍ਰਾਨਪਤਿ ਪਿਆਰੇ, ਕਿਰਪਾ ਨਿਧਿ ਦਇਆਲਾ ॥ ਰਾਖਿ ਲੇਹੁ ਪਿਤਾ ਪ੍ਰਭ ਮੇਰੇ, ਅਨਾਥਹ ਕਰਿ ਪ੍ਰਤਿਪਾਲਾ ॥੩॥ ਹੇ ਪ੍ਰਾਣਾਂ ਦੇ ਮਾਲਕ! ਹੇ ਪਿਆਰੇ ਪ੍ਰਭੂ! ਹੇ ਕ੍ਰਿਪਾ ਦੇ ਖਜਾਨੇ ਦਿਆਲ ਪ੍ਰਭੂ! ਤੁਸੀਂ (ਮੇਰੀ) ਬੇਨਤੀ ਸੁਣੋ।ਹੇ ਮੇਰੇ ਪਿਤਾ ਪ੍ਰਭੂ! ਅਨਾਥ ਜੀਵਾਂ ਦੀ ਪਾਲਣਾ ਕਰ ਤੇ (ਜਨਮ ਮਰਣ ਤੋਂ) ਰੱਖ ਲਵੋ।੩।

ਜਿਸਨੋ ਤੁਮਹਿ ਦਿਖਾਇਓ ਦਰਸਨੁ, ਸਾਧ ਸੰਗਤਿ ਕੈ ਪਾਛੈ ॥ ਕਰਿ ਕਿਰਪਾ ਧੂਰਿ ਦੇਹੁ ਸੰਤਨ ਕੀ, ਸੁਖੁ ਨਾਨਕੁ ਇਹੁ ਬਾਛੈ ॥੪॥੯॥੧੩੦॥ (ਹੇ ਪ੍ਰਭੂ!) ਜਿਸ ਮਨੁੱਖ ਨੂੰ ਤੁਸੀਂ ਦਰਸ਼ਨ ਦਿਖਾਇਆ ਹੈ, ਸਾਧ ਸੰਗਤ ਦੇ ਪਿਛੇ (ਸਦਕੇ ਹੀ ਦਿਖਾਇਆ ਹੈ।ਆਪ ਜੀ ਤੋਂ) ਨਾਨਕ ਇਹੋ ਹੀ ਸੁਖ ਮੰਗਦਾ ਹੈ ਕਿ (ਮੈਨੂੰ) ਕਿਰਪਾ ਕਰਕੇ ਸੰਤਾਂ ਦੀ ਚਰਨ ਧੂੜ ਬਖਸ਼ੋ।੪।੯।੧੩੦।

ਪਦਾਰਥ = ਪਿਆਰੇ ਜੀਆ–ਹੇ ਦਿਲ ਦੇ ਪਿਆਰੇ!; ਹੇ ਜੀਵਾਂ ਨੂੰ ਪਿਆਰ ਕਰਨ ਵਾਲੇ!।ਕੀਆ–ਕੀਤਾ ਹੋਇਆ।ਥੀਆ–ਹੁੰਦਾ ਹੈ।੧।ਰਹਾਉ।ਭਰਮਿਆ–ਭਟਕਿਆ ਹੈ।ਬਹੁਰਿ ਬਹੁਰਿ–ਮੁੜ ਮੁੜ।ਤੇ–ਨਾਲ; ਤੋਂ।ਹਰਿ ਰਾਇਆ–ਹੇ ਹਰੀ ਰਾਜੇ!।੧।ਭਾਣਾ–ਚੰਗਾ ਲੱਗਾ।ਅਵਰੁ–ਹੋਰ।ਕਿਨ ਹੀ–ਕਿਸੇ ਨੇ।ਭਾਣੈ–ਭਾਣੇ (ਹੁਕਮ) ਅਨੁਸਾਰ।੨।ਬਿਨਉ–ਬੇਨਤੀ।ਪ੍ਰਾਨਪਤਿ–ਹੇ ਪ੍ਰਾਣਾਂ ਦੇ ਪਤੀ!।ਕਿਰਪਾ ਨਿਧਿ–ਹੇ ਖਿਰਪਾ ਦੇ ਖਜਾਨੇ!।ਅਨਾਥਹ–ਯਤੀਮਾਂ ਦੀ।ਪ੍ਰਤਿਪਾਲਾ–ਪਾਲਣ ਪੋਸਣ ਕਰਨ ਵਾਲਾ ਪ੍ਰਭੂ।੩।ਜਿਸ ਨੋ–ਜਿਸ ਨੂੰ।ਤੁਮਹਿ–ਤੁਸੀਂ।ਕੈ ਪਾਛੈ–ਦੇ ਸਦਕੇ; ਦੇ ਆਸਰੇ।ਦੇਹੁ–ਦੇਵੋਂ; ਬਖਸ਼ੋ।ਬਾਛੈ–ਚਾਹੁੰਦਾ (ਮੰਗਦਾ) ਹੈ।੪।੯।੧੩੦।

ਗਉੜੀ ਮਹਲਾ ੫ ॥ ਹਉ ਤਾ ਕੈ ਬਲਿਹਾਰੀ ॥ ਜਾ ਕੈ ਕੇਵਲ ਨਾਮੁ ਅਧਾਰੀ ॥੧॥ਰਹਾਉ॥ ਮੈਂ ਉਨ੍ਹਾਂ (ਗੁਰਮੁਖਾਂ) ਤੋਂ ਬਲਹਾਰ ਜਾਂਦਾ ਹਾਂ।ਜਿਨ੍ਹਾਂ ਦੇ (ਜੀਵਨ ਦਾ) ਆਸਰਾ ਕੇਵਲ ਇਕ ਨਾਮ ਹੈ।੧।ਰਹਾਉ।

ਮਹਿਮਾ ਤਾ ਕੀ ਕੇਤਕ ਗਨੀਐ, ਜਨ ਪਾਰਬ੍ਰਹਮ ਰੰਗਿ ਰਾਤੇ ॥ ਸੂਖ ਸਹਜ ਆਨੰਦ ਤਿਨਾ ਸੰਗਿ, ਉਨ ਸਮਸਰਿ ਅਵਰ ਨ ਦਾਤੇ ॥੧॥ (ਹੇ ਭਾਈ! ਜਿਹੜੇ) ਗੁਰਮਖ ਜਨ ਵਾਹਿਗੁਰੂ ਦੇ ਪ੍ਰੇਮ ਰੰਗ ਵਿਚ ਰੰਗੇ ਰਹਿੰਦੇ ਹਨ, ਉਨ੍ਹਾਂ ਦੀ ਮਹਿਮਾਂ ਕਿੰਨੀ ਕੁ ਗਿਣੀਏ? ਉਨ੍ਹਾਂ ਦਾ ਸੰਗ ਕਰਕੇ ਸਹਿਜ ਸੁੱਖ ਦਾ ਅਨੰਦ ਪ੍ਰਾਪਤ ਹੁੰਦਾ ਹੈ, ਉਨ੍ਹਾਂ ਦੇ ਬਰਾਬਰ ਦੇ ਦਾਤੇ ਹੋਰ ਕੋਈ ਨਹੀਂ ਹਨ (ਉਹ ਮੰਗਤੇ ਨਹੀਂ, ਸੱਗੋਂ ਜਗਤ ਵਿਚ ਚਾਰ ਪਦਾਰਥਾਂ ਦੇ ਦਾਤੇ ਹੋ ਕੇ ਵਰਤਦੇ ਹਨ)।੧।

ਜਗਤ ਉਧਾਰਣ ਸੇਈ ਆਏ, ਜੋ ਜਨ ਦਰਸ ਪਿਆਸਾ ॥ ਉਨ ਕੀ ਸਰਣਿ ਪਰੈ ਸੋ ਤਰਿਆ, ਸੰਤ ਸੰਗਿ ਪੂਰਨ ਆਸਾ ॥੨॥ ਜਗਤ ਨੂੰ ਤਾਰਨ ਲਈ ਉਹ ਸੰਤ ਜਨ ਆਏ ਹਨ, ਜਿਨ੍ਹਾਂ ਨੂੰ ਪ੍ਰਭੂ ਦੇ ਦਰਸ਼ਨ ਦੀ ਆਸ ਹੈ।ਉਨ੍ਹਾਂ (ਸੰਤਾਂ) ਦੀ ਸਰਣ ਵਿਚ (ਜੋ ਮਨੁੱਖ) ਪੈਂਦਾ ਹੈ, (ਸਮਝੋ) ਉਹ ਸੰਸਾਰ ਸਮੁੰਦਰ ਤੋਂ ਤਰ ਗਿਆ ਹੈ, (ਅਜੇਹੇ) ਸੰਤਾਂ ਦੀ ਸੰਗਤ ਕਰਕੇ ਆਸਾ ਪੂਰੀ ਹੋ ਜਾਂਦੀ ਹੈ।੨।

ਤਾ ਕੈ ਚਰਣਿ ਪਰਉ ਤਾ ਜੀਵਾ, ਜਨ ਕੈ ਸੰਗਿ ਨਿਹਾਲਾ ॥ ਭਗਤਨ ਕੀ ਰੇਣੁ ਹੋਇ ਮਨੁ ਮੇਰਾ, ਹੋਹੁ ਪ੍ਰਭੁ ਕਿਰਪਾਲਾ ॥੩॥ (ਮੈਂ ਵੀ) ਉਨ੍ਹਾਂ ਸੰਤਾਂ ਦੇ ਚਰਣੀ ਪਵਾਂ ਤਾਂ ਜਿਉਂਦਾ ਹਾਂ, (ਅਜੇਹੇ ਸੰਤ) ਜਨਾਂ ਦੀ ਸੰਗਤ ਵਿਚ ਨਿਹਾਲ ਹੋ ਜਾਈਦਾ ਹੈ।ਹੇ ਪ੍ਰਭੂ! (ਮੇਰੇ ਉਤੇ) ਕ੍ਰਿਪਾਲੂ ਹੋਵੋ, ਮੇਰਾ ਮਨ ਤੇਰੇ ਭਗਤਾਂ ਦੀ ਚਰਣ ਧੂੜ ਹੋ ਜਾਵੇ।੩।

ਰਾਜੁ ਜੋਬਨੁ ਅਵਧ ਜੋ ਦੀਸੈ, ਸਭੁ ਕਿਛੁ ਜੁਗ ਮਹਿ ਘਾਟਿਆ ॥ ਨਾਮੁ ਨਿਧਾਨੁ ਸਦ ਨਵਤਨੁ ਨਿਰਮਲੁ ,ਇਹੁ ਨਾਨਕ ਹਰਿ ਧਨੁ ਖਾਟਿਆ ॥੪॥੧੦॥੧੩੧॥ ਰਾਜ, ਜੁਆਂਨੀ ਤੇ ਉਮਰ ਆਦਿ ਜੋ ਦਿਸਦਾ ਹੈ, ਸਭ ਕੁਛ ਜਗਤ ਵਿਚ ਘਟਦਾ ਜਾਂਦਾ ਹੈ (ਸਦਾ ਟਿਕਣ ਵਾਲੀ ਕੋਈ ਚੀਜ ਨਹੀਂ; ਪਹਿਲੇ ਜੁੱਗਾਂ ਦੇ ਮੁਕਾਬਲੇ) ਕਲਜੁਗ ਵਿਚ ਸਭ ਕੁਝ ਘਟ ਗਿਆ ਹੈ (ਉਮਰਾਂ ਵੀ ਘਟ ਗਈਆਂ, ਇਖਲਾਕੀ ਗੁਣ ਵੀ ਘਟ ਗਏ, ਸੇਵਾ ਭਾਵ ਤੇ ਪੂਜਾ ਪਾਠ ਵੀ ਘਟ ਗਏ।ਪਰ) ਨਾਮ ਰੂਪ ਖਜਾਨਾ ਸਦਾ ਨਵਾਂ ਤੇ ਨਿਰਮਲ ਰਹਿੰਦਾ ਹੈ, ਗੁਰੂ ਜੀ ਆਖਦੇ ਹਨ ਕਿ ਹਰੀ ਦਾ ਇਹ ਨਾਮ ਧਨ (ਅਸੀਂ) ਖੱਟਿਆ ਹੈ।੪।੧੦।੧੩੧।

ਪਦਾਰਥ = ਹਉ–ਮੈਂ।ਤਾ ਕੈ–ਉਨ੍ਹਾਂ ਦੇ।ਜਾ ਕੈ–ਜਿਸ ਦੇ।ਅਧਾਰੀ–ਆਸਰਾ।੧।ਰਹਾਉ।ਤਾ ਕੀ–ਉਨ੍ਹਾਂ ਦੀ।ਕੇਤਕ–ਕਿੰਨੀ ਕੁ। ਗਨੀਐ–ਗਿਣੀਏ।ਜਨ–ਸੇਵਕ।ਰੰਗਿ–ਪ੍ਰੇਮ ਰੰਗ ਵਿਚ।ਰਾਤੇ–ਰੰਗੇ ਹੋਏ ਹਨ।ਸੂਖ ਸਹਜ–ਕਦਰਤੀ ਸੁਖ।ਉਨ–ਉਨ੍ਹਾਂ ਦੇ।ਸਮ ਸਰਿ–ਬਰਾਬਰ।ਅਵਰ–ਹੋਰ।੧।ਉਧਾਰਣ–ਤਾਰਨ ਲਈ।ਸੇਈ–ਉਹ ਹੀ।ਪਰੈ–ਪੈਂਦਾ ਹੈ।੨।ਪਰਉ–(ਮੈਂ) ਪਵਾਂ।ਨਿਹਾਲਾ–ਦੁਖ ਰਹਿਤ; ਪ੍ਰਸੰਨ; ਸਫਲ।ਰੇਣੁ–ਚਰਨ ਧੂੜ।੩।ਅਵਧੁ–ਉਮਰ।ਜੁਗ ਮਹਿ–ਜਗਤ ਵਿਚ।ਘਾਟਿਆ–ਘਟਦਾ ਜਾਂਦਾ ਹੈ।ਨਿਧਾਨੁ–

All Rights Reserved by Harjinder Singh Gyani | www.GuruGranthVakhyaan.org

ਖਜਾਨਾ। ਨਵਤਨੁ–(ਨੂਤਨ) ਨਵਾਂ। ਖਾਟਿਆ–ਕਮਾਇਆ।੪।੧੦।੧੩੧।

ਅੰਗ ੨੦੮ = ਉਥਾਨਕਾ = ਗੁਰੂ ਅਰਜਨ ਦੇਵ ਜੀ ਕੋਲ ਇਕ ਜੋਗੀ ਨੇ ਆ ਕੇ ਜੋਗ ਦੀ ਵਡਿਆਈ ਕੀਤੀ ਅਤੇ ਬੇਨਤੀ ਕੀਤੀ ਕਿ ਤੁਸੀਂ ਵੀ ਜੋਗ ਮੱਤ ਧਾਰਣ ਕਰ ਲਵੋ। ਗੁਰੂ ਜੀ ਜੋਗੀ ਨੂੰ ਅਸਲੀ ਜੋਗ ਦੇ ਲੱਛਣ ਦਸਦੇ ਹੋਏ ਸ਼ਬਦ ਉਚਾਰਦੇ ਹਨ।

ਗਉੜੀ ਮਹਲਾ ੫ ॥ ਜੋਗ ਜੁਗਤਿ ਸੁਨਿ ਆਇਓ ਗੁਰ ਤੇ ॥ ਮੋ ਕਉ ਸਤਿਗੁਰ ਸਬਦਿ ਬੁਝਾਇਓ ॥੧॥ਰਹਾਉ॥ (ਵਾਹਿਗੁਰੂ ਨਾਲ ਜੋੜਨ ਵਾਲੇ ਜੋਗ ਦੀ ਜੁਗਤੀ) ਮੈਨੂੰ ਸਤਿਗੁਰੂ ਨੇ ਸ਼ਬਦ ਦੁਆਰਾ ਸਮਝਾ ਦਿਤੀ ਹੈ।(ਇਸ ਅਸਲੀ) ਜੋਗ ਦੀ ਜੁਗਤੀ (ਮੈਂ ਅਪਣੇ) ਗੁਰੂ ਤੋਂ ਸੁਣ ਕੇ ਆਇਆ ਹਾਂ (ਜੋ ਹੇਠ ਲਿਖੇ ਅਨੁਸਾਰ ਹੈ)।੧।ਰਹਾਉ।

ਨਉ ਖੰਡ ਪ੍ਰਿਥਮੀ ਇਸੁ ਤਨ ਮਹਿ ਰਵਿਆ, ਨਿਮਖ ਨਿਮਖ ਨਮਸਕਾਰਾ ॥ ਦੀਖਿਆ ਗੁਰ ਕੀ ਮੁੰਦ੍ਰਾ ਕਾਨੀ, ਦ੍ਰਿੜਿਓ ਏਕੁ ਨਿਰੰਕਾਰਾ ॥੧॥ (ਵਾਹਿਗੁਰੂ) ਪ੍ਰਿਥਵੀ ਦੇ ਨੌਆਂ ਖੰਡਾਂ ਵਿਚ ਵਿਆਪਕ ਹੈ, (ਉਹ) ਇਸ ਸਰੀਰ ਵਿਚ ਵੀ ਵਿਆਪਕ ਹੈ, (ਇਸ ਤਰ੍ਹਾਂ ਜਾਣ ਕੇ ਮੈਂ ਉਸ ਨੂੰ) ਨਿਮਖ ਨਿਮਖ ਨਮਸ਼ਕਾਰ ਕਰਦਾ ਹਾਂ। ਗੁਰੂ ਦੀ ਦਿਤੀ ਹੋਈ ਸਿਖਿਆ (ਮੈਂ ਅਪਣੇ) ਕੰਨਾਂ ਵਿਚ ਮੁੰਦਰਾਂ ਪਾਈਆਂ ਹਨ, (ਗੁਰੂ ਦੀ ਸਿਖਿਆ ਰਾਹੀਂ ਹੀ ਮਨ ਵਿਚ) ਇਕ ਨਿਰੰਕਾਰ ਨੂੰ ਦ੍ਰਿੜ ਕੀਤਾ ਹੈ (ਜੋਗੀ ਸਾਰੀ ਧਰਤੀ ਤੇ ਫਿਰਦੇ ਰਹਿੰਦੇ ਹਨ, ਉਸਦੇ ਮੁਕਾਬਲੇ ਤੇ ਗੁਰੂ ਦੇ ਦਸੇ ਜੋਗ ਅਨੁਸਾਰ ਸਰਬ ਵਿਆਪਕ ਹਰੀ ਦੀ ਭਾਲ ਦ੍ਰਿੜ ਕਰਾਈ ਹੈ)।੧।

ਪੰਚ ਚੇਲੇ ਮਿਲਿ ਭਏ ਇਕਤ੍ਰਾ, ਏਕਸੁ ਕੈ ਵਸਿ ਕੀਏ ॥ ਦਸ ਬੈਰਾਗਨਿ ਆਗਿਆਕਾਰੀ, ਤਬ ਨਿਰਮਲ ਜੋਗੀ ਥੀਏ ॥੨॥ (ਹੇ ਜੋਗੀ! ਤੁਸੀਂ ਚੇਲੇ ਬਣਾਉਂਦੇ ਹੋ, ਗੁਰੂ ਦੇ ਉਪਦੇਸ਼ ਦੀ ਬਰਕਤ ਨਾਲ ਜਦ ਮੇਰੇ) ਪੰਜ ਚੇਲੇ ਕਾਮ ਕ੍ਰੋਧ ਆਦਿਕ ਮਿਲ ਕੇ ਇਕੱਠੇ ਹੋ ਗਏ ਅਤੇ ਇਕ ਅੰਤਹਕਰਣ ਦੇ ਅਧੀਨ ਕੀਤੇ ਹਨ (ਕਾਮਾਦਿਕ ਆਪੋ ਅਪਣੀ ਖਿਚੋਤਾਣ ਛਡ ਕੇ ਅੰਤਹਕਰਣ ਦੀ ਆਗਿਆ ਵਿਚ ਚਲਦੇ ਹਨ) {ਪੰਚ ਚੇਲੇ ਵਸਿ ਕੀਜਹਿ ਰਾਵਲ, ਇਹੁ ਮਨੁ ਕੀਜੈ ਡੰਡਾਤਾ ੧੫੫}। ਦਸੇ ਇੰਦ੍ਰੀਆਂ ਵਿਕਾਰਾਂ ਵਲੋਂ ਉਪਰਾਮ ਹੋ ਕੇ (ਉਚੀ ਮੱਤ ਦੀ) ਆਗਿਆ ਵਿਚ ਚੱਲਣ ਲਗ ਪਈਆਂ ਹਨ, (ਤੁਹਾਡੇ ਮੱਤ ਵਿਚ ਜੋਗੀ ਬਣੀਆਂ ਬੈਰਾਗਣਾਂ ਦੀ ਥਾਂ ਅਸੀਂ ਦਸ ਇੰਦ੍ਰੀਆਂ ਨੂੰ ਵਿਸ਼ਿਆਂ ਤੋਂ ਬੈਰਾਗਵਾਨ ਬਣਾਇਆ ਹੈ, ਜਦ ਇਸ ਤਰ੍ਹਾਂ ਦੀ ਪ੍ਰਾਪਤੀ ਹੋਈ) ਤਦ ਅਸੀਂ ਪਵਿਤ੍ਰ ਜੋਗੀ ਹੋਏ ਹਾਂ।੨। ਦਸ ਇੰਦ੍ਰੀ ਕਰਿ ਰਾਖੈ ਵਾਸਿ।...(੨੩੬)। ਇੰਦ੍ਰੀ ਦਸੇ ਦਸੇ ਫੁਨਿ ਧਾਵਤ, ਤ੍ਰੈ ਗੁਣੀਆ ਖਿਨੁ ਨ ਟਿਕਾਵੈਗੋ।(੧੩੧੦)

ਭਰਮੁ ਜਰਾਇ ਚਰਾਈ ਬਿਭੂਤਾ, ਪੰਥੁ ਏਕੁ ਕਰਿ ਪੇਖਿਆ ॥ ਸਹਜ ਸੁਖ ਸੋ ਕੀਨੀ ਭੁਗਤਾ, ਜੋ ਠਾਕੁਰਿ ਮਸਤਕਿ ਲੇਖਿਆ ॥੩॥ (ਤੁਸੀਂ ਪਿੰਡੇ ਤੇ ਸੁਆਹ ਮਲਦੇ ਹੋ, ਅਸੀਂ) ਭਰਮ ਜਲਾ ਕੇ (ਅਪਣੇ ਸਰੀਰ ਉਤੇ ਨਿਸਭ੍ਰਮਤਾ ਦੀ) ਸੁਆਹ ਚੜ੍ਹਾਈ ਹੈ ਅਤੇ ਸਭ ਵਿਚ ਨਿਰੰਕਾਰ ਨੂੰ ਇਕ ਕਰਕੇ ਦੇਖਿਆ ਹੈ, (ਇਹੋ ਸਾਡਾ ਜੋਗ) ਪੰਥ ਹੈ; ਸਾਰੇ ਸੰਸਾਰੀ ਜੀਵਾਂ ਨੂੰ ਇਕ ਪੰਥ (ਹਮ ਜਮਾਤੀ) ਕਰਕੇ ਦੇਖਿਆ (ਜਾਣਿਆ) ਹੈ (ਮੇਰਾ ਵਿਚਾਰ)। ਜੋ (ਭੋਜਨ ਪ੍ਰਾਪਤ ਹੋਣਾ) ਮਾਲਕ ਪ੍ਰਭੂ ਨੇ ਮੱਥੇ ਤੇ ਲਿਖਿਆ ਹੋਇਆ ਹੈ, ਉਹ ਭੋਜਨ (ਅਸੀਂ) ਸਹਿਜ ਸੁੱਖ ਨੂੰ ਬਣਾਇਆ ਹੈ।੩।

ਜਹ ਭਉ ਨਾਹੀ ਤਹਾ ਆਸਨੁ ਬਾਧਿਓ, ਸਿੰਗੀ ਅਨਹਤ ਬਾਨੀ ॥ ਤਤੁ ਬੀਚਾਰੁ ਡੰਡਾ ਕਰਿ ਰਾਖਿਓ, ਜੁਗਤਿ ਨਾਮੁ ਮਨਿ ਭਾਨੀ ॥੪॥ (ਤੁਸੀਂ ਆਸਣ ਲਗਾਉਂਦੇ ਹੋ ਤੇ ਸਿੰਗੀ ਵਜਾਉਂਦੇ ਹੋ) ਜਿਥੇ (ਵਾਹਿਗੁਰੂ ਦੇ ਦਰ ਤੇ ਕੋਈ) ਡਰ ਨਹੀ, ਉਥੇ (ਅਸੀਂ ਅਪਣਾ) ਆਸਣ ਬਣਾਇਆ ਹੈ ਅਤੇ ਬਾਣੀ ਦਾ ਇਕ ਰਸ ਉਚਾਰਣ (ਸਾਡੀ) ਸਿੰਗੀ ਹੈ।(ਤੁਸੀਂ ਡੰਡਾ ਰਖਦੇ ਹੋ) ਸੱਤ ਅਸੱਤ ਦੇ ਵਿਚਾਰ ਨੂੰ (ਅਸੀਂ) ਡੰਡਾ ਬਣਾ ਕੇ ਰਖਿਆ ਹੈ, ਵਾਹਿਗੁਰੂ ਦਾ ਨਾਮ ਸਿਮਰਨ (ਮੇਰੇ) ਮਨ ਵਿਚ ਚੰਗਾ ਲੱਗਾ ਹੈ, (ਸਾਡੇ ਲਈ) ਇਹੋ ਹੀ ਜੋਗੀਆਂ ਵਾਲੀ ਜੁਗਤੀ (ਤਰੀਕਾ) ਹੈ।੪।

ਐਸਾ ਜੋਗੀ ਵਡਭਾਗੀ ਭੇਟੈ, ਮਾਇਆ ਕੇ ਬੰਧਨ ਕਾਟੈ ॥ ਸੇਵਾ ਪੂਜ ਕਰਉ ਤਿਸੁ ਮੂਰਤਿ ਕੀ, ਨਾਨਕੁ ਤਿਸੁ ਪਗ ਚਾਟੈ ॥੫॥੧੧॥੧੩੨॥ ਐਸਾ ਜੋਗ ਸਿਖਾਉਣ ਵਾਲਾ ਜੋਗੀ ਸਤਿਗੁਰੂ ਵੱਡੇ ਭਾਗਾਂ ਨਾਲ ਮਿਲਦਾ ਹੈ, (ਜੋ ਮਨੁੱਖ ਦੇ) ਮਾਇਆ ਦੇ ਬੰਧਨ ਕੱਟ ਦਿੰਦਾ ਹੈ।(ਮੈਂ ਭੀ) ਉਸ ਮੂਰਤ (ਜੋਗੀ ਸਤਿਗੁਰੂ) ਦੀ ਸੇਵਾ ਕਰਦਾ ਹਾਂ, ਪੂਜਾ ਕਰਦਾ ਹਾਂ, ਨਾਨਕ (ਗੁਰੂ ਅਰਜਨ ਦੇਵ ਜੀ) ਉਸ (ਜੋਗ ਸਿਖਾਉਣ ਵਾਲੇ ਜੋਗੀ ਸਤਿਗੁਰੂ ਰਾਮਦਾਸ ਜੀ) ਦੇ ਚਰਨ ਚਟਦਾ ਹੈ।੫।੧੧।੧੩੨।

ਪਦਾਰਥ = ਜੋਗ ਜੁਗਤਿ–ਜੋਗ ਦਾ ਤਰੀਕਾ; (ਵਾਹਿਗੁਰੂ ਨਾਲ) ਜੁੜਨ ਦਾ ਢੰਗ। ਗੁਰ ਤੇ–ਗੁਰੂ ਤੋਂ। ਮੋ ਕਉ–ਮੈਨੂੰ। ਬੁਝਾਇਓ–

All Rights Reserved by Harjinder Singh Gyani | www.GuruGranthVakhyaan.org

ਸਮਝਾ ਦਿਤਾ ਹੈ।੧।ਰਹਾਉ।ਨਉ ਖੰਡ–ਧਰਤੀ ਦੇ ਨੌਂ ਖੰਡ; ਸਾਰੀ ਧਰਤੀ।ਰਵਿਆ–ਫੈਲਿਆ ਹੋਇਆ; ਵਿਆਪਕ (ਨੌਂ ਖੰਡ ਪ੍ਰਿਥਵੀ ਦਾ ਮਾਲਕ ਇਸ ਤਨ ਵਿਚ ਵਿਆਪਕ ਹੈ)।ਨਿਮਖ–ਅੱਖ ਝਮਕਣ ਜਿੰਨਾ ਸਮਾਂ।ਦੀਖਿਆ–ਗੁਰ ਮੰਤ੍ਰ।ਕਾਨੀ–ਕੰਨਾਂ ਵਿਚ।ਦ੍ਰਿੜਿਓ–ਹਿਰਦੇ ਵਿਚ ਪੱਕੀ ਤਰ੍ਹਾਂ ਟਿਕਾ ਲਿਆ।੧।ਪੰਚ ਚੇਲੇ–ਪੰਜ ਕਾਮ ਆਦਿਕ (ਕਾਮ ਆਦਿਕ ਮਨੁਖ ਨੂੰ ਅਪਣੇ ਅਧੀਨ ਕਰੀ ਰਖਦੇ ਹਨ, ਪਰ ਗੁਰਮੁਖ ਇਨ੍ਹਾਂ ਨੂੰ ਚੇਲਿਆਂ ਵਾਂਗ ਆਗਿਆਕਾਰੀ ਬਣਾ ਲੈਂਦਾ ਹੈ) {ਸਗਲ ਸ੍ਰਿਸਟਿ ਕੇ ਪੰਚ ਸਿਕਦਾਰ।ਰਾਮ ਭਗਤ ਕੇ ਪਾਨੀਹਾਰ ੮੬੫}।ਭਏ–ਹੋਏ।ਇਕਤ੍ਰਾ–ਇਕੱਠੇ।ਏਕਸੁ ਕੇ–ਇਕ ਅੰਤਹਕਰਨ ਦੇ; ਇਕ ਸ਼ੁੱਧ ਮਨ ਦੇ।ਵਸਿ–ਅਧੀਨ। ਦਸ ਬੈਰਾਗਨਿ–ਦਸ ਇੰਦ੍ਰੀਆਂ (ਪੰਜ ਗਿਆਨ ਇੰਦ੍ਰੀਆਂ–ਕੰਨ ਤੁਚਾ ਨੇਤ੍ਰ ਰਸਨਾ ਨਾਸਿਕਾ ਤੇ ਪੰਜ ਕਰਮ ਇੰਦ੍ਰੀਆਂ–ਮੁਖ ਹੱਥ ਪੈਰ ਗੁਦਾ ਲਿੰਗ) ਇੰਦ੍ਰੀਆਂ ਨੂੰ ਬੈਰਾਗਨਿ ਇਸ ਲਈ ਕਿਹਾ ਹੈ ਕਿਉਂਕਿ ਉਹ ਪੁਰਾਣਾ ਸੁਭਾਵ ਛਡ ਕੇ ਵਿਸ਼ਿਆਂ ਤੋਂ ਅਲੱਗ ਰਹਿਣਾ ਸਿੱਖ ਗਈਆਂ ਹਨ।ਤਬ–ਤਦ।ਥੀਏ–ਹੋਏ।੨।ਜਰਾਇ–ਜਲਾ ਕੇ।ਚਰਾਈ–ਚੜ੍ਹਾਈ (ਲਗਾਈ)।ਬਿਭੂਤਾ–ਸੁਆਹ।ਪੰਥੁ–ਜੋਗ ਮੱਤ।ਪੇਖਿਆ–ਦੇਖਿਆ।ਸਹਜ ਸੁਖ–ਸਦਾ ਕਾਇਮ ਰਹਿਣ ਵਾਲਾ ਆਤਮਕ ਸੁਖ।ਸੋ–ਉਹ।ਕੀਨੀ–ਕੀਤਾ (ਬਣਾਇਆ)।ਭੁਗਤਾ–ਭੋਜਨ।ਮਸਤਕਿ–ਮੱਥੇ ਉਤੇ।੩।ਜਹ–ਜਿਥੇ (ਰੱਬ ਦੇ ਦਰ ਤੇ; ਆਤਮਕ ਅਵਸਥਾ ਵਿਚ)।ਬਾਧਿਓ–ਲਗਾਇਆ।ਅਨਹਤ ਬਾਨੀ–ਬਾਣੀ ਦਾ ਇਕ ਰਸ ਉਚਾਰਣ; ਨਾਸ਼ ਰਹਿਤ ਰੱਬੀ ਬਾਣੀ।ਤਤੁ ਬੀਚਾਰੁ–ਸੱਤ ਅਸੱਤ ਦੇ ਨਿਰਣੇ ਦਾ ਵਿਚਾਰ; ਮੂਲ ਤੱਤ ਵਾਹਿਗੁਰੂ ਦਾ ਵਿਚਾਰ।ਭਾਨੀ–ਚੰਗਾ (ਪਿਆਰਾ) ਲੱਗਾ।੪।ਵਡਭਾਗੀ–ਵੱਡੇ ਭਾਗਾਂ ਨਾਲ।ਭੇਟੈ–ਮਿਲਦਾ ਹੈ।ਮੂਰਤਿ ਕੀ–ਜੋਗੀ ਸਤਿਗੁਰੂ ਦੀ। ਪਗ–ਪੈਰ (ਚਰਨ)।ਚਾਟੈ–ਚਟਦਾ ਹੈ।੫।੧੧।੧੩੨।

ਵਿਆਖਿਆ = ਗੁਰੂ ਜੀ ਨੇ ਹੱਠ ਜੋਗ ਦੇ ਮੁਕਾਬਲੇ ਤੇ ਗੁਰਮੱਤ ਅਨੁਸਾਰ ਵਾਹਿਗੁਰੂ ਨੂੰ ਮਿਲਣ ਦੇ ਤਰੀਕੇ ਦਸੇ ਹਨ।ਜੋਗੀ ਅਕਸਰ ਜੋਗਾ ਅਭਿਆਸ ਦੁਆਰਾ ਕਰਾਮਾਤਾਂ ਦੀ ਪ੍ਰਾਪਤੀ ਵਿਚ ਲਗ ਜਾਂਦੇ ਹਨ, ਇਨ੍ਹਾਂ ਕਰਮਾਤਾਂ ਨੂੰ ਹੀ ਸਭ ਕੁਛ ਸਮਝਦੇ ਹਨ।ਜਾਂ ਫਿਰ ਜੇ ਕੋਈ ਉਚਾ ਉਠਦਾ ਵੀ ਹੈ ਤਾਂ ਉਹ ਚਿਤ ਬ੍ਰਿਤੀਆਂ ਦੇ ਨਿਰੋਧ ਨੂੰ ਹੀ ਜੋਗ ਜਾਣ ਲੈਂਦਾ ਹੈ।ਇਨ੍ਹਾਂ ਜੋਗੀਆਂ ਵਿਚ ਰੱਬ ਦੀ ਪ੍ਰਾਪਤੀ ਦਾ ਆਸ਼ਾ ਘਟ ਹੀ ਹੈ।ਕਰਾਮਾਤਾਂ ਦੇ ਹੰਕਾਰ ਅਤੇ ਹੋਰ ਵਾਸ਼ਨਾਵਾਂ ਦੇ ਕਾਰਣ ਜੋਗੀ ਦਾ ਮਨ ਮੈਲਾ ਹੋ ਜਾਂਦਾ ਹੈ।ਗੁਰੂ ਜੀ ਨਾਮ ਸਿਮਰਨ ਰਾਹੀਂ ਵਾਹਿਗੁਰੂ ਦਾ ਮੇਲ ਹੋਣਾ ਦਸਦੇ ਹਨ, ਗੁਰਮਤ ਦਾ ਇਹੋ ਹੀ ਸਹਿਜ ਜੋਗ ਹੈ।ਨਾਮ ਸਿਮਰਨ ਦੇ ਅਭਿਆਸੀ ਦਾ ਮਨ ਨਿਰਮਲ ਹੁੰਦਾ ਹੈ।ਅਖੀਰ ਵਿਚ ਗੁਰੂ ਅਰਜਨ ਦੇਵ ਜੀ ਦਸ ਰਹੇ ਹਨ ਕਿ ਗੁਰੂ ਰਾਮਦਾਸ ਜੀ ਤੋਂ ਅਸੀਂ ਅਸਲ ਜੋਗ ਪ੍ਰਾਪਤ ਕੀਤਾ ਹੈ।ਸਤਿਗੁਰੂ ਰਾਮਦਾਸ ਜੀ ਦੀ ਸੇਵਾ ਕਰਕੇ ਅਸੀਂ ਅਪਣਾ ਜੀਵਨ ਸਫਲ ਕੀਤਾ ਹੈ।

ਗਉੜੀ ਮਹਲਾ ੫ ॥ ਅਨੂਪ ਪਦਾਰਥੁ ਨਾਮੁ ਸੁਨਹੁ ,ਸਗਲ ਧਿਆਲੇ ਮੀਤਾ ॥ ਹਰਿ ਅਉਖਧੁ ਜਾ ਕਉ ਗੁਰਿ ਦੀਆ, ਤਾ ਕੇ ਨਿਰਮਲ ਚੀਤਾ ॥੧॥ਰਹਾਉ॥ ਹੇ ਮਿਤ੍ਰੋ ! ਸੁਣੋ, ਵਾਹਿਗੁਰੂ ਦਾ ਨਾਮ (ਇਕ ਅਜੇਹਾ) ਪਦਾਰਥ ਹੈ, (ਜਿਸ ਦੀ) ਉਪਮਾ ਕਹੀ ਨਹੀਂ ਜਾ ਸਕਦੀ, (ਇਸ ਲਈ ਇਸ ਨਾਮ ਨੂੰ ਤੁਸੀਂ) ਸਾਰੇ ਸਿਮਰੋ।ਗੁਰੂ ਨੇ ਜਿਸ (ਮਨੁੱਖ) ਨੂੰ ਹਰੀ ਦਾ ਨਾਮ ਅਉਖਧ ਦਿਤਾ ਹੈ, ਉਸ ਦਾ ਚਿੱਤ (ਵਿਸ਼ਿਆਂ ਦੀ ਮੈਲ ਤੋਂ) ਸ਼ੁੱਧ ਹੋ ਗਿਆ ਹੈ।੧।ਰਹਾਉ।

ਅੰਧਕਾਰੁ ਮਿਟਿਓ ਤਿਹ ਤਨ ਤੇ, ਗੁਰਿ ਸਬਦਿ ਦੀਪਕੁ ਪਰਗਾਸਾ ॥ ਭ੍ਰਮ ਕੀ ਜਾਲੀ ਤਾ ਕੀ ਕਾਟੀ, ਜਾ ਕਉ ਸਾਧ ਸੰਗਤਿ ਬਿਸ੍ਵਾਸਾ ॥੧॥ ਉਸ ਮਨੁੱਖ ਦੇ ਸਰੀਰ ਵਿਚੋਂ (ਅਗਿਆਨਤਾ ਦਾ) ਹਨ੍ਹੇਰਾ ਮਿਟ ਗਿਆ ਹੈ, (ਜਿਸ ਦੇ ਹਿਰਦੇ ਵਿਚ) ਗੁਰੂ ਨੇ ਸ਼ਬਦ ਦੁਆਰਾ ਗਿਆਨ ਦਾ ਦੀਵਾ ਜਗਾ ਦਿਤਾ ਹੈ।(ਗੁਰੂ ਨੇ) ਉਸ ਦੀ ਭਰਮ ਦੀ ਫਾਹੀ ਕਟ ਦਿਤੀ ਹੈ, ਜਿਸ (ਮਨੁੱਖ) ਨੂੰ ਸਾਧ ਸੰਗ ਵਿਚ ਵਿਸ਼ਵਾਸ ਬੱਝ ਗਿਆ ਹੈ।੧।

ਤਾਰੀਲੇ ਭਵਜਲੁ ਤਾਰੂ ਬਿਖੜਾ, ਬੋਹਿਥ ਸਾਧੂ ਸੰਗਾ ॥ ਪੂਰਨ ਹੋਈ ਮਨ ਕੀ ਆਸਾ, ਗੁਰੁ ਭੇਟਿਓ ਹਰਿ ਰੰਗਾ ॥੨॥ ਸਾਧੂਆਂ ਦਾ ਸੰਗ ਜਹਾਜ ਦੀ ਨਿਆਈਂ ਹੈ, ਜੋ ਡੂੰਘੇ ਤੇ ਔਖੇ ਤਰੇ ਜਾਣ ਵਾਲੇ ਸੰਸਾਰ ਸਾਗਰ ਤੋਂ ਤਾਰ ਲੈਂਦਾ ਹੈ।(ਉਸ ਮਨੁੱਖ ਦੇ) ਮਨ ਦੀ ਆਸ ਸੰਪੂਰਨ ਹੋ ਗਈ ਹੈ, (ਜਿਸ ਨੂੰ) ਹਰੀ ਨਾਲ ਪਿਆਰ ਕਰਨ ਵਾਲਾ ਗੁਰੂ ਮਿਲਿਆ ਹੈ।੨।

ਨਾਮ ਖਜਾਨਾ ਭਗਤੀ ਪਾਇਆ, ਮਨ ਤਨ ਤ੍ਰਿਪਤਿ ਅਘਾਏ ॥ ਨਾਨਕ ਹਰਿ ਜੀਉ ਤਾ ਕਉ ਦੇਵੈ, ਜਾ ਕਉ ਹੁਕਮੁ ਮਨਾਏ ॥੩॥੧੨॥੧੩੩॥ (ਜਿਨ੍ਹਾਂ) ਭਗਤਾਂ ਨੇ ਨਾਮ ਦਾ ਖਜਾਨਾ ਪਾਇਆ ਹੈ, (ਉਨ੍ਹਾਂ ਦੇ) ਮਨ ਰੱਜ ਗਏ ਹਨ ਤੇ ਤਨ ਵੀ ਰੱਜ ਗਏ ਹਨ।ਗੁਰੂ

All Rights Reserved by Harjinder Singh Gyani | www.GuruGranthVakhyaan.org

ਜੀ ਆਖਦੇ ਹਨ, ਹਰੀ (ਨਾਮ ਦਾ ਖਜਾਨਾ) ਉਨ੍ਹਾਂ ਨੂੰ ਦੇਂਦਾ ਹੈ, ਜਿਨ੍ਹਾਂ ਨੂੰ (ਅਪਣਾ) ਹੁਕਮ ਮਨਵਾ ਲੈਂਦਾ ਹੈ।੩।੧੨।੧੩੩।

ਪਦਾਰਥ = ਅਨੂਪ–ਜਿਸ ਦੀ ਉਪਮਾ ਕਹੀ ਨਾ ਜਾ ਸਕੇ; ਜਿਸ ਵਰਗਾ ਕੋਈ ਦੂਜਾ ਨਹੀਂ (ਬੇ ਮਿਸਾਲ)।ਸਗਲ–ਸਾਰੇ।ਧਿਆਇਲੇ –ਧਿਆ ਲਵੋ।ਮੀਤਾ–ਹੇ ਮਿਤ੍ਰੋ !।ਅਉਖਧੁ–ਦਵਾਈ।ਜਾ ਕਉ–ਜਿਸ ਨੂੰ।ਤਾ ਕੇ–ਉਸ ਦੇ।ਚੀਤਾ–ਚਿੱਤ।੧।ਰਹਾਉ।ਅੰਧਕਾਰੁ–ਮਾਯਾ ਦੇ ਮੋਹ ਦਾ ਹਨ੍ਹੇਰਾ; ਅਗਿਆਨਤਾ ਦਾ ਹਨ੍ਹੇਰਾ।ਤਿਹ–ਉਸ।ਤਨ ਤੇ–ਸਰੀਰ ਤੋਂ (ਵਿਚੋਂ)।ਦੀਪਕੁ–ਦੀਵਾ।ਪਰਗਾਸਾ–ਜਗਾ ਦਿਤਾ।ਜਾਲੀ–ਫਾਹੀ।ਤਾ ਕੀ–ਉਸ ਦੀ।ਬਿਸ੍ਵਾਸਾ–ਭਰੋਸਾ; ਨਿਸਚਾ।੧।ਤਾਰੀਲੇ–ਤਾਰ ਲੈਂਦਾ ਹੈ।ਭਵਜਲੁ–ਸੰਸਾਰ ਸਮੁੰਦਰ।ਤਾਰੂ –ਡੂੰਘਾ; ਅਥਾਹ।ਬਿਖੜਾ–ਔਖਾ।ਬੋਹਿਥ–ਜਹਾਜ।ਭੇਟਿਓ–ਮਿਲਿਆ ਹੈ।ਹਰਿ ਰੰਗਾ–ਹਰੀ ਦੇ ਪਿਆਰ ਵਾਲਾ।੨।ਭਗਤੀ–ਭਗਤਾਂ ਨੇ।ਤ੍ਰਿਪਤਿ–ਰੱਜ ਗਏ।ਅਘਾਏ–ਰੱਜ ਗਏ।ਮਨਾਏ–ਮਨਵਾਉਂਦਾ ਹੈ।੩।੧੨।੧੩੩।

ਵਿਆਖਿਆ = ਵਾਹਿਗੁਰੂ ਦੇ ਨਾਮ ਦੀ ਉਪਮਾ ਕਹੀ ਨਹੀਂ ਜਾ ਸਕਦੀ।ਨਾਮ ਉਹ ਦਵਾਈ ਹੈ, ਜੋ ਹਉਮੈ ਦੇ ਰੋਗ ਨੂੰ ਦੂਰ ਕਰਦਾ ਹੈ ਤੇ ਵਿਸ਼ਿਆਂ ਦੀ ਮੈਲ ਤੋਂ ਚਿੱਤ ਨੂੰ ਨਿਰਮਲ ਕਰ ਦੇਂਦਾ ਹੈ।ਅਗਿਆਨਤਾ ਦੇ ਹਨ੍ਹੇਰੇ ਨੂੰ ਮਿਟਾ ਕੇ ਗਿਆਨ ਦਾ ਪ੍ਰਕਾਸ਼ ਕਰਦਾ ਹੈ ਤੇ ਭਰਮ ਨੂੰ ਦੂਰ ਕਰਦਾ ਹੈ।ਨਾਮ ਜਪਣ ਵਾਲਾ ਮਨੁੱਖ ਆਸਾ ਅੰਦੇਸੇ ਜਿੱਤ ਲੈਂਦਾ ਹੈ, ਜੇ ਕੋਈ ਆਸਾ ਫੁਰੇ ਵੀ ਤਾਂ ਨਾਮ ਪੂਰੀ ਕਰ ਦੇਂਦਾ ਹੈ।ਨਾਮੀ ਪੁਰਖ ਨੂੰ ਆਸਾ ਕੇਵਲ ਪ੍ਰਭੂ ਪ੍ਰਾਪਤੀ ਦੀ ਹੁੰਦੀ ਹੈ।ਨਾਮ ਖਜਾਨਾ ਹੈ, ਜੋ ਮਨ ਨੂੰ ਪੂਰਨ ਤ੍ਰਿਪਤ ਕਰ ਦਿੰਦਾ ਹੈ ਅਤੇ ਕਿਸੇ ਪ੍ਰਕਾਰ ਦੀ ਭੁੱਖ ਰਹਿਣ ਹੀ ਨਹੀਂ ਦਿੰਦਾ।ਨਾਮੀ ਪੁਰਖ ਲੋਭ ਲਾਲਚ ਦੀਆਂ ਲੋੜਾਂ ਤੋਂ ਰਹਿਤ ਹੋ ਜਾਂਦਾ ਹੈ।ਨਾਮ ਦਾ ਮਾਲਕ ਵਾਹਿਗੁਰੂ ਨਾਮੀ ਪੁਰਖ ਨੂੰ ਅਪਨੇ ਭਾਣੇ ਵਿਚ ਤੋਰਦਾ ਹੈ।

ਗਉੜੀ ਮਹਲਾ ੫ ॥ ਦਇਆ ਮਇਆ ਕਰਿ ਪ੍ਰਾਨਪਤਿ ਮੋਰੇ, ਮੋਹਿ ਅਨਾਥ ਸਰਣਿ ਪ੍ਰਭ ਤੋਰੀ ॥ ਅੰਧ ਕੂਪ ਮਹਿ ਹਾਥ ਦੇ ਰਾਖਹੁ ,ਕਛੂ ਸਿਆਨਪ ਉਕਤਿ ਨ ਮੋਰੀ ॥੧॥ਰਹਾਉ॥ ਹੇ ਮੇਰੇ ਪ੍ਰਾਣਾਂ ਦੇ ਮਾਲਕ! (ਮੇਰੇ ਉਤੇ) ਦਇਆ ਕਰ, ਮੇਹਰ ਕਰ, ਮੈਂ ਯਤੀਮ ਤੇਰੀ ਸ਼ਰਣ ਵਿਚ ਆਇਆ ਹਾਂ।(ਮੈਂ ਮਾਇਆ ਮੋਹ ਦੇ) ਅੰਨ੍ਹੇ ਖੂਹ ਵਿਚ ਡਿੱਗਾ ਪਿਆ ਹਾਂ, (ਮੈਨੂੰ ਅਪਣਾ) ਹੱਥ ਦੇ ਕੇ ਰੱਖ (ਕੱਢ) ਲਵੋ, ਮੇਰੀ ਕੁਛ ਸਿਆਣਪ ਤੇ ਦਲੀਲ (ਕੰਮ ਨਹੀਂ ਕਰਦੀ, ਜੋ ਮੈਨੂੰ ਇਸ ਖੂਹ ਵਿਚੋਂ ਕੱਢ ਸਕੇ)।੧।ਰਹਾਉ।

ਕਰਨ ਕਰਾਵਨ ਸਭ ਕਿਛੁ ਤੁਮ ਹੀ, ਤੁਮ ਸਮਰਥ ਨਾਹੀ ਅਨ ਹੋਰੀ ॥ ਤੁਮਰੀ ਗਤਿ ਮਿਤਿ ਤੁਮਹੀ ਜਾਨੀ, ਸੇ ਸੇਵਕ ਜਿਨ ਭਾਗ ਮਥੋਰੀ ॥੧॥ (ਹੇ ਪ੍ਰਭੂ!) ਸਭ ਕੁਛ ਆਪ ਹੀ ਕਰਨ ਵਾਲੇ ਹੋ ਅਤੇ (ਜੀਵਾਂ ਤੋਂ) ਕਰਾਉਣ ਵਾਲੇ ਹੋ, ਤੁਸੀਂ ਸਰਬ ਸ਼ਕਤੀਵਾਨ ਹੋ, (ਤੇਰੇ ਵਰਗਾ ਸਮਰੱਥ) ਹੋਰ ਕੋਈ ਨਹੀਂ।ਤੇਰੀ ਅਵਸਥਾ ਤੇ ਅੰਦਾਜਾ ਤੁਸੀਂ (ਆਪ) ਹੀ ਜਾਣੀ ਹੈ (ਦੂਜੇ ਕਿਸੇ ਨੂੰ ਤੇਰਾ ਭੇਤ ਨਹੀਂ ਮਿਲਿਆ, ਤੇਰੇ) ਸੇਵਕ ਉਹ ਬਣਦੇ ਹਨ, ਜਿਨ੍ਹਾਂ ਦੇ ਮੱਥੇ ਦੇ ਚੰਗੇ ਭਾਗ ਹਨ।੧।

ਅਪੁਨੇ ਸੇਵਕ ਸੰਗਿ ਤੁਮ ਪ੍ਰਭ ਰਾਤੇ, ਓਤਿ ਪੋਤਿ ਭਗਤਨ ਸੰਗਿ ਜੋਰੀ ॥ ਪ੍ਰਿਉ ਪ੍ਰਿਉ ਨਾਮੁ ਤੇਰਾ ਦਰਸਨੁ ਚਾਹੈ, ਜੈਸੇ ਦ੍ਰਿਸਟਿ ਓਹ ਚੰਦ ਚਕੋਰੀ ॥੨॥ ਹੇ ਪ੍ਰਭੂ! ਤੁਸੀਂ ਅਪਨੇ ਸੇਵਕਾਂ ਨਾਲ ਤਾਣੇ ਪੇਟੇ ਵਾਂਗ (ਪੂਰਨ ਤੌਰ ਤੇ) ਰਚੇ ਮਿਚੇ ਹੋਏ ਹੋ ਅਤੇ ਭਗਤਾਂ ਨਾਲ ਪ੍ਰੀਤ ਜੋੜੀ ਹੋਈ ਹੈ।(ਜਿਵੇਂ ਪਪੀਹਾ) ਪ੍ਰਿਓ ਪ੍ਰਿਓ ਰਟਦਾ ਹੈ, (ਉਵੇਂ ਸੇਵਕ ਤੇਰਾ) ਨਾਮ ਉਚਾਰਦੇ ਹਨ ਅਤੇ ਤੇਰਾ ਦਰਸ਼ਨ ਕਰਨਾ ਚਾਹੁੰਦੇ ਹਨ, ਜਿਵੇਂ ਚੰਦ ਨੂੰ ਚਕੋਰ ਪ੍ਰੇਮ ਨਾਲ ਦੇਖਦਾ ਹੈ, ਓਹੋ ਦ੍ਰਿਸਟੀ (ਸੇਵਕਾਂ ਦੀ) ਹੈ।੨।

ਰਾਮ ਸੰਤ ਮਹਿ ਭੇਦੁ ਕਿਛੁ ਨਾਹੀ, ਏਕੁ ਜਨੁ ਕਈ ਮਹਿ ਲਾਖ ਕਰੋਰੀ ॥ ਜਾ ਕੈ ਹੀਐ ਪ੍ਰਗਟੁ ਪ੍ਰਭੁ ਹੋਆ, ਅਨਦਿਨੁ ਕੀਰਤਨੁ ਰਸਨ ਰਮੋਰੀ ॥੩॥ (ਅਜੇਹੇ) ਸੰਤ ਤੇ ਪ੍ਰਮਾਤਮਾ ਵਿਚ ਕੁਛ ਫਰਕ ਨਹੀਂ, (ਪਰ ਅਜੇਹਾ ਸੰਤ) ਸੇਵਕ ਕਈ ਲੱਖਾਂ ਕ੍ਰੋੜਾਂ ਵਿਚੋਂ ਇਕ ਹੀ ਹੁੰਦਾ ਹੈ।ਜਿਸ (ਸੰਤ ਜਨ) ਦੇ ਹਿਰਦੇ ਵਿਚ ਪ੍ਰਭੂ ਪ੍ਰਗਟ ਹੋਇਆ ਹੁੰਦਾ ਹੈ, (ਉਹ) ਹਰ ਰੋਜ ਅਪਣੀ ਰਸਨਾ ਨਾਲ ਕੀਰਤਨ ਉਚਾਰਦਾ ਰਹਿੰਦਾ ਹੈ; ਹਰ ਰੋਜ ਕੀਰਤਨ ਕਰਦਾ ਹੈ ਤੇ ਰਸਨਾ ਨਾਲ ਨਾਮ ਉਚਾਰਦਾ ਰਹਿੰਦਾ ਹੈ (ਸੰ.ਪੋ.)।੨।

ਤੁਮ ਸਮਰਥ ਅਪਾਰ ਅਤਿ ਊਚੇ, ਸੁਖ ਦਾਤੇ ਪ੍ਰਭ ਪ੍ਰਾਨ ਅਧੋਰੀ ॥ ਨਾਨਕ ਕਉ ਪ੍ਰਭ ਕੀਜੈ ਕਿਰਪਾ, ਉਨ ਸੰਤਨ ਕੈ ਸੰਗਿ ਸੰਗੋਰੀ ॥੪॥੧੩॥੧੩੪॥ ਹੇ ਪ੍ਰਭੂ! ਤੁਸੀਂ ਸਮਰੱਥ ਹੋ, ਪਾਰਾਵਾਰ ਤੋਂ ਰਹਿਤ (ਬੇਅੰਤ) ਹੋ, ਬਹੁਤ ਉਚੇ ਹੋ, ਸੁੱਖਾਂ ਦੇ ਦਾਤੇ ਤੇ ਪ੍ਰਾਣਾਂ ਦੇ ਆਸਰਾ ਹੋ।ਹੇ ਪ੍ਰਭੂ ਨਾਨਕ ਉਪਰ (ਇਹ) ਕ੍ਰਿਪਾ ਕਰ, (ਕਿ ਮੈਂ) ਉਨ੍ਹਾਂ ਸੰਤਾਂ ਦੀ ਸੰਗਤ ਵਿਚ ਜੁੜਿਆ ਰਹਾਂ; (ਮੈਨੂੰ) ਉਨ੍ਹਾਂ ਸੰਤਾਂ ਦੀ ਸੰਗਤ ਦੇ ਸੰਗੀ ਬਣਾ ਦੇ (ਟਕਸਾਲ।ਸੰਗੋਰੀ–ਸੰਗੀ)।੪।੧੩।੧੩੪।

All Rights Reserved by Harjinder Singh Gyani | www.GuruGranthVakhyaan.org

ਪਦਾਰਥ = ਮਇਆ ਕਰਿ–ਮੇਹਰ ਕਰ। ਪ੍ਰਾਨ ਪਤਿ–ਪ੍ਰਾਣਾਂ ਦਾ ਮਾਲਕ। ਮੋਰੇ–ਮੇਰੇ। ਮੋਹਿ–ਮੈਂ। ਤੋਰੀ–ਤੇਰੀ। ਅੰਧ ਕੂਪ–ਹਨ੍ਹੇਰਾ ਖੂਹ। ਦੇ–ਦੇ ਕੇ। ਉਕਤਿ–ਦਲੀਲ। ਮੋਰੀ–ਮੇਰੀ। ੧। ਰਹਾਉ। ਸਮਰਥ–ਸਾਰੀ ਤਾਕਤਾਂ ਵਾਲਾ। ਅਨ ਹੋਰੀ–ਕੋਈ ਦੂਜਾ। ਗਤਿ–ਹਾਲਤ ; ਅਵਸਥਾ। ਮਿਤਿ–ਅੰਦਾਜਾ, ਮਾਪ ਤੋਲ। ਸੇ–ਉਹ। ਮਥੋਰੀ–ਮੱਥੇ ਦੇ; ਮੱਥੇ ਉਤੇ। ੧। ਰਾਤੇ–ਰਚੇ ਮਿਚੇ ਹੋ। ਓਤਿ–ਉਣੇ ਹੋਏ ਵਿਚ। ਪੋਤਿ–ਪ੍ਰੋਤੇ ਹੋਏ ਵਿਚ (ਤਾਣੇ ਪੇਟੇ ਵਾਂਗ)। ਜੋਰੀ–ਜੋੜੀ ਹੋਈ ਹੈ। ਪ੍ਰਿਉ ਪ੍ਰਿਉ–ਪਪੀਹੇ ਦਾ ਪ੍ਰਿਉ ਪ੍ਰਿਉ ਰਟਨ; ਪਿਆਰਾ ਪਿਆਰਾ ਕਰਕੇ। ਦ੍ਰਿਸਟਿ–ਨਿਗ੍ਹਾ। ੨। ਭੇਦੁ–ਫਰਕ। ਮਹਿ ਲਾਖ ਕਰੋਰੀ–ਲੱਖਾਂ ਕਰੋੜਾਂ ਵਿਚ। ਜਾ ਕੈ–ਜਿਸ ਦੇ। ਹੀਐ–ਹਿਰਦੇ ਵਿਚ। ਅਨਦਿਨੁ –ਹਰ ਰੋਜ। ਰਸਨ–ਜੀਭ ਨਾਲ। ਰਮੋਰੀ–ਉਚਾਰਦਾ ਹੈ। ੩। ਅਪਾਰ–ਬੇਅੰਤ; ਪਾਰ ਤੋਂ ਰਹਿਤ। ਅਤਿ–ਬਹੁਤ। ਅਧੋਰੀ–ਆਸਰਾ। ਕਉ–ਨੂੰ; ਉਪਰ। ਉਨ–ਉਨ੍ਹਾਂ। ਸੰਗਿ–ਸੰਗਤ ਵਿਚ; ਮੇਲ ਵਿਚ। ਸੰਗੋਰੀ–ਜੁੜਿਆ (ਮਿਲਿਆ) ਰਹਾਂ। ੪। ੧੩। ੧੩੪।

ਅੰਗ ੨੦੯ = ਗਉੜੀ ਮਹਲਾ ੫ ॥ ਤੁਮ ਹਰਿ ਸੇਤੀ ਰਾਤੇ ਸੰਤਹੁ ॥ ਨਿਬਾਹਿ ਲੇਹੁ ਮੋ ਕਉ ਪੁਰਖ ਬਿਧਾਤੇ, ਓੜਿ ਪਹੁਚਾਵਹੁ ਦਾਤੇ ॥੧॥ਰਹਾਉ॥ ਹੇ ਸੰਤ ਗੁਰੂ ਜੀ ! ਤੁਸੀਂ ਪ੍ਰਮਾਤਮਾ ਨਾਲ ਜੁੜੇ ਹੋਏ ਹੋ। ਹੇ ਕਰਮ ਗਤੀ ਬਣਾਉਣ ਵਾਲੇ ਗੁਰੂ ਜੀ ! ਮੈਨੂੰ ਅਪਣੇ ਨਾਲ ਨਿਬਾਹ ਲਵੋ ਅਤੇ ਹੇ ਦਾਤੇ ! ਅਖੀਰ (ਹਰੀ ਦੇ ਦਰ) ਤਕ ਪਹੁੰਚਾ ਦੇਵੋ (ਸ਼ਬਦਾਰਥ)। ੧। ਰਹਾਉ।

ਤੁਮਰਾ ਮਰਮੁ ਤੁਮਾ ਹੀ ਜਾਨਿਆ, ਤੁਮ ਪੂਰਨ ਪੁਰਖ ਬਿਧਾਤੇ ॥ ਰਾਖਹੁ ਸਰਣਿ ਅਨਾਥ ਦੀਨ ਕਉ ,ਕਰਹੁ ਹਮਾਰੀ ਗਾਤੇ ॥੧॥ ਤੁਹਾਡਾ ਭੇਤ ਤੁਸੀਂ ਹੀ ਜਾਣਿਆ ਹੈ, ਤੁਸੀਂ ਪੂਰਨ ਪੁਰਖ ਹੋ ਅਤੇ ਰਚਨਹਾਰ ਹੋ; (ਤੁਸੀਂ) ਪੂਰਨ ਬਿਧਾਤੇ ਪੁਰਖ ਦਾ ਰੂਪ ਹੋ। (ਮੈਨੂੰ) ਗਰੀਬ ਤੇ ਯਤੀਮ ਨੂੰ ਅਪਣੀ ਸ਼ਰਣ ਵਿਚ ਰੱਖੋ ਅਤੇ ਸਾਡੀ ਮੁਕਤ ਕਰ ਦੇਵੋਂ। ੧।

ਤਰਣ ਸਾਗਰ ਬੋਹਿਥ ਚਰਣ ਤੁਮਾਰੇ, ਤੁਮ ਜਾਨਹੁ ਅਪੁਨੀ ਭਾਤੇ ॥ ਕਰਿ ਕਿਰਪਾ ਜਿਸੁ ਰਾਖਹੁ ਸੰਗੇ, ਤੇ ਤੇ ਪਾਰਿ ਪਰਾਤੇ ॥੨॥ (ਹੇ ਗੁਰੂ ਜੀ !) ਆਪ ਜੀ ਦੇ ਚਰਣ ਸੰਸਾਰ ਸਾਗਰ ਦੇ ਤਰਨ ਲਈ ਜਹਾਜ ਹਨ, (ਪਾਰ ਲੰਘਾਉਣ ਦੀ) ਅਪਣੀ ਮਰਿਆਦਾ ਤੁਸੀਂ ਆਪ ਹੀ ਜਾਣਦੇ ਹੋ। ਕਿਰਪਾ ਕਰਕੇ ਜਿਸ ਜਿਸ (ਪੁਰਖ) ਨੂੰ ਨਾਲ ਰਖਦੇ ਹੋ, ਉਹ ਉਹ ਪਾਰ ਪਏ ਹਨ। ੨।

ਈਤ ਊਤ ਪ੍ਰਭ ਤੁਮ ਸਮਰਥਾ, ਸਭੁ ਕਿਛੁ ਤੁਮਰੈ ਹਾਥੇ ॥ ਐਸਾ ਨਿਧਾਨੁ ਦੇਹੁ ਮੋਕਉ ਹਰਿ ਜਨ, ਚਲੈ ਹਮਾਰੈ ਸਾਥੇ ॥੩॥ ਹੇ ਪ੍ਰਭੂ ! ਐਥੇ ਓਥੇ (ਲੋਕ ਪ੍ਰਲੋਕ ਵਿਚ) ਤੁਸੀਂ ਸਾਰੀਆਂ ਸ਼ਕਤੀਆਂ ਦੇ ਮਾਲਕ ਹੋ ਅਤੇ ਸਭ ਕੁਛ ਤੁਹਾਡੇ ਹੱਥ ਵਿਚ ਹੈ। ਹੇ ਹਰੀ ਦੇ ਸੰਤ ਜਨੋਂ ! ਮੈਨੂੰ (ਨਾਮ ਦਾ) ਅਜੇਹਾ ਖਜਾਨਾ ਬਖਸ਼ੋ, ਜੋ (ਰੱਬੀ ਦਰਗਾਹ ਵਿਚ) ਮੇਰੇ ਨਾਲ ਚੱਲੇ। ੩।

ਨਿਰਗੁਨੀਆਰੇ ਕਉ ਗੁਨੁ ਕੀਜੈ, ਹਰਿ ਨਾਮੁ ਮੇਰਾ ਮਨੁ ਜਾਪੇ ॥ ਸੰਤ ਪ੍ਰਸਾਦਿ ਨਾਨਕ ਹਰਿ ਭੇਟੇ, ਮਨ ਤਨ ਸੀਤਲ ਧ੍ਰਾਪੇ ॥੪॥੧੪ ॥੧੩੫॥ (ਅਰਦਾਸ) ਮੈਂ ਨਿਰਗੁਣਿਆਰੇ ਨੂੰ ਗੁਣਵਾਨ ਕਰ ਦਿਓ ਕਿ ਮੇਰਾ ਮਨ ਹਰੀ ਦੇ ਨਾਮ ਨੂੰ ਜਪਦਾ ਰਹੇ। ਸੰਤ ਗੁਰੂ (ਰਾਮਦਾਸ ਜੀ) ਦੀ ਕਿਰਪਾ ਨਾਲ ਨਾਨਕ (ਗੁਰੂ ਅਰਜਨ ਦੇਵ ਜੀ) ਨੂੰ ਪ੍ਰਮਾਤਮਾ ਮਿਲਿਆ ਹੈ, (ਜਿਸ ਕਰਕੇ) ਮਨ ਤਨ ਠੰਢਾ ਠਾਰ ਹੋ ਗਿਆ ਤੇ (ਪਦਾਰਥਾਂ ਵੱਲੋਂ ਵੀ) ਰੱਜ ਗਿਆ ਹੈ। ੪। ੧੪। ੧੩੫।

ਪਦਾਰਥ = ਹਰਿ ਸੇਤੀ–ਹਰੀ ਨਾਲ। ਰਾਤੇ–ਜੁੜੇ ਹੋ; ਪ੍ਰੇਮ ਵਿਚ ਰੰਗੇ ਹੋਏ ਹੋ। ਸੰਤਹੁ–ਹੇ ਸੰਤ ਗੁਰੂ ਜੀ !। ਨਿਬਾਹਿ ਲੇਹੁ–ਨਿਭਾ ਲਵੋ; ਸਿਰੇ ਚੜ੍ਹਾ ਲਵੋ (ਕਿਸੇ ਕੰਮ; ਪ੍ਰੇਮ; ਜਿੰਮੇਵਾਰੀ ਨੂੰ ਅੰਤ ਤਕ ਜਾਰੀ ਰੱਖਣ ਦਾ ਭਾਵ)। ਮੋ ਕਉ–ਮੈਨੂੰ। ਪੁਰਖ ਬਿਧਾਤੇ–ਕਰਮਾਂ ਅਨੁਸਾਰ ਫਲ ਦੇਣ ਵਾਲਾ ਵਾਹਿਗੁਰੂ; । ਓੜਿ–ਅੰਤ ਤਕ। ੧। ਰਹਾਉ। ਮਰਮੁ–ਭੇਤ (ਦਿਲ ਦੀ ਗੱਲ)। ਤੁਮਾ ਹੀ–ਤੁਸੀਂ ਹੀ। ਅਨਾਥ–ਯਤੀਮ । ਦੀਨ–ਗਰੀਬ। ਕਉ–ਨੂੰ। ਗਾਤੇ–ਗਤੀ (ਮੁਕਤੀ)। ੧। ਬੋਹਿਥ–ਜਹਾਜ। ਭਾਤੇ–ਭਾਂਤ; ਰੀਤ; ਮਰਿਆਦਾ। ਤੇ ਤੇ–ਉਹ ਉਹ (ਤੇਤੇ–ਉਤਨੇ ਹੀ)। ਪਾਰਿ ਪਰਾਤੇ–ਪਾਰ ਪਏ ਹਨ। ੨। ਈਤ ਊਤ–ਇਥੇ ਉਥੇ (ਲੋਕ ਪ੍ਰਲੋਕ ਵਿਚ)। ਸਮਰਥਾ–ਸਭ ਤਾਕਤਾਂ ਦਾ ਮਾਲਕ। ਹਾਥੇ–ਹੱਥ ਵਿਚ। ੩। ਜਾਪੇ–ਜਪਦਾ ਰਹੇ। ਭੇਟੇ–ਮਿਲਿਆ। ਧ੍ਰਾਪੇ–ਰੱਜ ਗਿਆ। ੪। ੧੪। ੧੩੫।

ਨੋਟ = ਇਸ ਸ਼ਬਦ ਵਿਚ ਗੁਰੂ ਜੀ ਰਾਮਦਾਸ ਜੀ ਨੂੰ ਸੰਤ ਕਹਿ ਕੇ ਅਰਦਾਸ ਕੀਤੀ ਹੈ ਕਿ ਮੈਨੂੰ ਅਪਣੇ ਚਰਨਾਂ ਵਿਚ ਰੱਖ ਕੇ ਵਾਹਿਗੁਰੂ ਨਾਲ ਮਿਲਾ ਦਿਓ। ਪਿਆਰ ਭਰੇ ਭਰੋਸੇ ਵਿਚ ਗੁਰੂ ਜੀ ਨੂੰ ਪੁਰਖ ਬਿਧਾਤੇ ਪ੍ਰਭੂ ਆਦਿ ਸ਼ਬਦਾਂ ਨਾਲ ਯਾਦ ਕੀਤਾ ਹੈ (ਸ਼ਬਦਾਰਥ)। ਗੁਰੂ ਅਰਜਨ ਦੇਵ ਜੀ ਅਪਣੇ ਗੁਰੂ ਰਾਮਦਾਸ ਜੀ ਨੂੰ ਰੱਬ ਰੂਪ ਜਾਣਦੇ ਹਨ। ਇਸੇ ਲਈ ਗੁਰੂ ਰਾਮਦਾਸ ਜੀ ਲਈ ਪੂਰਨ ਪੁਰਖ, ਬਿਧਾਤਾ ਤੇ ਪ੍ਰਭ ਸ਼ਬਦ ਵਰਤਦੇ ਹਨ {ਰਾਮ, ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ ੧੬੯}।

www.gurugranthvakhyaan.org

ਗਉੜੀ ਮਹਲਾ ੫ ॥ ਸਹਜਿ ਸਮਾਇਓ ਦੇਵ ॥ ਮੋ ਕਉ ਸਤਿਗੁਰ ਭਏ ਦਇਆਲ ਦੇਵ ॥੧॥ਰਹਾਉ॥ ਹੇ ਦੇਵ! ਮੈਂ ਸਹਿਜ ਅਵਸਥਾ ਵਿਚ ਲੀਨ ਹੋ ਗਿਆ ਹਾਂ।(ਕਿਉਂਕਿ) ਹੇ ਦੇਵ! ਮੇਰੇ ਉਤੇ ਸਤਿਗੁਰੂ ਦਿਆਲ ਹੋਏ ਹਨ।੧।ਰਹਾਉ।

ਕਾਟਿ ਜੇਵਰੀ ਕੀਓ ਦਾਸਰੋ, ਸੰਤਨ ਟਹਲਾਇਓ ॥ ਏਕ ਨਾਮ ਕੋ ਥੀਓ ਪੂਜਾਰੀ, ਮੋ ਕਉ ਅਚਰਜੁ ਗੁਰਹਿ ਦਿਖਾਇਓ ॥੧॥ (ਗੁਰੂ ਨੇ ਮਾਇਆ ਮੋਹ ਦੀ) ਰੱਸੀ ਕਟ ਕੇ (ਮੈਨੂੰ ਅਪਣਾ) ਦਾਸ ਬਣਾ ਲਿਆ ਤੇ ਸੰਤਾਂ ਦੀ ਸੇਵਾ ਵਿਚ ਲਾ ਦਿਤਾ।(ਸੇਵਾ ਕਰਦਿਆਂ ਮੈਂ) ਇਕ ਨਾਮ ਦੀ ਪੂਜਾ ਕਰਨ ਵਾਲਾ ਹੋ ਗਿਆ ਹਾਂ, (ਜਿਸ ਦਾ ਸਦਕਾ) ਗੁਰੂ ਨੇ ਮੈਨੂੰ ਅਸਚਰਜ ਰੂਪ ਪ੍ਰਭੂ ਦਿਖਾ ਦਿਤਾ ਹੈ।੧।

ਭਇਓ ਪ੍ਰਗਾਸੁ ਸਰਬ ਉਜੀਆਰਾ, ਗੁਰ ਗਿਆਨੁ ਮਨਹਿ ਪ੍ਰਗਟਾਇਓ ॥ ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ, ਅਨਭੈ ਠਹਰਾਇਓ ॥੨॥ (ਜਦ) ਗੁਰੂ ਦਾ ਗਿਆਨ ਮਨ ਵਿਚ ਪ੍ਰਗਟ ਹੋਇਆ, (ਤਾਂ ਮੇਰੇ ਅੰਦਰ ਵਾਹਿਗੁਰੂ ਦਾ) ਪ੍ਰਕਾਸ਼ ਹੋ ਗਿਆ, (ਜਿਸ ਦਾ) ਪ੍ਰਕਾਸ਼ ਸਭ ਵਿਚ ਹੈ।(ਗੁਰੂ ਦਾ ਬਖਸ਼ਿਆ) ਅੰਮ੍ਰਿਤ ਨਾਮ ਪੀਤਾ ਤਾਂ ਮਨ ਰੱਜ ਗਿਆ ਅਤੇ (ਗੁਰੂ ਨੇ ਮੇਰਾ ਧਿਆਨ) ਪ੍ਰਕਾਸ਼ ਸਰੂਪ ਵਾਹਿਗੁਰੂ ਵਿਚ ਟਿਕਾ ਦਿਤਾ ਹੈ; ਹੋਰ ਡਰ ਰੁਕ ਗਏ (ਸ਼ਬਦਾਰਥ)।੨।

ਮਾਨਿ ਆਗਿਆ ਸਰਬ ਸੁਖ ਪਾਏ, ਦੂਖਹ ਠਾਉ ਗਵਾਇਓ ॥ ਜਉ ਸੁਪ੍ਰਸੰਨ ਭਏ ਪ੍ਰਭ ਠਾਕੁਰ, ਸਭੁ ਆਨਦ ਰੂਪੁ ਦਿਖਾਇਓ ॥੩॥ (ਪ੍ਰਭੂ ਦੀ) ਆਗਿਆ ਮੰਨ ਕੇ ਸਾਰੇ ਸੁਖ ਪਾ ਲਏ ਹਨ ਅਤੇ ਦੁਖਾਂ ਦਾ ਟਿਕਾਣਾ (ਅਗਿਆਨ ਗੁਰੂ ਨੇ) ਗਵਾ ਦਿਤਾ ਹੈ।ਜਦ ਪ੍ਰਭੂ ਮਾਲਕ ਚੰਗੀ ਤਰ੍ਹਾਂ ਪ੍ਰਸੰਨ ਹੋਏ ਤਾਂ ਦਿਖਾ ਦਿਤਾ ਕਿ ਸਾਰਾ (ਪ੍ਰਪੰਚ) ਅਨੰਦ ਰੂਪ ਹੈ (ਜੋ ਰੱਬ ਦਾ ਖੇਲ ਹੈ)।੩।

ਨਾ ਕਿਛੁ ਆਵਤ ਨਾ ਕਿਛੁ ਜਾਵਤ, ਸਭੁ ਖੇਲੁ ਕੀਓ ਹਰਿ ਰਾਇਓ ॥ ਕਹੁ ਨਾਨਕ ਅਗਮ ਅਗਮ ਹੈ ਠਾਕੁਰ, ਭਗਤ ਟੇਕ ਹਰਿ ਨਾਇਓ ॥੪॥੧੫॥੧੩੬॥ (ਹੁਣ ਮੈਨੂੰ ਗਿਆਨ ਹੋ ਗਿਆ ਕਿ) ਨਾ ਕੁਛ ਜੰਮਦਾ ਹੈ ਤੇ ਨਾ ਹੀ ਕੁਛ ਮਰਦਾ ਹੈ, ਇਹ ਸਾਰਾ ਖੇਲ ਹਰੀ ਰਾਜੇ ਨੇ ਰਚਾਇਆ ਹੈ {ਨਹ ਕਿਛੁ ਜਨਮੈ ਨਹ ਕਿਛੁ ਮਰੈ।ਆਪਨ ਚਲਿਤੁ ਆਪ ਹੀ ਕਰੈ ੨੮੧}।ਗੁਰੂ ਜੀ ਆਖਦੇ ਹਨ ਕਿ ਮਾਲਕ ਪ੍ਰਭੂ (ਜੀਵਾਂ ਦੀ) ਪਹੁੰਚ ਤੋਂ ਪਰੇ ਹੈ, (ਬ੍ਰਹਮਾਂ ਆਦਿਕ ਦੇਵਤਿਆਂ ਦੀ) ਪਹੁੰਚ ਤੋਂ ਵੀ ਪਰੇ ਹੈ, ਭਗਤਾਂ ਨੂੰ ਹਰੀ ਦੇ ਨਾਮ ਦੀ ਟੇਕ ਹੈ (ਭਗਤ ਵਾਹਿਗੁਰੂ ਤੋਂ ਬਿਨਾ ਕਿਸੇ ਹੋਰ ਦਾ ਆਸਰਾ ਨਹੀਂ ਤੱਕਦੇ)।੪।੧੫।੧੩੬।

ਪਦਾਰਥ = ਸਹਜਿ–ਅਸਲ ਗਿਆਨ ਵਾਲੀ ਅਵਸਥਾ ਵਿਚ।ਸਮਾਇਓ–ਲੀਨ ਹੋ ਗਿਆ।ਦੇਵ–ਪ੍ਰਕਾਸ਼ ਸਰੂਪ ਵਾਹਿਗੁਰੂ।ਮੋ ਕਉ–ਮੈਨੂੰ; ਮੇਰੇ ਉਤੇ।ਭਏ–ਹੋਏ।੧।ਰਹਾਉ।ਜੇਵਰੀ–ਰੱਸੀ (ਮੋਹ ਦੀ)।ਕੀਓ–ਕੀਤਾ (ਬਣਾਇਆ)।ਦਾਸਰੋ–ਦਾਸ।ਟਹਲਾਇਓ–ਸੇਵਾ ਵਿਚ ਲਾ ਦਿਤਾ।ਕੋ–ਦਾ।ਥੀਓ–ਹੋ ਗਿਆ।ਗੁਰਹਿ–ਗੁਰੂ ਨੇ।੧।ਭਇਓ–ਹੋਇਆ।ਸਰਬ–ਸਭ ਦਾ।ਉਜੀਆਰਾ–ਚਾਨਣ।ਮਨਹਿ–ਮਨ ਵਿਚ।ਤ੍ਰਿਪਤਿਆ–ਰੱਜ ਗਿਆ।ਅਨਭੈ–ਹੋਰ ਦਾ ਡਰ; ਪ੍ਰਕਾਸ਼ ਸਰੂਪ ਵਾਹਿਗੁਰੂ।ਠਹਰਾਇਓ–(ਮਨ) ਟਿਕਾ ਦਿਤਾ।੨।ਮਾਨਿ –ਮੰਨ ਕੇ।ਦੂਖਹ–ਦੁੱਖਾਂ ਦਾ।ਠਾਉ–ਥਾਂ; ਨਾਮੋ ਨਿਸ਼ਾਨ।ਜਉ–ਜਦ।ਭਏ–ਹੋਏ।੩।ਆਵਤ–ਆਉਂਦਾ (ਜੰਮਦਾ) ਹੈ।ਜਾਵਤ–ਜਾਂਦਾ (ਮਰਦਾ) ਹੈ।ਰਾਇਓ–ਰਾਜਾ।ਅਗਮ–ਪਹੁੰਚ ਤੋਂ ਪਰੇ।ਹਰਿ ਨਾਇਓ–ਹਰੀ ਦਾ ਨਾਮ।੪।੧੫।੧੩੬।

ਗਉੜੀ ਮਹਲਾ ੫ ॥ ਪਾਰਬ੍ਰਹਮ ਪੂਰਨ ਪਰਮੇਸੁਰ, ਮਨ ਤਾ ਕੀ ਓਟ ਗਹੀਜੈ ਰੇ ॥ ਜਿਨਿ ਧਾਰੇ ਬ੍ਰਹਮੰਡ ਖੰਡ ਹਰਿ, ਤਾ ਕੋ ਨਾਮੁ ਜਪੀਜੈ ਰੇ ॥੧॥ਰਹਾਉ॥ ਹੇ (ਮੇਰੇ) ਮਨ! ਉਸ ਦੀ ਓਟ ਗ੍ਰਹਿਣ ਕਰ, ਜੋ ਪਰੀ ਪੂਰਨ ਪਰਮੇਸਰ ਹੈ ਤੇ ਜਗਤ ਤੋਂ ਪਰੇ ਨਿਰਗੁਣ ਬ੍ਰਹਮ ਹੈ।ਜਿਸ ਪ੍ਰਮੇਸਰ ਨੇ ਖੰਡ ਬ੍ਰਹਮੰਡ ਸਹਾਰਾ ਦੇ ਕੇ ਟਿਕਾਏ ਹੋਏ ਹਨ, (ਹੇ ਮਨ! ਤੂੰ) ਉਸਦਾ ਨਾਮ ਜਪ।੧।ਰਹਾਉ।

ਮਨ ਕੀ ਮਤਿ ਤਿਆਗਹੁ ਹਰਿ ਜਨ, ਹੁਕਮੁ ਬੂਝਿ ਸੁਖੁ ਪਾਈਐ ਰੇ ॥ ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ,ਸੁਖਿ ਦੁਖਿ ਓਹੀ ਧਿਆਈਐ ਰੇ ॥੧॥ ਹੇ ਹਰੀ ਦੇ ਸੇਵਕੋ! ਮਨ ਦੀ (ਖੋਟੀ) ਮੱਤ ਛਡ ਦੇਵੋ, (ਪ੍ਰਭੂ ਦਾ) ਹੁਕਮ ਸਮਝ ਕੇ ਹੀ ਸੁਖ ਪਾਈਦਾ ਹੈ।ਜੋ ਪ੍ਰਭੂ ਕਰਦਾ ਹੈ, ਉਸ ਨੂੰ ਭਲਾ ਕਰ ਕੇ ਮੰਨੋ, ਸੁਖ ਵਿਚ ਦੁਖ ਵਿਚ ਉਸੇ ਪ੍ਰਭੂ ਨੂੰ ਹੀ ਧਿਆਵੋ।੧।

ਕੋਟਿ ਪਤਿਤ ਉਧਾਰੇ ਖਿਨ ਮਹਿ, ਕਰਤੇ ਬਾਰ ਨ ਲਾਗੈ ਰੇ ॥ ਦੀਨ ਦਰਦ ਦੁਖ ਭੰਜਨ ਸੁਆਮੀ, ਜਿਸ ਭਾਵੈ ਤਿਸਹਿ ਨਿਵਾਜੈ ਰੇ ॥੨॥ (ਨਿਰੰਕਾਰ) ਖਿਨ ਵਿਚ ਹੀ ਕ੍ਰੋੜਾਂ ਪਾਪੀਆਂ ਦਾ ਉਧਾਰ ਕਰ ਦਿੰਦਾ ਹੈ, (ਉਧਾਰ) ਕਰਦਿਆਂ (ਉਸ ਨੂੰ) ਦੇਰ ਨਹੀਂ ਲਗਦੀ। ਮਾਲਕ ਪ੍ਰਭੂ ਗਰੀਬਾਂ ਦੇ ਦਰਦ ਤੇ ਦੁਖ ਨਾਸ਼ ਕਰਨ ਵਾਲਾ ਹੈ ਅਤੇ ਜਿਸਨੂੰ ਚਾਹੁੰਦਾ ਹੈ, ਉਸ ਨੂੰ ਵਡਿਆਈ ਦਿੰਦਾ ਹੈ।੨।

ਸਭ ਕੋ ਮਾਤ ਪਿਤਾ ਪ੍ਰਤਿਪਾਲਕ, ਜੀਅ ਪ੍ਰਾਨ ਸੁਖ ਸਾਗਰੁ ਰੇ ॥ ਦੇਂਦੇ ਤੋਟਿ ਨਾਹੀ ਤਿਸੁ ਕਰਤੇ, ਪੂਰਿ ਰਹਿਓ ਰਤਨਾਗਰੁ ਰੇ ॥੩

All Rights Reserved by Harjinder Singh Gyani | www.GuruGranthVakhyaan.org

॥ ਹੇ ਭਾਈ! ਮਾਂ ਬਾਪ ਵਾਂਗ (ਪ੍ਰਭੂ) ਸਭ ਦੀ ਪਾਲਣਾ ਕਰਨ ਵਾਲਾ ਹੈ, ਸੁਖਾਂ ਦਾ ਸਾਗਰ ਹੈ ਅਤੇ ਜੀਵਾਂ ਦੇ ਪ੍ਰਾਣਾਂ ਦਾ ਆਸਰਾ ਹੈ।(ਜੀਵਾਂ ਨੂੰ) ਦਾਤਾਂ ਦੇਂਦਿਆਂ ਉਸ ਕਰਤਾਰ ਦੇ ਖਜਾਨੇ ਵਿਚ ਕਮੀ ਨਹੀਂ ਆਉਂਦੀ, ਹੇ ਭਾਈ! (ਉਹ ਮਾਨੋ) ਰਤਨਾਂ ਦਾ ਸਮੁੰਦਰ ਹੈ, (ਜੋ ਦਾਤਾਂ ਨਾਲ) ਪੂਰਨ ਹੋ ਰਿਹਾ ਹੈ (ਭਰਿਆ ਹੋਇਆ ਹੈ) ; ਸਭ ਜਗ੍ਹਾ ਪੂਰਨ ਹੋ ਰਿਹਾ (ਵਿਆਪਕ) ਹੈ।੩।

ਜਾਚਿਕੁ ਜਾਚੈ ਨਾਮੁ ਤੇਰਾ ਸੁਆਮੀ, ਘਟ ਘਟ ਅੰਤਰਿ ਸੋਈ ਰੇ ॥ ਨਾਨਕੁ ਦਾਸੁ ਤਾ ਕੀ ਸਰਣਾਈ, ਜਾ ਤੇ ਬ੍ਰਿਥਾ ਨ ਕੋਈ ਰੇ ॥੪॥੧੬॥੧੩੭॥ (ਅਰਦਾਸ) ਹੇ ਮਾਲਕ ਪ੍ਰਭੂ! (ਮੈਂ) ਮੰਗਤਾ ਤੈਥੋਂ ਤੇਰਾ ਨਾਮ ਮੰਗਦਾ ਹੈ, (ਸ੍ਰੋਤਿਆਂ ਪ੍ਰਤੀ) ਹੇ ਭਾਈ! ਹਰੇਕ ਜੀਵ ਦੇ ਹਿਰਦੇ ਅੰਦਰ ਉਹ (ਪ੍ਰਭੂ) ਹੀ ਸਮਾ ਰਿਹਾ ਹੈ।ਹੇ ਭਾਈ! ਦਾਸ ਨਾਨਕ ਉਸ (ਪ੍ਰਭੂ) ਦੀ ਸ਼ਰਨ ਵਿਚ ਰਹਿੰਦਾ ਹੈ, ਜਿਸ (ਦੇ ਦਰ) ਤੋਂ ਕੋਈ (ਜੀਵ) ਖਾਲੀ ਨਹੀਂ ਜਾਂਦਾ।੪।੧੬।੧੩੭।

ਪਦਾਰਥ = ਪਾਰਬ੍ਰਹਮ–ਜਗਤ ਤੋਂ ਪਰੇ ਨਿਰੰਕਾਰ।ਪੂਰਨ–ਵਿਆਪਕ ਹਰੀ।ਪਰਮੇਸੁਰ–ਸਭ ਤੋਂ ਵੱਡਾ ਈਸ਼ਰ (ਹਰੀ)।ਤਾ ਕੀ–ਉਸ ਦੀ।ਗਹੀਜੈ–ਪਕੜ; ਗ੍ਰਹਿਣ ਕਰ।ਰੇ–ਹੇ।ਜਿਨਿ–ਜਿਸ ਨੇ।ਧਾਰੇ–(ਆਸਰਾ ਦੇ ਕੇ) ਟਿਕਾਏ ਹੋਏ ਹਨ; ਬਣਾਏ ਹਨ।ਤਾ ਕੋ–ਉਸ ਦਾ।੧।ਰਹਾਉ।ਮਨ ਕੀ ਮਤਿ–ਮਨ ਮੱਤ।ਤਿਆਗਹੁ–ਛਡ ਦੇਵੋ।ਬੁਝਿ–ਸਮਝ ਕੇ।ਭਲ–ਭਲਾ।ਧਿਆਈਏ–ਧਿਆਉਣਾ ਚਾਹੀਦਾ ਹੈ; ਸਿਮਰੋ।੧।ਕੋਟਿ–ਕ੍ਰੋੜਾਂ।ਪਤਿਤ–ਧਰਮ ਕਰਮ ਤੋਂ ਗਿਰਿਆ ਮਨੁੱਖ; ਪਾਪੀ।ਉਧਾਰੇ–ਮੁਕਤ ਕਰਦਾ ਹੈ।ਕਰਤੇ–ਕਰਦਿਆਂ (ਸੰ.ਸ.; ਫ.ਸ.); ਕਰਤਾਰ ਨੂੰ।ਬਾਰ–ਦੇਰ; ਢਿੱਲ।ਦੀਨ–ਗਰੀਬਾਂ ਦੇ।ਭੰਜਨ–ਨਾਸ਼ ਕਰਨ ਵਾਲਾ।ਤਿਸਹਿ–ਉਸ ਨੂੰ।ਨਿਵਾਜੈ–ਵਡਿਆਈ (ਸਨਮਾਨ) ਦਿੰਦਾ ਹੈ।੨।ਸਭ ਕੋ–ਸਭ (ਜੀਵਾਂ) ਦਾ।ਜੀਅ–ਜੀਵਾਂ ਦਾ।ਤੋਟਿ–ਕਮੀ; ਘਾਟਾ।ਪੂਰਿ ਰਹਿਓ–ਭਰਿਆ ਹੋਇਆ ਹੈ; ਵਿਆਪਕ ਹੋ ਰਿਹਾ ਹੈ।ਰਤਨਾਗਰੁ–ਰਤਨਾਂ ਦੀ ਖਾਣ; ਸਮੁੰਦਰ।੩।ਜਾਚਿਕੁ–ਮੰਗਤਾ।ਜਾਚੈ–ਮੰਗਦਾ ਹੈ।ਘਟ ਘਟ ਅੰਤਰਿ–ਹਰੇਕ ਜੀਵ ਦੇ ਅੰਦਰ।ਸੋਈ–ਉਹ ਹੀ।ਤਾ ਕੀ–ਉਸ ਦੀ।ਜਾ ਤੇ–ਜਿਸ ਤੋਂ।ਬ੍ਰਿਥਾ–ਖਾਲੀ।੪।੧੬।੧੩੭।

ਅੰਗ ੨੧੦ = ਰਾਗੁ ਗਉੜੀ ਪੂਰਬੀ ਮਹਲਾ ੫ ੧ੳ ਸਤਿਗੁਰ ਪ੍ਰਸਾਦਿ ॥ ਹਰਿ ਹਰਿ ਕਬਹੂ ਨ ਮਨਹੁ ਬਿਸਾਰੇ ॥ ਈਹਾ ਊਹਾ ਸਰਬ ਸੁਖ ਦਾਤਾ, ਸਗਲ ਘਟਾ ਪ੍ਰਤਿਪਾਰੇ ॥੧॥ਰਹਾਉ॥ (ਹੇ ਭਾਈ!) ਮਨ ਤੋਂ ਕਦੇ ਵੀ ਹਰਿ ਹਰਿ ਨਾਮ ਨ ਭਾਲਾਵੇ।(ਹਰੀ) ਇਸ ਲੋਕ ਤੇ ਉਸ ਲੋਕ (ਪ੍ਰਲੋਕ) ਦੇ ਸਾਰੇ ਸੁਖਾਂ ਦਾ ਦਾਤਾ ਹੈ ਅਤੇ ਸਾਰੇ ਜੀਵਾਂ ਦੀ ਪਾਲਣਾ ਕਰਦਾ ਹੈ।੧।ਰਹਾਉ।

ਮਹਾ ਕਸਟ ਕਾਟੈ ਖਿਨ ਭੀਤਰਿ, ਰਸਨਾ ਨਾਮੁ ਚਿਤਾਰੇ ॥ ਸੀਤਲ ਸਾਂਤਿ ਸੁਖ ਹਰਿ ਸਰਣੀ, ਜਲਤੀ ਅਗਨਿ ਨਿਵਾਰੇ ॥੧॥ (ਜੋ ਮਨੁੱਖ) ਰਸਨਾ ਨਾਲ ਹਰੀ ਦਾ ਨਾਮ ਜਪਦਾ ਹੈ, (ਹਰੀ ਉਸ ਦੇ) ਵੱਡੇ ਵੱਡੇ ਕਸ਼ਟ ਖਿਨ ਵਿਚ ਹੀ ਕੱਟ ਦਿੰਦਾ ਹੈ।ਹਰੀ ਦੀ ਸ਼ਰਣ ਵਿਚ ਪੈਣ ਨਾਲ ਠੰਢ ਦੇਣ ਵਾਲੀ ਸ਼ਾਂਤੀ ਤੇ ਸੁਖ ਪ੍ਰਾਪਤ ਹੁੰਦੇ ਹਨ ਤੇ (ਹਰੀ ਸ਼ਰਣ ਤ੍ਰਿਸ਼ਨਾ ਦੀ) ਬਲਦੀ ਅੱਗ ਬੁਝਾ ਦੇਂਦੀ ਹੈ।੧।

ਗਰਭ ਕੁੰਡ ਨਰਕ ਤੇ ਰਾਖੈ, ਭਵਜਲੁ ਪਾਰਿ ਉਤਾਰੇ ॥ ਚਰਨ ਕਮਲ ਆਰਾਧਤ ਮਨ ਮਹਿ, ਜਮ ਕੀ ਤ੍ਰਾਸ ਬਿਦਾਰੇ ॥੨॥ (ਪ੍ਰਭੂ ਮਾਂ ਦੇ) ਗਰਭ ਕੁੰਡ ਰੂਪ ਨਰਕ ਤੋਂ ਰੱਖਿਆ ਕਰਦਾ ਹੈ ਅਤੇ ਸੰਸਾਰ ਸਮੁੰਦਰ ਤੋਂ ਪਾਰ ਉਤਾਰਦਾ ਹੈ।(ਜੋ ਮਨੁੱਖ ਪ੍ਰਭੂ ਦੇ) ਚਰਨ ਕਮਲਾਂ ਨੂੰ ਮਨ ਵਿਚ ਅਰਾਧਦਾ ਹੈ, (ਪ੍ਰਭੂ ਉਸਦਾ) ਜਮਾਂ ਦਾ ਡਰ ਨਾਸ਼ ਕਰ ਦੇਂਦਾ ਹੈ।੨।

ਪੂਰਨ ਪਾਰਬ੍ਰਹਮ ਪਰਮੇਸੁਰ, ਊਚਾ ਅਗਮ ਅਪਾਰੇ ॥ ਗੁਣ ਗਾਵਤ ਧਿਆਵਤ ਸੁਖ ਸਾਗਰ, ਜੂਏ ਜਨਮੁ ਨ ਹਾਰੇ ॥੩॥ ਪਾਰਬ੍ਰਹਮ ਪ੍ਰਮੇਸਸ਼ਰ ਸਭਨਾਂ ਵਿਚ ਭਰਪੂਰ ਹੈ, ਸਭ ਤੋਂ ਉਚਾ ਹੈ, (ਮਨ ਬਾਣੀ ਦੀ) ਪਹੁੰਚ ਤੋਂ ਪਰੇ ਤੇ ਪਾਰ ਰਹਿਤ ਹੈ।(ਜਿਹੜਾ ਮਨੁੱਖ) ਸੁੱਖਾਂ ਦੇ ਸਾਗਰ ਵਾਹਿਗੁਰੂ ਦੇ ਗੁਣ ਗਾਉਂਦਾ ਹੈ, (ਉਸਦਾ ਨਾਮ) ਧਿਆਉਂਦਾ ਹੈ, (ਉਹ ਅਪਣਾ) ਜਨਮ ਜੂਏ (ਦੀ ਹਾਰ ਵਾਂਗ) ਹਾਰ ਕੇ ਨਹੀਂ ਜਾਂਦਾ ਭਾਵ ਜਨਮ ਬਿਰਥਾ ਨਹੀਂ ਗੁਆਉਂਦਾ।੩।

ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨੋ, ਨਿਰਗੁਣ ਕੇ ਦਾਤਾਰੇ ॥ ਕਰਿ ਕਿਰਪਾ ਅਪੁਨੋ ਨਾਮੁ ਦੀਜੈ, ਨਾਨਕ ਸਦ ਬਲਿਹਾਰੇ ॥੪॥੧॥੧੩੮॥ (ਅਰਦਾਸ) ਹੇ ਗੁਣਾਂ ਤੋਂ ਹੀਣਿਆਂ ਦੇ ਦਾਤੇ! (ਮੇਰਾ) ਮਨ ਕਾਮ ਵਿਚ, ਕ੍ਰੋਧ ਵਿਚ, ਲੋਭ ਵਿਚ ਤੇ ਮੋਹ ਵਿਚ ਲੀਨ ਰਹਿੰਦਾ ਹੈ (ਮੇਰੇ ਕੋਲ ਕਾਮ ਨੂੰ ਮੇਟਣ ਵਾਸਤੇ ਵਸਤੂ ਵਿਚਾਰ ਨਹੀਂ, ਕ੍ਰੋਧ ਮੇਟਣ ਲਈ ਸ਼ਾਂਤੀ ਨਹੀਂ, ਲੋਭ ਮੇਟਣ ਲਈ ਸੰਤੋਖ ਨਹੀਂ ਅਤੇ ਮੋਹ ਮੇਟਣ ਲਈ ਬਿਬੇਕ ਨਹੀਂ = ਟਕਸਾਲ ਦੀ ਟੇਪ।ਕਾਮ ਆਦਿਕਾਂ ਨੂੰ ਮੇਟਣ ਵਾਸਤੇ) ਕਿਰਪਾ ਕਰਕੇ ਅਪਣਾ ਨਾਮ ਦੇਵੋਂ, ਨਾਨਕ (ਆਪ ਜੀ ਤੋਂ) ਸਦਾ ਬਲਹਾਰ ਜਾਂਦਾ ਹੈ।੪।੧।੧੩੮।

All Rights Reserved by Harjinder Singh Gyani | www.GuruGranthVakhyaan.org

ਪਦਾਰਥ = ਕਬਹੁ-ਕਦੇ ਵੀ। ਮਨਹੁ-ਮਨ ਤੋਂ। ਈਹਾ-ਇਸ ਲੋਕ ਦੇ। ਊਹਾ-ਉਸ ਲੋਕ (ਪ੍ਰਲੋਕ) ਦੇ। ਘਟਾ-ਜੀਵਾਂ ਦੀ। ਪ੍ਰਤਿਪਾਰੇ -ਪਾਲਣਾ ਕਰਦਾ ਹੈ।੧। ਰਹਾਉ। ਮਹਾ-ਵੱਡੇ ਵੱਡੇ। ਰਸਨਾ-ਜੀਭ ਨਾਲ। ਜਲਤੀ-ਬਲਦੀ। ਅਗਨਿ-ਅੱਗ। ਨਿਵਾਰੇ-ਬੁਝਾ ਦਿੰਦਾ ਹੈ ।੧। ਗਰਭ ਕੁੰਡ-ਮਾਂ ਦਾ ਪੇਟ (ਬੱਚਾ ਦਾਨੀ)। ਤੇ-ਤੋਂ। ਰਾਖੈ-ਰੱਖਿਆ ਕਰਦਾ ਹੈ। ਭਵਜਲੁ-ਸੰਸਾਰ ਸਮੁੰਦਰ। ਪਾਰਿ ਉਤਾਰੇ-ਪਾਰ ਲੰਘਾ ਦੇਂਦਾ ਹੈ। ਆਰਾਧਤ-ਧਿਆਉਂਦਾ ਹੈ। ਤ੍ਰਾਸ-ਡਰ। ਬਿਦਾਰੇ-ਨਾਸ਼ ਕਰ ਦੇਂਦਾ ਹੈ।੨। ਪੂਰਨ-ਸਭ ਵਿਚ ਪੂਰਨ। ਅਗਮ-(ਮਨ ਬਾਣੀ ਦੀ) ਪਹੁੰਚ ਤੋਂ ਪਰੇ। ਅਪਾਰੇ-ਉਰਾਰ ਪਾਰ ਤੋਂ ਰਹਿਤ; ਬੇਅੰਤ।੩। ਮੋਹਿ-ਮੋਹ ਵਿਚ। ਲੀਨੋ-ਮਗਨ ਰਹਿੰਦਾ ਹੈ। ਨਿਰਗੁਣ ਕੇ-ਗੁਣ ਹੀਣਾਂ ਦੇ। ਦਾਤਾਰੇ-ਹੇ ਦਾਤੇ !। ਸਦ-ਸਦਾ। ਬਲਿਹਾਰੇ-ਕੁਰਬਾਨ।੪।੧।੧੩੮।

ਜੂਏ ਜਨਮ ਨ ਹਾਰੇ = ਅਮੋਲਕ ਜਨਮ ਕੌਡੀਆਂ ਬਦਲੇ ਨਹੀਂ ਹਾਰਦਾ; ਨਿਕੰਮੇ ਲਾਭ ਤੇ ਨੁਕਸਾਨ ਵਿਚ ਜੀਵਨ ਨਹੀ ਗੁਆਉਂਦਾ (ਮ. ਕੋ.)। ਸੰਸਾਰ ਦੀਆਂ ਉਲਝਣਾਂ ਵਿਚ ਲਗ ਕੇ ਪ੍ਰਮਾਰਥਕ ਸੁੱਖਾਂ ਨੂੰ ਨਹੀਂ ਹਾਰਦਾ (ਗੁ. ਗ੍ਰੰ. ਕੋਸ਼)।

ਰਾਗੁ ਗਉੜੀ ਚੇਤੀ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥ ਸੁਖੁ ਨਾਹੀ ਰੇ, ਹਰਿ ਭਗਤਿ ਬਿਨਾ ॥ ਜੀਤਿ ਜਨਮੁ ਇਹੁ ਰਤਨੁ ਅਮੋਲਕੁ ,ਸਾਧ ਸੰਗਤਿ ਜਪਿ ਇਕ ਖਿਨਾ ॥੧॥ਰਹਾਉ॥ ਹੇ ਭਾਈ! ਹਰੀ ਦੀ ਭਗਤੀ ਤੋਂ ਬਿਨਾ ਸੁਖ ਨਹੀ ਮਿਲਦਾ। ਸਾਧ ਸੰਗਤ ਵਿਚ ਇਕ ਖਿਨ ਵਾਲਾ ਨਾਮ ਜਪ ਕੇ ਇਹ ਰਤਨ ਵਾਂਗ ਅਮੋਲਕ ਮਨੁੱਖਾ ਜਨਮ ਜਿੱਤ ਲੈ ਭਾਵ ਸਫਲਾ ਕਰ ਲੈ।੧। ਰਹਾਉ।

ਸੁਤ ਸੰਪਤਿ ਬਨਿਤਾ ਬਿਨੋਦ ॥ ਛੋਡਿ ਗਏ ਬਹੁ ਲੋਗ ਭੋਗ ॥੧॥ (ਤੈਥੋਂ ਅੱਗੇ) ਬਹੁਤ ਲੋਗ, ਪੁਤ੍ਰ ,ਧਨ ਪਦਾਰਥ, ਇਸਤ੍ਰੀ, ਤਮਾਸ਼ੇ ਤੇ ਪਦਾਰਥਾਂ ਦੇ ਭੋਗ (ਸਭ ਕੁਛ ਇਥੇ ਹੀ) ਛਡ ਕੇ ਚਲੇ ਗਏ।੧।

ਹੈਵਰ ਗੈਵਰ ਰਾਜ ਰੰਗ ॥ਤਿਆਗਿ ਚਲਿਓ ਹੈ ਮੂੜ ਨੰਗ ॥੨॥ ਚੰਗੇ ਘੋੜੇ, ਚੰਗੇ ਹਾਥੀ ਅਤੇ ਰਾਜ ਦਾ ਅਨੰਦ। ਮੂਰਖ ਮਨੁੱਖ (ਸਭ ਕੁਝ) ਛੱਡ ਕੇ ਨੰਗਾ ਹੀ (ਸੰਸਾਰ ਤੋਂ) ਚਲਾ ਜਾਂਦਾ ਹੈ; ਬੇਸ਼ਰਮ ਮੂਰਖ (ਇਨ੍ਹਾਂ ਨੂੰ) ਛਡ ਕੇ ਚਲਾ ਗਿਆ ਹੈ।੨।

ਚੋਆ ਚੰਦਨ ਦੇਹ ਫੂਲਿਆ ॥ ਸੋ ਤਨੁ ਧਰ ਸੰਗਿ ਰੂਲਿਆ ॥੩॥ ਜਿਸ ਸਰੀਰ ਨੂੰ ਅਤਰ ਤੇ ਚੰਦਨ ਲਾ ਕੇ ਫੁੱਲਿਆ (ਹੰਕਾਰੀ ਹੋਇਆ) ਫਿਰਦਾ ਸੀ। ਉਹ ਸਰੀਰ ਮਿੱਟੀ ਵਿਚ ਰੁਲ ਗਿਆ।੩।

ਮੋਹਿ ਮੋਹਿਆ ਜਾਨੈ ਦੂਰਿ ਹੈ ॥ ਕਹੁ ਨਾਨਕ ਸਦਾ ਹਦੂਰਿ ਹੈ ॥੪॥੧॥੧੩੯॥ ਮੋਹ ਨਾਲ ਮੋਹਿਆ ਜੀਵ ਸਮਝਦਾ ਹੈ ਕਿ (ਰੱਬ) ਦੂਰ ਹੈ। ਗੁਰੂ ਜੀ ਆਖਦੇ ਹਨ ਕਿ (ਉਹ ਪ੍ਰਮੇਸਰ ਤਾਂ) ਸਦਾ ਹਾਜਰ ਹੈ।੪।੧।੧੩੯।

ਪਦਾਰਥ = ਰੇ-ਹੇ ਭਾਈ!। ਜੀਤਿ-ਜਿਤ (ਸਫਲ ਕਰ) ਲੈ। ਇਕ ਖਿਨਾ-ਜਿਸ ਨਾਮ ਨੂੰ ਬੋਲਣ ਲਈ ਇਕ ਪਲ ਲਗਦਾ ਹੈ।੧। ਰਹਾਉ। ਸੁਤ-ਪੁਤ੍ਰ। ਸੰਪਤਿ-ਧਨ ਪਦਾਰਥ। ਬਨਿਤਾ-ਇਸਤ੍ਰੀ। ਬਿਨੋਦ-ਤਮਾਸ਼ੇ। ਬਹੁ ਲੋਗ-ਬਹੁਤੇ ਲੋਕ। ਭੋਗ-ਪਦਾਰਥਾਂ ਦੇ ਅਨੰਦ ।੧। ਹੈ-ਘੋੜੇ। ਗੈ-ਹਾਥੀ। ਵਰ-ਸ੍ਰੇਸਟ; ਵਧੀਆ। ਰਾਜ ਰੰਗ-ਰਾਜ ਕਰਨ ਨਾਲ ਮਿਲਿਆ ਸੁਖ। ਮੂੜ-ਮੂਰਖ। ਨੰਗ-ਨੰਗਾ; ਬੇਸ਼ਰਮ ।੨। ਚੋਆ-ਅਤਰ (ਅਗਰ ਦਾ ਤੇਲ)। ਦੇਹ-ਸਰੀਰ। ਫੂਲਿਆ-ਹੰਕਾਰੀ ਹੋਇਆ। ਸੋ-ਉਹ। ਧਰ-ਧਰਤੀ (ਮਿੱਟੀ)। ਰੂਲਿਆ-ਰੁਲ ਗਿਆ। ਮੋਹਿ ਮੋਹਿਆ-ਮੋਹ ਨਾਲ ਮੋਹਿਆ ਹੋਇਆ; ਮੋਹ ਵਿਚ ਫਸਿਆ। ਹਦੂਰਿ-ਹਾਜਰ ਨਾਜਰ; ਅੰਗ ਸੰਗ।੪।੧।੧੩੯।

ਇਕ ਖਿਨਾ = ਇਕ ਖਿਨ ਦੇ ਜਪ ਨਾਲ ਕੀ ਹੋਵੇਗਾ? ਇਕ ਖਿਨ ਵਾਲਾ ਜਾਪ ਜਪ ਲੈ। ਖਿਨ ਖਿਨ ਜਪੋ। ਖਿਨ ਖਿਨ ਜਪਦਿਆਂ ਲਿਵ ਬਣ ਜਾਂਦੀ ਹੈ। ਉਸ ਲਿਵ ਵਿਚ ਇਕ ਖਿਨ ਐਸੀ ਆ ਜਾਂਦੀ ਹੈ, ਜਿਸ ਵਿਚ ਚਿਤ ਪੂਰੀ ਤਰ੍ਹਾਂ ਜੁੜ ਜਾਂਦਾ ਹੈ (ਸੰ.ਪੋ.)।

ਗਉੜੀ ਮਹਲਾ ੫ ॥ ਮਨ ਧਰ ਤਰਬੇ ਹਰਿ ਨਾਮ ਨੋ ॥ ਸਾਗਰ ਲਹਰਿ ਸੰਸਾ ਸੰਸਾਰੁ ,ਗੁਰੁ ਬੋਹਿਥੁ ਪਾਰ ਗਰਾਮਨੋ ॥੧॥ਰਹਾਉ॥ ਹੇ ਮਨ! ਹਰੀ ਦਾ ਨਾਮ (ਸੰਸਾਰ ਸਮੁੰਦਰ ਤੋਂ) ਤਰਨ ਲਈ ਆਸਰਾ ਹੈ। ਸੰਸਾਰ ਭਰਮ ਦਾ ਸਮੁੰਦਰ ਹੈ, ਇਸ ਦੀਆਂ ਲਹਿਰਾਂ ਤੋਂ ਪਾਰ ਕਰਨ ਵਾਲਾ ਜਹਾਜ ਗੁਰੂ ਹੈ (ਸ਼ਬਦਾਰਥ); (ਹੇ ਭਾਈ! ਸੰਸਾਰ ਸਾਗਰ ਤੋਂ) ਤਰਨ ਲਈ ਮਨ ਵਿਚ ਹਰੀ ਦਾ ਨਾਮ ਟਿਕਾ ਲੈ। ਸੰਸਾਰ ਸਮੁੰਦਰ ਰੂਪ ਹੈ, (ਇਸ ਵਿਚ) ਸੰਸਿਆਂ ਦੀਆਂ ਲਹਿਰਾਂ ਤੋਂ ਪਾਰ ਕਰਨ ਵਾਲਾ ਜਹਾਜ ਗੁਰੂ ਹੈ।(ਸੰ.ਸ.)।੧। ਰਹਾਉ।

ਕਲਿ ਕਾਲਖ ਅੰਧਿਆਰੀਆ ॥ ਗੁਰ ਗਿਆਨ ਦੀਪਕ ਉਜਿਆਰੀਆ ॥੧॥ ਕਲਜੁਗ ਵਿਚ ਅਗਿਆਨ ਦੇ ਹਨ੍ਹੇਰੇ ਦੀ ਕਾਲਖ ਹੈ, (ਉਸ ਹਨ੍ਹੇਰੇ ਵਿਚ) ਗੁਰੂ ਦੇ ਗਿਆਨ ਦਾ ਦੀਵਾ ਚਾਨਣ ਕਰਦਾ ਹੈ।੧।

ਬਿਖੁ ਬਿਖਿਆ ਪਸਰੀ ਅਤਿ ਘਨੀ ॥ ਉਬਰੇ ਜਪਿ ਜਪਿ ਹਰਿ ਗੁਨੀ ॥੨॥ (ਕਲਜੁਗ ਵਿਚ) ਵਿਸ਼ਿਆਂ ਦੀ ਜਹਿਰ ਬਹੁਤ ਜਿਆਦਾ

All Rights Reserved by Harjinder Singh Gyani | www.GuruGranthVakhyaan.org

ਫੈਲੀ ਹੋਈ ਹੈ।ਗੁਣਵਾਨ (ਪੁਰਖ) ਹਰੀ ਦਾ ਨਾਮ ਜਪ ਜਪ ਕੇ (ਇਸ ਜਹਿਰ ਤੋਂ) ਬਚ ਗਏ ਹਨ।੨।

ਮਤਵਾਰੋ ਮਾਇਆ ਸੋਇਆ ॥ ਗੁਰ ਭੇਟਤ ਭ੍ਰਮੁ ਭਉ ਖੋਇਆ ॥੩॥ ਮਾਇਆ ਦਾ ਮਤਵਾਲਾ ਹੋਇਆ (ਮਨੁੱਖ ਮੋਹ ਮਾਇਆ ਦੀ ਨੀਂਦ ਵਿਚ) ਸੁੱਤਾ ਪਿਆ ਹੈ।ਗੁਰੂ ਨੂੰ ਮਿਲਣ ਕਰਕੇ (ਗੁਰੂ ਨੇ ਮਾਇਆ ਦਾ) ਭਰਮ ਤੇ (ਮੌਤ ਦਾ) ਡਰ ਦੂਰ ਕਰ ਦਿਤਾ ਹੈ।੩।

ਕਹੁ ਨਾਨਕ ਏਕੁ ਧਿਆਇਆ ॥ ਘਟਿ ਘਟਿ ਨਦਰੀ ਆਇਆ ॥੪॥੨॥੧੪੦॥ ਗੁਰੂ ਜੀ ਆਖਦੇ ਹਨ (ਕਿ ਜਿਸ ਮਨੁੱਖ ਨੇ ਗੁਰੂ ਦੇ ਉਪਦੇਸ਼ ਅਨੁਸਾਰ) ਇਕ ਪ੍ਰਭੂ ਨੂੰ ਧਿਆਇਆ ਹੈ।(ਉਸ ਨੂੰ) ਘਟ ਘਟ ਵਿਚ ਪ੍ਰਭੂ ਨਜਰ ਆਇਆ ਹੈ।੪।੨।੧੪੦।

ਪਦਾਰਥ = ਧਰ-ਆਸਰਾ; ਟਿਕਾ ਲੈ।ਤਰਬੇ-ਤਾਰਨ ਲਈ।ਨਾਮ ਨੋ-ਨਾਮ; ਨਾਮ ਨੂੰ।ਸੰਸਾ-ਭਰਮ; ਸ਼ੱਕ; ਸੰਦੇਹ।ਬੋਹਿਥੁ-ਜਹਾਜ।ਪਾਰ ਗਰਾਮਨੋ-ਪਾਰ ਕਰਨ ਵਾਲਾ; ਜਿਸਦਾ ਪਿੰਡ (ਟਿਕਾਣਾ) ਸੰਸਾਰ ਸਮੁੰਦਰ ਤੋਂ ਪਾਰਲੇ ਪਾਸੇ ਹੈ।੧।ਰਹਾਉ।ਕਲਿ-ਕਲਜੁਗ।ਅੰਧਿਆਰੀਆ-ਅਗਿਆਨ ਦਾ ਹਨ੍ਹੇਰਾ।ਉਜਿਆਰੀਆ-ਚਾਨਣ ਕਰਦਾ ਹੈ।੧।ਬਿਖੁ-ਜਹਿਰ।ਬਿਖਿਆ-ਵਿਸ਼ਿਆਂ ਦੀ; ਮਾਇਆ ਦੀ।ਪਸਰੀ-ਫੈਲੀ ਹੈ।ਅਤਿ ਘਨੀ-ਬਹੁਤ ਜਿਆਦਾ।ਉਬਰੇ-ਬਚ ਗਏ।ਗੁਨੀ-ਗੁਣਵਾਨ; ਗੁਣਾਂ ਨੂੰ।੨।ਮਤਵਾਰੋ-ਨਸ਼ੇ ਵਿਚ ਮਸਤ ਹੋਇਆ; ਸ਼ੁਦਾਈ।ਭੇਟਤ-ਮਿਲਦਿਆਂ।ਭਉ-ਡਰ।ਖੋਇਆ-ਦੂਰ ਕਰ ਦਿਤਾ।੩।ਏਕੁ-ਇਕ ਵਾਹਿਗੁਰੂ ਨੂੰ।ਘਟਿ ਘਟਿ-ਹਰੇਕ ਜੀਵ ਵਿਚ।ਨਦਰੀ-ਨਜਰ ਵਿਚ।੪।੨।੧੪੦।

ਗਉੜੀ ਮਹਲਾ ੫ ॥ ਦੀਬਾਨੁ ਹਮਾਰੋ ਤੁਹੀ ਏਕ ॥ ਸੇਵਾ ਥਾਰੀ ਗੁਰਹਿ ਟੇਕ ॥੧॥ਰਹਾਉ॥ (ਹੇ ਵਾਹਿਗੁਰੂ !) ਇਕ ਤੂੰ ਹੀ ਸਾਡਾ ਦਿਵਾਨ ਹੈਂ; ਇਕ ਤੂੰ ਹੀ ਸਾਡਾ ਆਸਰਾ ਹੈਂ।ਗੁਰੂ ਦੀ ਓਟ ਲੈ ਕੇ (ਮੈਂ) ਆਪ ਜੀ ਦੀ ਸੇਵਾ ਕਰਦਾ ਹਾਂ।੧।ਰਹਾਉ।

ਅਨਿਕ ਜੁਗਤਿ ਨਹੀ ਪਾਇਆ ॥ ਗੁਰਿ ਚਾਕਰ ਲੈ ਲਾਇਆ ॥੧॥ (ਹੇ ਪ੍ਰਭੂ ! ਤੂੰ) ਅਨੇਕ ਤਰੀਕਿਆਂ ਨਾਲ ਪ੍ਰਾਪਤ ਨਹੀਂ ਹੋ ਸਕਿਆ।ਗੁਰੂ ਨੇ (ਮੈਨੂੰ ਅਪਣਾ) ਚਾਕਰ ਲੈ (ਬਣਾ) ਕੇ ਤੇਰੀ ਸੇਵਾ ਵਿਚ ਲਗਾ ਦਿਤਾ (ਜਿਸ ਕਰਕੇ ਤੂੰ ਪ੍ਰਾਪਤ ਹੋ ਗਿਆ)।੧।

ਮਾਰੇ ਪੰਚ ਬਿਖਾਦੀਆ ॥ਗੁਰ ਕਿਰਪਾ ਤੇ ਦਲੁ ਸਾਧਿਆ ॥੨॥ (ਫਿਰ ਮੈਂ) ਪੰਜ ਕਾਮ ਆਦਿਕ ਝਗੜਾਲੂਆਂ ਨੂੰ ਮਾਰ ਦਿਤਾ।(ਇਨ੍ਹਾਂ ਪੰਜਾਂ ਦਾ) ਦਲ ਗੁਰੂ ਦੀ ਕਿਰਪਾ ਨਾਲ ਜਿੱਤ ਲਿਆ ਹੈ।੨।

ਬਖਸੀਸ ਵਜਹੁ ਮਿਲਿ ਏਕੁ ਨਾਮ ॥ ਸੂਖ ਸਹਜ ਆਨੰਦ ਬਿਸ੍ਰਾਮ ॥੩॥ ਬਖਸ਼ਿਸ਼ ਦੇ ਤੌਰ ਤੇ (ਜਦ ਮੈਨੂੰ ਤੇਰਾ) ਨਾਮ ਮਿਲਿਆ। (ਤਾਂ) ਅਸਲੀ ਸੁਖ ਤੇ ਅਨੰਦ ਦਾ ਟਿਕਾਣਾ ਪ੍ਰਾਪਤ ਹੋ ਗਿਆ; (ਤੇਰਾ) ਨਾਮ ਹੀ (ਮੈਨੂੰ) ਤਨਖਾਹ ਤੇ ਇਨਾਮ ਮਿਲਿਆ ਹੈ।(ਜਿਸ ਕਰਕੇ ਮੈਂ ਹੁਣ) ਅਟੱਲ ਸੁਖ ਦੇ ਅਨੰਦ ਵਿਚ ਬਿਸਰਾਮ ਕਰਦਾ ਹਾਂ (ਸੰ.ਸ.; ਫ.ਸ.)।੩।

ਪ੍ਰਭ ਕੇ ਚਾਕਰ ਸੇ ਭਲੇ ॥ ਨਾਨਕ ਤਿਨ ਮੁਖ ਊਜਲੇ ॥੪॥੩॥੧੪੧॥ (ਦੁਨਿਆਵੀ ਹਾਕਮਾਂ ਦੇ ਚਾਕਰ ਵੱਢੀਆਂ ਖਾਂਦੇ ਹਨ, ਜਿਸ ਕਰਕੇ ਦੋਹੀਂ ਜਹਾਨੀਂ ਉਨ੍ਹਾਂ ਦੇ ਮੂੰਹ ਕਾਲੇ ਹੁੰਦੇ ਹਨ।ਪਰ ਜਿਹੜੇ) ਪ੍ਰਭੂ ਦੇ ਸੇਵਕ ਬਣ ਜਾਂਦੇ ਹਨ, ਉਹ (ਪੁਰਖ ਸਭ ਤੋਂ) ਚੰਗੇ ਹਨ।ਗੁਰੂ ਜੀ ਆਖਦੇ ਹਨ, ਉਨ੍ਹਾਂ ਦੇ (ਇਸ ਲੋਕ ਤੇ ਪ੍ਰਲੋਕ ਵਿਚ) ਮੁਖ ਉਜਲ ਹੁੰਦੇ ਹਨ।੪।੩।੧੪੧।

ਪਦਾਰਥ = ਦੀਬਾਨੁ-ਹਾਕਮ; ਸੂਬੇ ਦਾ ਮਾਲ ਮੰਤ੍ਰੀ; ਪ੍ਰਬੰਧਕ; ਆਸਰਾ।ਥਾਰੀ-ਤੇਰੀ।ਗੁਰਹਿ-ਗੁਰੂ ਦੀ।੧।ਰਹਾਉ।ਜੁਗਤਿ-ਤਰੀਕੇ।ਚਾਕਰ-ਨੌਕਰ; ਸੇਵਕ।ਲੈ-ਲੈ (ਬਣਾ) ਕੇ।੧।ਪੰਚ-ਪੰਜ ਕਾਮ ਆਦਿਕ।ਬਿਖਾਦੀਆ-ਝਗੜਾ ਕਰਨ ਵਾਲੇ; ਦੁਖ ਦੇਣ ਵਾਲੇ ਵੈਰੀ।ਦਲੁ-ਫੌਜ।ਸਾਧਿਆ-ਜਿਤਿਆ; ਅਧੀਨ ਕੀਤਾ।੨।ਬਖਸੀਸ-ਇਨਾਮ; ਦਾਨ; ਮੇਹਰ।ਵਜਹੁ-ਦੇ ਤੌਰ ਤੇ; ਤਨਖਾਹ। ਸੂਖ ਸਹਜ-ਅਟੱਲ ਸੁਖ।ਬਿਸ੍ਰਾਮ-ਟਿਕਾਣਾ।੩।ਸੇ-ਉਹ।ਤਿਨ-ਉਨ੍ਹਾਂ ਦੇ।ਉਜਲੇ-ਚਮਕਦੇ ਹਨ; ਨਿਰਮਲ।੪।੩।੧੪੧।

ਦੀਬਾਨੁ = ਮੁਸਲਮਾਨਾਂ ਦੇ ਰਾਜ ਵਿਚ ਜਿਲ੍ਹੇ ਦੇ ਹਾਕਮ ਨੂੰ ਦੀਬਾਨ ਕਹਿੰਦੇ ਸਨ।ਜਿਲ੍ਹੇ ਦਾ ਪ੍ਰਬੰਧ ਚਲਾਉਣ ਵਾਸਤੇ ਉਹ ਲੋਕਾਂ ਨੂੰ ਨੌਕਰ ਰਖਦਾ ਸੀ।ਸਤਿਗੁਰੁ ਜੀ ਆਖਦੇ ਹਨ ਕਿ ਸਾਡਾ ਦੀਬਾਨ ਅਕਾਲ ਪੁਰਖ ਹੈ ਅਤੇ ਅਸੀਂ ਉਸਦੇ ਨੌਕਰ ਬਣਨਾ ਚਾਹੁੰਦਾ ਹਾਂ।ਪਰ ਅਪਣੀਆਂ ਜੁਗਤੀਆਂ ਕਰਕੇ ਸਫਲ ਨਾ ਹੋਏ, ਗੁਰੂ ਨੇ ਵਾਹਿਗੁਰੂ ਦੀ ਸੇਵਾ ਵਿਚ ਸਾਨੂੰ ਨੌਕਰ ਲਗਾ ਦਿਤਾ।

ਅੰਗ ੨੧੧ = ਗਉੜੀ ਮਹਲਾ ੫ ॥ ਜੀਅਰੇ ਓਲ੍ਹਾ ਨਾਮ ਕਾ। ਅਵਰੁ ਜਿ ਕਰਨ ਕਰਾਵਨੋ, ਤਿਨ ਮਹਿ ਭਉ ਹੈ ਜਾਮ ਕਾ ॥੧॥ ਰਹਾਉ॥ ਹੇ ਜੀਵ ! (ਪ੍ਰਮਾਤਮਾ ਦੇ) ਨਾਮ ਦਾ ਆਸਰਾ (ਲੋਕ ਪ੍ਰਲੋਕ ਵਿਚ ਸਹਾਇਤਾ ਕਰਨ ਵਾਲਾ) ਹੈ।(ਨਾਮ ਸਿਮਰਨ ਤੋਂ ਬਿਨਾ) ਹੋਰ ਜਿਤਨੇ ਵੀ ਕਰਮ ਕਰਨੇ ਤੇ (ਹੋਰਨਾਂ ਤੋਂ) ਕਰਾਉਣੇ ਹਨ, ਉਨ੍ਹਾਂ ਵਿਚ ਜਮਾਂ ਦਾ ਡਰ (ਬਣਿਆ ਰਹਿੰਦਾ) ਹੈ।੧।ਰਹਾਉ।

All Rights Reserved by Harjinder Singh Gyani | www.GuruGranthVakhyaan.org

ਅਵਰ ਜਤਨਿ ਨਹੀ ਪਾਈਐ ॥ ਵਡੈ ਭਾਗਿ ਹਰਿ ਧਿਆਈਐ ॥੧॥ (ਨਾਮ ਤੋਂ ਬਿਨਾਂ ਪ੍ਰਭੂ) ਹੋਰ ਕਿਸੇ ਜਤਨ ਨਾਲ ਪ੍ਰਾਪਤ ਨਹੀਂ ਹੁੰਦਾ। ਜੇ ਹਰੀ ਨੂੰ ਧਿਆਈਏ (ਤਾਂ ਪ੍ਰਾਪਤ ਹੁੰਦਾ ਹੈ, ਪਰ ਹਰੀ ਦਾ ਸਿਮਰਨ) ਵੱਡੇ ਭਾਗਾਂ ਨਾਲ ਹੀ ਹੁੰਦਾ ਹੈ।੧।

ਲਾਖ ਹਿਕਮਤੀ ਜਾਨੀਐ ॥ ਆਗੈ ਤਿਲੁ ਨਹੀਂ ਮਾਨੀਐ ॥੨॥ (ਭਾਵੇਂ) ਲੱਖਾਂ ਹੀ ਚਤਰਾਈਆਂ ਜਾਣਦੇ ਹੋਈਏ। (ਪਰ) ਅੱਗੇ ਰੱਬ ਦੇ ਹਜੂਰ (ਉਹ ਚਤਰਾਈਆਂ) ਜਰਾ ਭਰ ਵੀ ਨਹੀਂ ਮੰਨੀਆਂ ਜਾਂਦੀਆਂ (ਸ਼ਬਦਾਰਥ; ਫ.ਸ.; ਸੰ.ਸ.; ਸੰ.ਪੋ.); ਲੱਖਾਂ ਚਤਰਾਈਆਂ ਕਰਕੇ (ਜਗਤ ਵਿਚ) ਜਾਣੇ ਜਾਈਏ ਭਾਵ ਪ੍ਰਸਿੱਧ ਹੋ ਜਾਈਏ। ਪਰ ਅੱਗੇ ਪ੍ਰਲੋਕ ਵਿਚ ਰੱਤਾ ਜਿਤਨਾ ਵੀ ਆਦਰ ਨਹੀਂ ਮਿਲਦਾ।੨।

ਅਹੰਬੁਧਿ ਕਰਮ ਕਮਾਵਨੇ ॥ ਗ੍ਰਿਹ ਬਾਲੂ ਨੀਰਿ ਬਹਾਵਨੇ ॥੩॥ (ਜਿਹੜੇ) ਕਰਮ ਹਉਮੈ ਵਾਲੀ ਬੁੱਧੀ ਨਾਲ ਕੀਤੇ ਜਾਂਦੇ ਹਨ। (ਉਹ ਇਸ ਤਰ੍ਹਾਂ ਅਸਫਲ ਹਨ, ਜਿਵੇਂ) ਰੇਤ ਦੇ ਬਣੇ ਘਰ ਪਾਣੀ ਨਾਲ ਰੁੜ੍ਹ ਜਾਂਦੇ ਹਨ; (ਜਿਵੇਂ) ਵਹਿੰਦੇ ਪਾਣੀ ਵਿਚ ਰੇਤ ਦੇ ਘਰ (ਉਸਾਰਨੇ) ਹਨ (ਵਹਿੰਦੇ ਪਾਣੀ ਵਿਚ ਰੇਤ ਦਾ ਘਰ ਉਸਾਰਨਾ, ਅਸਫਲ ਜਤਨ ਹੈ)।੩।

ਪ੍ਰਭੁ ਕ੍ਰਿਪਾਲੁ ਕਿਰਪਾ ਕਰੈ ॥ ਨਾਮੁ ਨਾਨਕ ਸਾਧੂ ਸੰਗਿ ਮਿਲੈ ॥੪॥੪॥੧੪੨॥ (ਨਾਮ ਕਿਥੋਂ ਮਿਲਦਾ ਹੈ, ਜੇ) ਕਿਰਪਾ ਦਾ ਸੋਮਾ ਪ੍ਰਭੂ ਕ੍ਰਿਪਾ ਕਰ ਦੇਵੇ। ਗੁਰੂ ਜੀ ਕਥਨ ਕਰਦੇ ਹਨ, (ਤਾਂ) ਸਾਧੂਆਂ ਦੀ ਸੰਗਤ ਵਿਚੋਂ ਨਾਮ ਮਿਲਦਾ ਹੈ।੪।੪।੧੪੨।

ਪਦਾਰਥ = ਜੀਅਰੇ–ਹੇ ਜੀਵ!; ਹੇ ਮਨ!। ਓਲ੍ਹਾ–ਆਸਰਾ। ਅਵਰੁ–ਹੋਰ। ਜਿ–ਜਿਹੜਾ। ਤਿਨ ਮਹਿ–ਉਨ੍ਹਾਂ ਵਿਚ। ਜਾਮ ਕਾ–ਜਮ ਦਾ।੧। ਰਹਾਉ। ਲਾਖ–ਲੱਖਾਂ। ਹਿਕਮਤੀ–ਚਤਰਾਈਆਂ; ਸਿਆਣਪਾਂ। ਆਗੈ–ਅੱਗੇ (ਰੱਬ ਦੇ ਹਜੂਰ)। ਤਿਲੁ–ਥੋੜੀ ਜਿਹੀ। ਮਾਨੀਐ–ਮੰਨੀਆਂ ਜਾਂਦੀਆ; ਪ੍ਰਵਾਨ ਹੁੰਦੀਆਂ; ਆਦਰ ਮਿਲਦਾ।੨। ਅਹੰਬੁਧਿ–ਹਉਮੈ ਵਾਲੀ ਬੁੱਧੀ। ਗ੍ਰਿਹ–ਘਰ। ਬਾਲੂ–ਰੇਤ। ਨੀਰਿ–ਪਾਣੀ ਨਾਲ। ਬਹਾਵਨੇ–ਰੁੜ੍ਹ ਜਾਂਦੇ ਹਨ।੩। ਕ੍ਰਿਪਾਲੁ–ਕ੍ਰਿਪਾ ਕਰਨ ਵਾਲਾ; ਦਇਆ ਦਾ ਸੋਮਾ।੪।੪।੧੪੨।

ਗਉੜੀ ਮਹਲਾ ੫ ॥ ਬਾਰਨੈ ਬਲਿਹਾਰਨੈ ਲਖ ਬਰੀਆ ॥ ਨਾਮੋ ਹੋ ਨਾਮੁ ਸਾਹਿਬ ਕੋ, ਪ੍ਰਾਨ ਅਧਰੀਆ ॥੧॥ਰਹਾਉ॥ (ਹੇ ਪ੍ਰਭੂ! ਮੈਂ) ਲੱਖਾਂ ਵਾਰੀ (ਆਪ ਜੀ ਤੋਂ ਮਨ ਕਰਕੇ) ਬਲਹਾਰ ਜਾਂਦਾ ਹਾਂ ਤੇ (ਤਨ ਕਰਕੇ ਵੀ) ਬਲਹਾਰ ਜਾਂਦਾ ਹਾਂ। ਹੇ ਭਾਈ! (ਦੇਵੀ ਦੇਵਤਿਆਂ ਜਾਂ ਅਵਤਾਰਾਂ ਆਦਿ ਦੇ) ਨਾਮਾਂ ਵਿਚੋਂ ਮਾਲਕ ਵਾਹਿਗੁਰੂ ਦਾ ਨਾਮ ਹੀ (ਮੇਰੇ) ਪ੍ਰਾਣਾਂ ਦਾ ਆਸਰਾ ਹੈ।੧। ਰਹਾਉ।

ਕਰਨ ਕਰਾਵਨ ਤੁਹੀ ਏਕ ॥ ਜੀਅ ਜੰਤ ਕੀ ਤੁਹੀ ਟੇਕ ॥੧॥ (ਹੇ ਵਾਹਿਗੁਰੂ!) ਇਕ ਤੂੰ ਹੀ ਸਭ ਕੁਛ ਕਰਨ ਵਾਲਾ ਤੇ (ਜੀਵਾਂ ਤੋਂ) ਕਰਾਉਣ ਵਾਲਾ ਹੈ। (ਸਾਰੇ ਸੂਖਮ ਤੇ ਸਥੂਲ) ਜੀਵਾਂ ਜੰਤਾਂ ਦੀ ਤੂੰ ਹੀ ਟੇਕ ਹੈਂ।੧।

ਰਾਜ ਜੋਬਨ ਪ੍ਰਭ ਤੂੰ ਧਨੀ ॥ ਤੂੰ ਨਿਰਗੁਨ ਤੂੰ ਸਰਗੁਨੀ ॥੨॥ ਹੇ ਪ੍ਰਭੂ! ਤੂੰ ਹੀ ਰਾਜ ਤੇ ਜੁਆਨੀ ਦਾ ਮਾਲਕ ਹੈਂ (ਜੀਵਾਂ ਨੂੰ ਰਾਜ ਕਰਨ ਦੀ ਤਾਕਤ ਵੀ ਤੂੰ ਹੀ ਦੇਂਦਾ ਹੈਂ ਤੇ ਜੁਆਨੀ ਦੀ ਤਾਕਤ ਵੀ ਲੋਕ ਤੈਥੋਂ ਹੀ ਲੈਂਦੇ ਹਨ)। ਤੂੰ ਹੀ ਨਿਰਗੁਣ ਸਰੂਪ ਹੈਂ ਅਤੇ ਸਰਗੁਨ ਸਰੂਪ ਵੀ ਤੂੰ ਹੀ ਹੈ।੨। ਨਿਰਗੁਨੁ ਆਪਿ ਸਰਗੁਨੁ ਭੀ ਓਹੀ। (੨੮੭)

ਈਹਾ ਊਹਾ ਤੁਮ ਰਖੇ ॥ ਗੁਰ ਕਿਰਪਾ ਤੇ ਕੋ ਲਖੇ ॥੩॥ (ਹੇ ਪ੍ਰਭੂ! ਅਪਨੇ ਸੇਵਕਾਂ ਦੀ) ਇਸ ਲੋਕ ਵਿਚ ਤੇ ਉਸ ਲੋਕ (ਪ੍ਰਲੋਕ) ਵਿਚ ਤੂੰ ਹੀ ਰਖਿਆ ਕਰਦਾ ਹੈਂ। (ਪਰ ਇਸ ਭੇਤ ਨੂੰ) ਗੁਰੂ ਦੀ ਕ੍ਰਿਪਾ ਨਾਲ ਕੋਈ ਵਿਰਲਾ ਹੀ ਸਮਝਦਾ ਹੈ।੩।

ਅੰਤਰਜਾਮੀ ਪ੍ਰਭ ਸੁਜਾਨੁ ॥ ਨਾਨਕ ਤਕੀਆ ਤੁਹੀ ਤਾਣੁ ॥੪॥੫॥੧੪੩॥ ਹੇ ਪ੍ਰਭੂ! ਤੂੰ (ਸਭ ਦੇ) ਅੰਦਰ ਦੀਆਂ ਜਾਨਣ ਵਾਲਾ ਤੇ ਸਿਆਣਾ ਹੈਂ। ਨਾਨਕ (ਗੁਰੂ ਅਰਜਨ ਦੇਵ ਜੀ) ਦਾ ਆਸਰਾ ਅਤੇ ਬਲ ਤੂੰ ਹੀ ਹੈਂ।੪।੫।੧੪੩।

ਪਦਾਰਥ = ਬਾਰਨੈ–ਕੁਰਬਾਨ ਹਾਂ। ਬਲਿਹਾਰਨੈ–ਕੁਰਬਾਨ ਹਾਂ। ਬਰੀਆ–ਵਾਰੀ। ਹੋ–ਹੇ ਭਾਈ!। ਕੋ–ਦਾ। ਅਧਰੀਆ–ਆਸਰਾ।੧। ਰਹਾਉ। ਜੀਅ–(ਸਥੂਲ) ਜੀਵਾਂ ਦੀ। ਜੰਤ ਕੀ–(ਸੂਖਮ) ਜੀਵਾਂ ਦੀ। ਟੇਕ–ਆਸਰਾ।੧। ਰਾਜ–ਹਕੂਮਤ। ਜੋਬਨ–ਜਵਾਨੀ। ਧਨੀ–ਮਾਲਕ। ਨਿਰਗੁਨ–ਮਾਇਆ ਦੇ ਤਿੰਨ ਗੁਣਾਂ ਤੋਂ ਰਹਿਤ; ਅਦ੍ਰਿਸਟ। ਸਰਗੁਨ–ਜਗਤ ਜਿਸਦਾ ਰੂਪ ਹੈ; ਰਚਣਹਾਰ; ਮਾਇਆ ਦੇ ਤਿੰਨ ਗੁਣਾਂ ਵਾਲਾ, ਜੋ ਪਾਲਦਾ ਹੈ, ਰੱਖਿਆ ਕਰਦਾ ਹੈ।੨। ਈਹਾ–ਇਸ ਲੋਕ ਵਿਚ। ਊਹਾ–ਉਸ ਲੋਕ (ਪ੍ਰਲੋਕ) ਵਿਚ। ਤੇ–ਨਾਲ; ਤੋਂ। ਕੋ–ਕੋਈ ਵਿਰਲਾ। ਲਖੇ–ਸਮਝਦਾ ਹੈ।੩। ਸੁਜਾਨੁ–ਸਿਆਣਾ। ਤਕੀਆ–ਆਸਰਾ। ਤਾਣੁ–ਤਾਕਤ।੪।੫।੧੪੩।

ਗਉੜੀ ਮਹਲਾ ੫ ॥ ਹਰਿ ਹਰਿ ਹਰਿ ਆਰੀਧੀਐ ॥ ਸੰਤ ਸੰਗਿ ਹਰਿ ਮਨਿ ਵਸੈ, ਭਰਮੁ ਮੋਹੁ ਭਉ ਸਾਧੀਐ ॥੧॥ਰਹਾਉ॥ (ਹੇ ਭਾਈ!) ਹਰੀ ਦਾ ਹਰਿ ਹਰਿ ਨਾਮ ਅਰਾਧਣਾ ਚਾਹੀਦਾ ਹੈ। ਸੰਤਾਂ ਦੀ ਸੰਗਤ ਕਰਨ ਨਾਲ ਹਰੀ ਮਨ ਵਿਚ ਵਸਦਾ ਹੈ, (ਜਿਸ ਕਰਕੇ)

All Rights Reserved by Harjinder Singh Gyani | www.GuruGranthVakhyaan.org

ਭਰਮ, ਮੋਹ ਤੇ ਮੌਤ ਦਾ ਡਰ ਸਾਧ (ਜਿੱਤ) ਲਈਦਾ ਹੈ।੧।ਰਹਾਉ।

ਬੇਦ ਪੁਰਾਣ ਸਿਮ੍ਰਿਤਿ ਭਨੇ ॥ ਸਭ ਊਚ ਬਿਰਾਜਿਤ ਜਨ ਸੁਨੇ ॥੧॥ ਚਾਰੇ ਬੇਦ, ਅਠਾਰਾਂ ਪੁਰਾਣਾ ਤੇ ਸਿਮ੍ਰਤੀਆਂ ਸਾਰੇ ਆਖਦੇ ਹਨ।ਕਿ ਸੰਤ ਜਨ ਸਭ ਤੋਂ ਉਚੇ ਬਿਰਾਜਦੇ ਸੁਣੇ ਹਨ (ਇਹ ਗ੍ਰੰਥ ਕਹਿੰਦੇ ਹਨ, ਅਸੀਂ ਸੁਣੇ ਹਨ ਕਿ ਸੰਤ ਉਚੇ ਥਾਂ ਵਸਦੇ ਹਨ)।੧।

ਸਗਲ ਅਸਥਾਨ ਭੈ ਭੀਤ ਚੀਨ ॥ ਰਾਮ ਸੇਵਕ ਭੈ ਰਹਤ ਕੀਨ ॥੨॥ ਸਾਰੇ ਅਸਥਾਨ (ਇੰਦ੍ਰ, ਵਰਣ, ਕੁਬੇਰ ਤੇ ਬ੍ਰਹਮਾ ਆਦਿਕਾਂ ਦੇ ਟਿਕਾਣੇ) ਕਿਸੇ ਨਾ ਕਿਸੇ ਭੈ ਕਰਕੇ ਡਰੇ ਹੋਏ ਸਮਝ।ਕੇਵਲ ਵਾਹਿਗੁਰੂ ਦੇ ਸੇਵਕ ਡਰ ਤੋਂ ਰਹਿਤ ਕੀਤੇ ਹਨ।੨।

ਲਖ ਚਉਰਾਸੀਹ ਜੋਨਿ ਫਿਰਹਿ ॥ ਗੋਬਿੰਦ ਲੋਕ ਨਹੀ ਜਨਮਿ ਮਰਹਿ ॥੩॥ ਸਾਰੀ ਦੁਨੀਆਂ ਚੁਰਾਸੀ ਲੱਖ ਜੋਨੀਆਂ ਵਿਚ (ਭਟਕਦੀ) ਫਿਰਦੀ ਹੈ।(ਪਰ) ਰੱਬ ਦੇ ਭਗਤ ਲੋਕ ਜਨਮ ਮਰਣ ਵਿਚ ਨਹੀਂ ਆਉਂਦੇ।੩।

ਬਲ ਬੁਧਿ ਸਿਆਨਪ ਹਉਮੈ ਰਹੀ ॥ ਹਰਿ ਸਾਧ ਸਰਣਿ ਨਾਨਕ ਗਹੀ ॥੪॥੬॥੧੪੪॥ ਗੁਰੂ ਜੀ ਆਖਦੇ ਹਨ (ਕਿ ਰੱਬ ਦੇ ਭਗਤਾਂ ਦਾ) ਵਿਸ਼ਿਆਂ ਵਿਚ ਲਾਉਣ ਵਾਲਾ ਬਲ ਤੇ ਬੁੱਧੀ, ਦੁਨੀਆਂ ਵਿਚ ਭੇਦ ਪਾਉਣ ਵਾਲੀ ਸਿਆਣਪ ਤੇ ਹਉਮੈ ਖਤਮ ਹੋ ਗਈ।(ਕਿਉਂਕਿ ਉਨ੍ਹਾਂ ਨੇ) ਹਰੀ ਦੇ ਸੰਤਾਂ ਦੀ ਸ਼ਰਣ ਪਕੜੀ ਹੈ।੪।੬।੧੪੪।

ਪਦਾਰਥ = ਹਰਿ ਹਰਿ ਹਰਿ-ਹਰੀ ਦਾ ਹਰਿ ਹਰਿ ਨਾਮ; ਮਨ, ਤਨ ਤੇ ਬਾਣੀ ਕਰਕੇ ਹਰੀ ਦਾ ਨਾਮ ਸਿਮਰੀਏ।ਸਾਧੀਐ-ਜਿੱਤ ਲਈਦਾ ਹੈ।੧।ਰਹਾਉ।ਭਨੇ-ਆਖਦੇ ਹਨ।ਸਭ ਊਚ-ਸਭ (ਬ੍ਰਹਮਾਂ ਆਦਿਕਾਂ) ਤੋਂ ਉਚੇ।ਬਿਰਾਜਿਤ-ਵਸਦੇ ਹਨ; ਸੋਭਾ ਪਾਉਂਦੇ ਹਨ।ਜਨ-ਸੰਤ ਜਨ।ਸੁਨੇ-ਸੁਣੇ ਹਨ।੧।ਸਗਲ-ਸਾਰੇ।ਅਸਥਾਨ-ਦੇਵਤਿਆਂ ਦੀਆਂ ਪੁਰੀਆਂ।ਭੈ ਭੀਤ-ਡਰ ਨਾਲ ਡਰੇ ਹੋਏ। ਚੀਨ-ਜਾਣ (ਸਮਝ) ਲੈ।ਕੀਨ-ਕੀਤੇ ਹਨ।੨।ਫਿਰਹਿ-ਭਟਕਦੇ ਫਿਰਦੇ ਹਨ।ਗੋਬਿੰਦ ਲੋਕ-ਰੱਬ ਦੇ ਭਗਤ ਲੋਕ।੩।ਬਲ-ਤਾਕਤ।ਰਹੀ-ਖਤਮ ਹੋ ਗਈ।ਗਹੀ-ਪਕੜੀ; ਗ੍ਰਹਿਣ ਕੀਤੀ ਹੈ।੪।੬।੧੪੪।

ਗਉੜੀ ਮਹਲਾ ੫ ॥ ਮਨ ਰਾਮ ਨਾਮ ਗੁਨ ਗਾਈਐ ॥ ਨੀਤ ਨੀਤ ਹਰਿ ਸੇਵੀਐ, ਸਾਸਿ ਸਾਸਿ ਹਰਿ ਧਿਆਈਐ ॥੧॥ਰਹਾਉ॥ ਹੇ ਮਨ! ਵਾਹਿਗੁਰੂ ਦਾ ਜਪਣਾ ਚਾਹੀਦਾ ਹੈ ਤੇ ਉਸਦੇ ਗੁਣ ਗਾਉਣੇ ਚਾਹੀਦੇ ਹਨ।ਨਿੱਤ ਨਿੱਤ (ਹਰ ਰੋਜ) ਹਰੀ ਦੀ ਸੇਵਾ ਕਰਨੀ ਚਾਹੀਦੀ ਹੈ ਅਤੇ ਸੁਆਸ ਸੁਆਸ ਹਰੀ ਨੂੰ ਧਿਆਉਣਾ ਚਾਹੀਦਾ ਹੈ।੧।ਰਹਾਉ।

ਸੰਤ ਸੰਗਿ ਹਰਿ ਮਨਿ ਵਸੈ ॥ ਦੁਖੁ ਦਰਦੁ ਅਨੇਰਾ ਭ੍ਰਮੁ ਨਸੈ ॥੧॥ ਸੰਤਾਂ ਦੀ ਸੰਗਤ ਕਰਨ ਨਾਲ ਹਰੀ ਮਨ ਵਿਚ ਵਸਦਾ ਹੈ।(ਜਿਸ ਕਰਕੇ) ਦੁਖ, ਦਰਦ, (ਅਗਿਆਨਤਾ ਦਾ) ਹਨ੍ਹੇਰਾ ਤੇ ਭਰਮ ਆਦਿ ਦੂਰ ਹੋ ਜਾਂਦੇ ਹਨ।੧।

ਸੰਤ ਪ੍ਰਸਾਦਿ ਹਰਿ ਜਾਪੀਐ ॥ ਸੋ ਜਨੁ ਦੂਖਿ ਨ ਵਿਆਪੀਐ ॥੨॥ (ਜੇ) ਸੰਤ ਗੁਰੂ ਦੀ ਕਿਰਪਾ ਨਾਲ ਹਰੀ ਦਾ ਜਪ ਕਰੀਏ।ਉਹ (ਜਪ ਕਰਨ ਵਾਲਾ) ਪੁਰਖ ਦੁਖ ਵਿਚ ਨਹੀਂ ਪੈਂਦਾ (ਉਸ ਨੂੰ ਕੋਈ ਦੁਖ ਨਹੀਂ ਵਿਆਪਦਾ)।੨।

ਜਾ ਕਉ ਗੁਰੁ ਹਰਿ ਮੰਤ੍ਰੁ ਦੇ ॥ ਸੋ ਉਬਰਿਆ ਮਾਇਆ ਅਗਨਿ ਤੇ ॥੩॥ ਜਿਸ (ਸੇਵਕ) ਨੂੰ ਗੁਰੂ ਹਰਿ ਨਾਮ ਮੰਤ੍ਰ ਦੇ ਦੇਂਦਾ ਹੈ। (ਸਮਝੋ) ਉਹ ਮਾਇਆ ਦੀ ਅਗਨੀ ਤੋਂ ਬਚ ਗਿਆ।੩।

ਨਾਨਕ ਕਉ ਪ੍ਰਭ ਮਇਆ ਕਰਿ ॥ ਮੇਰੈ ਮਨਿ ਤਨਿ ਵਾਸੈ ਨਾਮੁ ਹਰਿ ॥੪॥੭॥੧੪੫॥ ਹੇ ਪ੍ਰਭੂ! (ਮੈਂ) ਨਾਨਕ ਉਤੇ ਦਇਆ ਕਰ।(ਤਾਂ ਜੋ) ਮੇਰੇ ਮਨ ਤੇ ਤਨ ਵਿਚ (ਤੇਰਾ) ਹਰਿ ਹਰਿ ਨਾਮ ਵਸ ਜਾਵੇ।੪।੭।੧੪੫।

ਪਦਾਰਥ = ਮਨ-ਹੇ ਮਨ!।ਨੀਤ ਨੀਤ-ਸਦਾ; ਹਰ ਸਮੇਂ।ਸੇਵੀਐ-ਸੇਵਾ ਭਗਤੀ ਕਰੀਏ।੧।ਰਹਾਉ।ਦੁਖੁ-ਸਰੀਰਕ ਰੋਗ ਤੇ ਜਨਮ ਮਰਨ ਦਾ ਕਸ਼ਟ।ਦਰਦੁ-ਮਾਨਸਕ ਪੀੜਾ।ਭਰਮ-ਹੋਰ ਦਾ ਹੋਰ ਸਮਝ ਲੈਣਾ।ਅਨੇਰਾ-ਹਨ੍ਹੇਰਾ।ਨਸੈ-ਨੱਸ ਜਾਂਦਾ ਹੈ।੧। ਪ੍ਰਸਾਦਿ-ਕਿਰਪਾ ਨਾਲ।ਸੋ-ਉਹ।ਜਨੁ-ਪੁਰਖ।ਨ ਵਿਆਪੀਐ-ਨਹੀ ਪੈਂਦਾ; ਨਹੀਂ ਲਗਦਾ।੨।ਜਾ ਕਉ-ਜਿਸ ਨੂੰ।ਦੇ-ਦੇਂਦਾ ਹੈ। ਸੋ-ਉਹ।ਉਬਰਿਆ-ਬਚ ਗਿਆ।ਤੇ-ਤੋਂ।੩।ਮਇਆ-ਦਇਆ।ਵਾਸੈ-ਵਸ ਜਾਵੇ।੪।੭।੧੪੫।

ਗਉੜੀ ਮਹਲਾ ੫ ॥ ਰਸਨਾ ਜਪੀਐ ਏਕੁ ਨਾਮ ॥ ਈਹਾ ਸੁਖੁ ਆਨੰਦੁ ਘਨਾ, ਆਗੈ ਜੀਅ ਕੈ ਸੰਗਿ ਕਾਮ ॥੧॥ਰਹਾਉ॥ (ਹੇ ਭਾਈ!) ਜੀਭ ਨਾਲ ਵਾਹਿਗੁਰੂ ਦਾ ਇਕ ਨਾਮ ਜਪਣਾ ਚਾਹੀਦਾ ਹੈ।(ਨਾਮ ਜਪਣ ਨਾਲ) ਇਥੇ ਇਸ ਲੋਕ ਵਿਚ ਬਹੁਤ ਸੁਖ ਤੇ ਆਤਮਕ ਅਨੰਦ ਮਿਲਦਾ ਹੈ ਅਤੇ ਅੱਗੇ ਪ੍ਰਲੋਕ ਵਿਚ ਵੀ ਜੀਵਾਤਮਾ ਦੇ ਨਾਲ ਕੰਮ ਆਉਂਦਾ ਹੈ।੧।ਰਹਾਉ।

All Rights Reserved by Harjinder Singh Gyani | www.GuruGranthVakhyaan.org

ਕਟੀਐ ਤੇਰਾ ਅਹੰ ਰੋਗੁ ॥ ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ ॥੧॥ (ਹੇ ਭਾਈ! ਨਾਮ ਸਿਮਰਨ ਦਾ ਸਦਕਾ) ਤੇਰਾ ਹਉਮੈ ਦਾ ਰੋਗ ਕੱਟਿਆ ਜਾਵੇਗਾ। (ਨਾਮ ਜਪ ਕੇ) ਗੁਰੂ ਦੀ ਕਿਰਪਾ ਨਾਲ ਤੂੰ ਰਾਜ ਤੇ ਜੋਗ (ਦੋਵੇਂ) ਕਰਦਾ ਰਹੇਂਗਾ।੧।

ਹਰਿ ਰਸੁ ਜਿਨਿ ਜਨਿ ਚਾਖਿਆ ॥ ਤਾ ਕੀ ਤ੍ਰਿਸਨਾ ਲਾਥੀਆ ॥੨॥ (ਹੇ ਭਾਈ!) ਜਿਸ ਪੁਰਖ ਨੇ ਹਰਿ ਨਾਮ ਰਸ ਚੱਖਿਆ ਹੈ। ਉਸ ਦੀ (ਮਾਇਕ ਪਦਾਰਥਾਂ ਦੀ) ਤ੍ਰਿਸ਼ਨਾ ਦੂਰ ਹੋ ਗਈ ਹੈ।੨।

ਹਰਿ ਬਿਸ੍ਰਾਮ ਨਿਧਿ ਪਾਇਆ ॥ ਸੋ ਬਹੁਰਿ ਨ ਕਤਹੀ ਧਾਇਆ ॥੩॥ (ਜਿਸ ਪੁਰਖ ਨੇ) ਸੁੱਖ ਅਰਾਮ ਦੇਣ ਵਾਲੇ ਭੰਡਾਰ ਵਾਹਿਗੁਰੂ ਨੂੰ ਪਾ ਲਿਆ ਹੈ। ਉਹ ਮੁੜ ਕੇ ਕਿਧਰੇ (ਜਨਮ ਮਰਣ ਦੇ ਗੇੜ ਵਿਚ) ਭਟਕਦਾ ਨਹੀਂ ਫਿਰਦਾ।੩।

ਹਰਿ ਹਰਿ ਨਾਮੁ ਜਾ ਕਉ ਗੁਰਿ ਦੀਆ ॥ ਨਾਨਕ ਤਾ ਕਾ ਭਉ ਗਇਆ ॥੪॥੮॥੧੪੬॥ ਜਿਸ ਪੁਰਖ ਨੂੰ ਗੁਰੂ ਨੇ ਹਰਿ ਹਰਿ ਨਾਮ ਬਖਸ਼ ਦਿਤਾ ਹੈ। ਹੇ ਨਾਨਕ! ਉਸ ਦਾ (ਹਰੇਕ ਕਿਸਮ ਦਾ) ਡਰ ਦੂਰ ਹੋ ਗਿਆ ਹੈ।੪।੮।੧੪੬।

ਪਦਾਰਥ = ਰਸਨਾ–ਜੀਭ ਨਾਲ। ਏਕੁ ਨਾਮ–ਕੇਵਲ ਹਰੀ ਦਾ ਇਕ ਨਾਮ। ਈਹਾ–ਇਸ ਲੋਕ ਵਿਚ। ਘਨਾ–ਬਹੁਤ। ਆਗੈ–ਅੱਗੇ ਪ੍ਰਲੋਕ ਵਿਚ। ਜੀਅ ਕੈ–ਜੀਵਾਤਮਾ ਦੇ। ਕਾਮ–ਕੰਮ।੧। ਰਹਾਉ। ਅਹੰ ਰੋਗੁ–ਹਉਮੈ ਦਾ ਰੋਗ।੧। ਜਿਨਿ ਜਨਿ–ਜਿਸ ਪੁਰਖ ਨੇ। ਤਾ ਕੀ–ਉਸ ਦੀ। ਲਾਥੀਆ–ਮਿਟ ਗਈ ਹੈ।੨। ਬਹਰਿ–ਮੁੜ; ਦੁਬਾਰਾ। ਕਤਹੀ–ਕਿਸੇ ਹੋਰ ਪਾਸੇ। ਨ ਧਾਇਆ–ਨਹੀਂ ਭਟਕਦਾ। ੩। ਜਾ ਕਉ–ਜਿਸ ਨੂੰ। ਗੁਰਿ–ਗੁਰੂ ਨੇ। ਤਾ ਕਾ–ਉਸ ਦਾ। ਭਉ–ਡਰ।੪।੮।੧੪੬।

ਰਾਜ ਜੋਗੁ = ਰਾਜ ਕਰਦੇ ਹੋਏ ਮਨ ਨੂੰ ਰੱਬ ਨਾਲ ਜੋੜੀ ਰਖਣਾ; ਗ੍ਰਿਸਤ ਵਿਚ ਨਿਰਲੇਪ (ਪਰਵਾਰ ਵਿਚ ਰਹਿੰਦਿਆਂ ਮਨ ਨੂੰ ਵਾਸ਼ਨਾਂ ਤੋਂ ਰੋਕੀ ਰੱਖਣਾ); ਜੋਗ ਮੱਤ ਵਿਚ ਮਨ ਦੀਆਂ ਬਿਰਤੀਆਂ ਦਾ ਨਿਰਵਿਕਲਪ ਹੋਣਾ ਰਾਜ ਜੋਗ ਹੈ।

ਬਿਸ੍ਰਾਮ ਨਿਧਿ = ਭਟਕਣਾ ਤੋਂ ਰਹਿਤ ਅਸਲ ਟਿਕਾਣਾ ਜੋ ਸੁਖ ਅਰਾਮ ਦੇਣ ਵਾਲਾ ਹੈ ਭੰਡਾਰ ਹੈ; ਸ਼ਾਂਤਿ ਪਦ; ਪਰਮ ਪਦ।

www.gurugranthvakhyaan.org